# ਚਿਰਾਗ

ਅਕਤੂਬਰ-ਦਸੰਬਰ 2003

**October -December 2003**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : 15 ਰੁਪਏ -46- ਅਕਤੂਬਰ-ਦਸੰਬਰ 2003

ਵਾਹ ਪ੍ਰੀਤ ਬੱਲੇ ਪ੍ਰੀਤ

ਤੁਹਾਡੇ ਭਰੋਸੇ ਦਾ ਨਾਂ

ਸਪੈਸ਼ਿਲ

ਅਮਰ ਪ੍ਰੀਤ
ਸੰਤੁਲਿਤ ਫੀਡ

ਅਤੇ ਖਲ ਬਿਨੌਲਾ ਸਦਾ ਵਰਤੋ

ਸਟਾਕਿਸਟ

ਪ੍ਰੀਤ ਫੀਡ ਸੇਲਜ਼, ਤਰਨਤਾਰਨ

ਫੋਨ (O) 01852-222927
(R) 98140-75265
(Fax) 225327

*ਸੰਪਾਦਕੀ ਟਿਪਣੀਆਂ*

## 1. ਰੀਵੀਊਕਾਰੀ ਦੀਆਂ ਔਕੜਾਂ

ਚਿਰਾਗ਼ ਦੇ ਸੰਪਾਦਕੀ-ਮੰਡਲ ਕੋਲ਼, ਹਰ ਤਿਮਾਹੀ 25 ਤੋਂ 30 ਤੀਕ ਪੁਸਤਕਾਂ ਛਪ ਕੇ ਰੀਵੀਊ ਲਈ ਆਉਂਦੀਆਂ ਹਨ। ਇੰਝ ਸਾਲ ਵਿਚ ਸਾਡੇ ਕੋਲ 100 ਤੋਂ 120 ਤੀਕ ਪੁਸਤਕਾਂ ਡਾਕ ਰਾਹੀਂ ਰੀਵੀਊ ਲਈ ਆਉਂਦੀਆਂ ਹਨ। ਅਸੀਂ ਇਹਨਾਂ ਵਿਚੋਂ ਹਰ ਅੰਕ ਵਿਚ ਪੰਜ ਜਾਂ ਛੇ ਪੁਸਤਕਾਂ ਦਾ ਰੀਵੀਊ ਕਰਦੇ ਤੇ ਛਾਪਦੇ ਹਾਂ। ਸਾਰੀਆਂ ਆਈਆਂ ਪੁਸਤਕਾਂ ਦਾ ਰੀਵੀਊ ਕਰਨਾ ਸੰਭਵ ਨਹੀਂ ਹੁੰਦਾ। ਕਈ ਪੁਸਤਕਾਂ ਨਵੇਂ ਲੇਖਕਾਂ ਦੀਆਂ ਹੋਣ ਕਾਰਨ ਸਿਖਾਂਦਰੂ ਪੜਾਅ ਦੀਆਂ ਹੁੰਦੀਆਂ ਹਨ ਤੇ ਅਜੇ ਨੋਟਿਸ ਲੈਣ ਦੇ ਕਾਬਿਲ ਵੀ ਨਹੀਂ ਹੁੰਦੀਆਂ ਪਰ ਨਵੇਂ ਲੇਖਕਾਂ ਦੀਆਂ ਕਈ ਅਜਿਹੀਆਂ ਪੁਸਤਕਾਂ ਹੁੰਦੀਆਂ ਹਨ ਜਿਹਨਾਂ ਵਿਚ ਸੱਚ-ਮੁੱਚ ਕੁਝ ਰੜਕ ਹੁੰਦੀ ਹੈ ਜਾਂ ਵਿਕਾਸ ਕਰ ਕੇ, ਚੰਗੇਰੇ ਲੇਖਕ ਬਣਨ ਦੀ ਭਾਰੀ ਸੰਭਾਵਨਾ ਹੁੰਦੀ ਹੈ। ਜੇ ਅਜੇਹੇ ਲੇਖਕਾਂ ਦੀਆਂ ਪੁਸਤਕਾਂ ਬਾਰੇ ਕੁਝ ਸਾਰਥਕ ਤੇ ਸੁਝਾਊ ਰਾਏ ਦਿੱਤੀ ਜਾ ਸਕੇ, ਤਾਂ ਨਵੇਂ ਲੇਖਕਾਂ ਨੂੰ ਕਾਫ਼ੀ ਉਤਸ਼ਾਹ ਤੇ ਪ੍ਰੇਰਨਾ ਮਿਲ ਸਕਦੀ ਹੈ। ਪਰ ਬਦਕਿਸਮਤੀ ਇਹ ਹੈ ਕਿ ਸਾਡੇ ਕੋਲ ਚੰਗੇ ਰੀਵੀਊਕਾਰਾਂ ਦੀ ਵੱਡੀ ਘਾਟ ਹੈ। ਇਸ ਲਈ ਕਈ ਵਾਰ ਰੀਵੀਊ ਲਈ ਆਈਆਂ ਚੰਗੀਆਂ ਪੁਸਤਕਾਂ ਵੀ ਅਣਗੌਲੀਆਂ ਰਹਿ ਜਾਂਦੀਆਂ ਹਨ ਤੇ ਨਵੇਂ ਲੇਖਕ ਉਤਸ਼ਾਹ ਹੀਣ ਹੋ ਜਾਂਦੇ ਹਨ। ਅਸਲ ਵਿਚ ਪੰਜਾਬੀ ਵਿਚ ਰੀਵੀਊਕਾਰੀ ਦਾ ਵੱਖਰਾ ਪਰਚਾ ਜਾਰੀ ਕਰਨ ਦੀ ਸਟੇਜ ਆ ਚੁੱਕੀ ਹੈ। ਹੋਰਨਾਂ ਕਈ ਭਾਸ਼ਾਵਾਂ ਵਿਚ ਨਿਰੋਲ ਰੀਵੀਊ ਦੇ ਪਰਚੇ ਨਿਕਲ ਰਹੇ ਹਨ। ਇਹ ਗੱਲ ਵੀ ਸਪੱਸ਼ਟ ਹੈ ਕਿ ਰੀਵੀਊਕਾਰੀ ਰੁੱਖਾ ਤੇ ਔਖਾ ਕਾਰਜ ਹੈ। ਇਸ ਵਿਚ ਵੀ ਆਮ ਕਰਕੇ ਲਿਹਾਜ਼ਦਾਰੀ ਤੋਂ ਕੰਮ ਲਿਆ ਜਾਂਦਾ ਹੈ। ਪਹੁੰਚ ਤੇ ਰਸੂਖ ਵਾਲੇ ਲੇਖਕ ਆਪਣੀਆਂ ਨਵੀਆਂ ਛਪੀਆਂ ਪੁਸਤਕਾਂ ਦੇ ਰੀਵੀਊ ਸਥਾਪਤ ਤੇ ਵੱਡੇ ਲੇਖਕਾਂ ਆਲੋਚਕਾਂ ਕੋਲੋਂ ਕਰਵਾ ਕੇ ਛਪਵਾ ਲੈਂਦੇ ਹਨ। ਨਵੇਂ ਲੇਖਕਾਂ ਕੋਲ ਅਜਿਹੇ ਵਸੀਲੇ, ਸਾਧਨ ਤੇ ਸੰਪਰਕ ਨਹੀਂ ਹੁੰਦੇ ਕਿ ਉਹ ਆਪਣੀਆਂ ਪੁਸਤਕਾਂ ਦੇ ਸਹੀ ਤੇ ਸੰਤੁਲਤ ਰੀਵੀਊ ਕਰਵਾ ਤੇ ਛਪਵਾ ਸਕਣ।

ਇਹ ਗੱਲ ਵੀ ਸਪੱਸ਼ਟ ਹੈ ਕਿ ਅਸੀਂ ਰੀਵੀਊ ਲਈ ਆਈਆਂ ਸਾਰੀਆਂ ਚੰਗੀਆਂ-ਮਾੜੀਆਂ ਪੁਸਤਕਾਂ ਦੇ ਰੀਵੀਊ ਨਹੀਂ ਕਰਵਾ ਸਕਦੇ। ਨਤੀਜੇ ਵਜੋਂ ਨਵੇਂ ਲੇਖਕ ਆਪਣੀਆਂ ਪੁਸਤਕਾਂ ਦੇ ਰੀਵੀਊ ਮਿੱਤਰਾਂ-ਯਾਰਾਂ ਤੋਂ ਕਰਵਾ ਕੇ ਭੇਜ ਦਿੰਦੇ ਹਨ। ਸਾਡੀ ਰਾਏ ਅਨੁਸਾਰ ਅਜਿਹੇ ਰੀਵੀਊ ਪ੍ਰਸੰਸਾਮਈ ਅਤੇ ਤਾਰੀਫ਼ੀ ਸੁਰ ਵਾਲੇ ਹੁੰਦੇ ਹਨ। ਅਜਿਹੇ ਰੀਵੀਊ ਛਾਪਣ ਦਾ ਕੋਈ ਮਹੱਤਵ ਨਹੀਂ ਹੁੰਦਾ। ਅਸੀਂ ਅਜਿਹੇ ਸ਼ਿਫਾਰਿਸ਼ੀ ਰੀਵੀਊ ਛਾਪਣ ਤੋਂ ਸੰਕੋਚ ਕਰਦੇ ਹਾਂ। ਨਾ ਹੀ ਅਸੀਂ ਰੀਵੀਊ ਬਹਾਨੇ ਸੁਰਜੀਤ ਹਾਂਸ ਵਾਂਗ ਲੇਖਕਾਂ ਦਾ ਮਖੌਲ ਉਡਾਉਣਾ ਜਾਂ ਬਦਲਾ ਖੋਰੀ ਅਧੀਨ ਕਿਸੇ ਦੀ ਨਿੰਦਿਆ ਕਰਨੀ ਚਾਹੁੰਦੇ ਹਾਂ। ਸਾਡੇ ਕੋਲ ਰੀਵੀਊਕਾਰਾਂ ਦੀ ਕੋਈ ਵੱਡੀ ਟੀਮ ਵੀ ਨਹੀਂ। ਕਹਾਣੀ ਤੇ ਨਾਵਲ ਦਾ ਰੀਵੀਊ ਸ਼ੁਰੂ ਤੋਂ ਹੀ ਸ੍ਰੀ ਸੁਰਜੀਤ ਗਿੱਲ ਕਰਦੇ ਆਏ ਹਨ ਤੇ ਅਸੀਂ ਲੇਖਕ-ਦੋਸਤਾਂ ਨੂੰ ਕਹਿ ਦਿੰਦੇ ਹਾਂ ਕਿ ਉਹ ਇਕ ਕਾਪੀ, ਸੂਚਨਾ ਹਿੱਤ ਸਾਨੂੰ ਭੇਜ ਦੇਣ ਤੇ ਦੂਸਰੀ ਕਾਪੀ ਰੀਵੀਊ ਲਈ ਗਿੱਲ ਹੁਰਾਂ ਨੂੰ ਭੇਜ ਦੇਣ। ਇੰਝ ਹੀ ਗ਼ਜ਼ਲਾਂ ਦੇ ਸੰਗ੍ਰਹਿ ਅਸੀ ਸ੍ਰੀ ਸੁਲੱਖਣ ਸਰਹੱਦੀ ਹੋਰਾਂ ਨੂੰ ਭੇਜ ਜਾਂ ਭਿਜਵਾ ਦਿੰਦੇ ਹਾਂ। ਇਹਨਾਂ ਦੋਹਾਂ ਦੋਸਤਾਂ ਨੇ ਇਸ ਕਾਰਜ ਨੂੰ ਬੜੀ ਸੰਜੀਦਗੀ ਨਾਲ ਨਿਭਾਇਆ ਹੈ, ਪਰ ਫਿਰ ਵੀ ਇਹ ਪ੍ਰਸ਼ਨ ਖਲੋਤਾ ਹੈ ਕਿ ਸਾਰੀਆਂ ਪ੍ਰਾਪਤ ਪੁਸਤਕਾਂ ਦੇ ਰੀਵੀਊ ਕਰਨੇ ਜਾਂ ਕਰਵਾਉਣੇ ਸੰਭਵ ਨਹੀਂ। ਸਾਡੇ ਤਜਰਬੇ ਵਿਚ ਇਹ ਗੱਲ ਵੀ ਆਈ ਹੈ ਕਿ ਵੱਡੇ ਤੇ ਸਥਾਪਤ ਆਲੋਚਕ ਰੀਵੀਊ ਕਰਨ ਲਈ ਸਮਾਂ ਨਹੀਂ ਕੱਢਦੇ। ਪੁਸਤਕਾਂ ਉਹਨਾਂ ਨੂੰ ਭੇਜੀਆਂ ਜਾਂਦੀਆਂ ਹਨ, ਪਰ ਨਾ ਤਾਂ ਰੀਵੀਊ ਵਾਪਸ ਆਉਂਦਾ ਹੈ ਤੇ ਨਾ ਹੀ ਪੁਸਤਕਾਂ। ਸਾਡੇ ਲਈ ਇਹ ਬੜੀ ਮੁਸ਼ਕਿਲ ਸਥਿਤੀ ਬਣ ਜਾਂਦੀ ਹੈ। ਲੇਖਕ ਨਾਰਾਜ਼ ਹੁੰਦੇ ਹਨ ਕਿ ਉਹਨਾਂ ਨੇ ਦੋ ਕਾਪੀਆਂ ਡਾਕ-ਖਰਚ ਲਾ ਕੇ ਭੇਜੀਆਂ ਹੁੰਦੀਆਂ ਹਨ ਪਰ ਉਹਨਾਂ ਬਾਰੇ ਚਾਰ ਸਤਰਾਂ ਵੀ ਨਹੀਂ ਲਿਖੀਆਂ ਜਾਂਦੀਆਂ। ਅਸੀਂ ਬਹੁਤੀਆਂ ਪੁਸਤਕਾਂ ਦੇ ਸੰਖੇਪ ਰੀਵੀਊ ਕਰਨ ਦੀ ਯੋਜਨਾ ਵੀ ਚਾਲੂ ਕੀਤੀ ਸੀ, ਪਰ ਇਹ ਵੀ ਜਾਰੀ ਨਹੀਂ ਰੱਖੀ ਜਾ ਸਕੀ। ਫੇਰ ਵੀ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਨੋਟਿਸ ਲੈਣ ਦੇ ਕਾਬਿਲ ਕੁਝ ਚੰਗੀਆਂ ਪੁਸਤਕਾਂ ਦੇ ਰੀਵੀਊ ਅਵੱਸ਼ ਛਪਣ। ਰੀਵੀਊਕਾਰ ਦੀ ਮੁੱਖ-ਸਮੱਸਿਆ ਭੂਮਿਕਾ-ਲੇਖਨ ਨਾਲੋਂ ਵੱਖਰੀ ਭਾਂਤ ਦੀ ਹੁੰਦੀ ਹੈ। ਭੂਮਿਕਾ ਲੇਖਕ ਨੇ ਨਵੇਂ ਲੇਖਕ ਨੂੰ ਥਾਪੀ ਜਾਂ ਹੱਲਾਸ਼ੇਰੀ ਦੇਣੀ ਹੁੰਦੀ ਹੈ ਜਦ ਕਿ ਰੀਵੀਊਕਾਰ ਨੇ ਪਾਠਕਾਂ ਨੂੰ

ਨਵੀਂ ਛਪੀ ਪੁਸਤਕ ਬਾਰੇ ਆਲੋਚਨਾਤਮਕ ਟਿੱਪਣੀ ਰਾਹੀਂ ਇਹ ਸੂਚਨਾ ਦੇਣੀ ਹੁੰਦੀ ਹੈ ਕਿ ਨਵੀਂ ਛਪੀ ਪੁਸਤਕ ਖ਼ੀਦਣ ਜਾਂ ਪੜ੍ਹਨ ਦੇ ਕਾਬਿਲ ਵੀ ਹੈ ਕਿ ਨਹੀਂ। ਪਰ ਬਹੁਤ ਵਾਰ ਇਸ ਖੇਤਰ ਵਿਚ ਯਾਰੀਆਂ ਪਾਲੀਆਂ ਜਾਂਦੀਆ ਹਨ ਤੇ ਨਿੱਜੀ ਸੰਪਰਕਾਂ ਦਾ ਲਾਭ ਲਿਆ ਜਾਂਦਾ ਹੈ। ਅਸੀਂ ਆਸ ਕਰਦੇ ਹਾਂ ਕਿ ਨਵੇਂ ਲੇਖਕ ਸਾਡੀ ਮਜਬੂਰੀ ਨੂੰ ਸਮਝ ਕੇ, ਨਰਾਜ਼ ਹੋਣ ਦੀ ਥਾਂ ਕਿਸੇ ਯੋਗ, ਤਜਰਬੇਕਾਰ ਤੇ ਸੰਤੁਲਤ ਰਾਏ ਰੱਖਣ ਵਾਲੇ ਰੀਵੀਊਕਾਰ ਨੂੰ ਆਪਣੀ ਪੁਸਤਕ ਭੇਜਿਆ ਕਰਨ, ਤਾਂ ਕਿ ਸਾਡੀ ਮੁਸ਼ਕਿਲ ਕੁਝ ਘਟ ਸਕੇ। ਜੀਅ ਤਾਂ ਕਰਦਾ ਹੈ ਕਿ ਹਰ ਆਈ ਪੁਸਤਕ ਦਾ ਰੀਵੀਊ ਕਰੀਏ, ਪਰ ਇਹ ਸੰਭਵ ਨਹੀਂ ਪ੍ਰਤੀਤ ਹੁੰਦਾ। ਆਸ ਹੈ ਨਵੇਂ ਲੇਖਕ ਨਿਰਉਤਸ਼ਾਹਿਤ ਹੋਣ ਦੀ ਥਾਂ ਆਪਣਾ ਰਚਨਾਤਮਿਕ ਕਾਰਜ ਜਾਰੀ ਰੱਖਣ ਲਈ ਤਤਪਰ ਰਹਿਣਗੇ। ਅੱਗੋਂ ਜਾਂ ਪਿੱਛੋਂ ਚੰਗੀ ਲਿਖਤ ਦਾ ਅਵੱਸ਼ ਨੋਟਿਸ ਲਿਆ ਜਾਂਦਾ ਹੈ।

## 2. ਏਕਤਾ ਤੇ ਅਮਲ ਦੀ ਲੋੜ

ਅੱਜ ਦੇਸ਼ ਦੇ ਸਾਹਮਣੇ ਗੰਭੀਰ ਚੁਣੌਤੀਆਂ ਹਨ। ਸਾਡਾ ਰਾਜਸੀ, ਆਰਥਿਕ ਤੇ ਸੱਭਿਆਚਾਰਕ ਢਾਂਚਾ ਖੇਰੂੰ-ਖੇਰੂੰ ਹੋ ਰਿਹਾ ਹੈ। ਅਜਿਹੇ ਸਮੇਂ ਜਿੱਥੇ ਰਾਜਨੀਤਕ ਸ਼ਾਸਤਰੀਆਂ, ਅਰਥਸ਼ਾਸਤਰੀਆਂ ਤੇ ਸਮਾਜ ਸ਼ਾਸਤਰੀਆਂ ਲਈ ਗੰਭੀਰ ਚੁਣੌਤੀਆਂ ਸਾਹਮਣੇ ਹਨ ਉੱਥੇ ਸਮਾਜ ਦੇ ਚੇਤੰਨ ਵਰਗ ਬੁੱਧੀਜੀਵੀਆਂ ਤੇ ਸਾਹਿਤਕਾਰਾਂ ਲਈ ਹੋਰ ਵੀ ਗੰਭੀਰ ਚੁਣੌਤੀਆਂ ਹਨ। ਇਕ ਸਮਾਂ ਉਹ ਹੁੰਦਾ ਹੈ ਜਦੋਂ ਗੱਲ ਕੇਵਲ ਸਹਿਜ ਤੇ ਠਰੰਮੇ ਨਾਲ ਕੀਤੀ ਜਾ ਸਕਦੀ ਹੈ ਪਰੰਤੂ ਜਦੋਂ ਕੋਈ ਸੁਵਾਲ ਇਕ ਹਕੀਕਤ ਬਣਕੇ ਸਾਹਮਣੇ ਆ ਖੜ੍ਹੇ ਤਾਂ ਉਹਦਾ ਉੱਤਰ ਤੁਰੰਤ ਤੇ ਅਮਲੀ ਰੂਪ ਵਿਚ ਦੇਣ ਦੀ ਲੋੜ ਹੁੰਦੀ ਹੈ। ਅੱਜ ਪੰਜਾਬ ਦੇ ਸਾਹਿਤਕਾਰਾਂ ਸਾਹਮਣੇ ਇਹ ਸਥਿਤੀ ਗੰਭੀਰ ਰੂਪ ਧਾਰ ਕੇ ਆ ਖੜੀ ਹੈ। ਪਰੰਤੂ ਪੰਜਾਬ ਦੇ ਸਾਹਿਤਕਾਰ ਇਸ ਵੰਗਾਰ ਨੂੰ ਗੰਭੀਰਤਾ ਦੀ ਥਾਂ ਸਹਿਜ ਨਾਲ ਲੈ ਰਹੇ ਹਨ। ਲੇਖਕ ਹਾਲੇ ਵੀ ਮੱਧ ਵਰਗ ਤੇ ਨਿਮਨ ਮੱਧ ਵਰਗ ਵਿਚ ਪੈ ਰਹੀਆਂ ਸਮਾਜਿਕ ਗੁੰਝਲਾਂ ਤੇ ਟੁੱਟ ਰਹੇ ਪਰਿਵਾਰਾਂ ਦਾ ਜ਼ਿਕਰ ਕਰਨ ਤੱਕ ਹੀ ਪੁੱਜੇ ਹਨ। ਤੇ ਦੂਜੀਆਂ ਸੱਭਿਆਚਰਕ, ਆਰਥਿਕ ਤੇ ਰਾਜਨੀਤਕ ਚੁਣੌਤੀਆਂ ਵੱਲ ਉਹਨਾਂ ਦਾ ਕੋਈ ਧਿਆਨ ਨਹੀਂ ਹੈ। ਜੇ ਕੋਈ ਇੱਕੜ-ਦੁੱਕੜ ਸਾਹਿਤਕਾਰ ਜਾਂ ਕੋਈ ਸੰਸਥਾ ਅਜਿਹਾ ਕਰਦੀ ਵੀ ਹੈ ਤਾਂ ਉਸਦੀ ਆਵਾਜ਼ ਨਕਾਰਖਾਨੇ ਵਿਚ ਤੂਤੀ ਦੀ ਅਵਾਜ਼ ਤੋਂ ਕੁਝ ਵੱਧ ਨਹੀਂ ਹੈ।

ਕਈ ਵਰ੍ਹੇ ਪਹਿਲਾਂ ਪੰਜਾਬ ਦੇ ਵਿਦਵਾਨਾਂ ਤੇ ਸਾਹਿਤਕਾਰਾਂ ਨੇ ਆ ਰਹੀਆਂ ਚੁਣੌਤੀਆਂ ਨੂੰ ਭਾਂਪ ਕੇ ਇਕ ਜਥੇਬੰਦੀ 'ਕੇਂਦਰੀ ਪੰਜਾਬੀ ਲੇਖਕ ਸਭਾ' ਕਾਇਮ ਕੀਤੀ ਸੀ, ਜਿਸ ਵਿਚ ਉਸ ਸਮੇਂ ਦੇ ਸਾਰੇ ਉੱਘੇ ਲੇਖਕ, ਜਿਹੜੇ ਵਿਚਾਰਧਾਰਕ ਪੱਖੋਂ ਵੱਖ-ਵੱਖਰੀ ਸੋਚਣੀ ਦੇ ਸਨ, ਇਸ ਜਥੇਬੰਦੀ ਦਾ ਅੰਗ ਬਣੇ ਸਨ। ਇਸ ਜਥੇਬੰਦੀ ਨੇ ਪਹਿਲੀ ਵੇਰ ਪੰਜਾਬ ਅੰਦਰ ਸਾਹਿਤਕ ਲਹਿਰ ਚਲਾਉਣ ਤੇ ਲੇਖਕਾਂ ਨੂੰ ਜਥੇਬੰਦ ਹੋ ਕੇ ਆਪਣਾ ਕਾਰਜ ਕਰਨ ਤੇ ਉਸਨੂੰ ਅੱਗੇ ਵਧਾਉਣ ਦਾ ਯਤਨ ਕੀਤਾ ਸੀ ਅਤੇ ਇਸ ਵਿਚ ਕਾਫੀ ਹੱਦ ਤੱਕ ਸਫ਼ਲ ਵੀ ਹੋ ਗਏ ਸੀ। ਪਿੰਡਾਂ ਤੇ ਸ਼ਹਿਰਾਂ ਵਿਚ ਲੇਖਕ ਸਭਾਵਾਂ ਕਾਇਮ ਹੋਈਆਂ ਤੇ ਕੇਂਦਰੀ ਲੇਖਕ ਸਭਾ ਦਾ ਅੰਗ ਬਣਕੇ ਇਸ ਤੋਂ ਅਗਵਾਈ ਲੈਂਦੀਆਂ ਰਹੀਆਂ। ਲੇਖਕਾਂ ਦੇ ਵਿਚਾਰਧਾਰਕ ਵਖਰੇਵੇਂ ਸਭਾ ਨੂੰ ਇਕ ਰੱਖਣ ਵਿਚ ਕਦੇ ਅੜਿੱਕਾ ਨਹੀਂ ਬਣੇ ਸਨ। ਇਸ ਤਰ੍ਹਾਂ ਸਾਹਿਤ ਸਭਾਵਾਂ ਦੇ ਪ੍ਰਭਾਵ ਅਧੀਨ ਨਵੇਂ ਸਾਹਿਤਕਾਰ ਪੈਦਾ ਹੋਏ ਤੇ ਆਮ ਲੋਕਾਂ ਵਿਚ ਸਾਹਿਤਕ ਰੁਚੀਆਂ ਦਾ ਵਾਧਾ ਹੋਇਆ। ਉਹ ਪੁਸਤਕਾਂ ਰਸਾਲੇ ਤੇ ਅਖ਼ਬਾਰ ਪੜ੍ਹਨ ਵੱਲ ਰੁਚਿਤ ਹੋਏ ਅਤੇ ਸਮਾਜਿਕ ਸਵਾਲਾਂ ਵੱਲ ਚੇਤਨ ਹੋਏ। ਪਰੰਤੂ ਕੁਝ ਸਮੇਂ ਉਪਰੰਤ ਖਾਸ ਤੌਰ 'ਤੇ ਮੱਧਵਰਗ ਤੇ ਨਿਮਨ ਮੱਧ ਵਰਗ ਵਿਚ ਪੜ੍ਹੇ ਲਿਖੇ ਵਰਗ ਦੇ ਵਾਧੇ ਨਾਲ ਉਹਨਾਂ ਵਿਚ ਆਪਣੇ ਜਮਾਤੀ ਖਾਸੇ ਤੇ ਲਾਲਸਾਵਾਂ ਵੀ ਪ੍ਰਗਟ ਹੋਈਆਂ। ਸਾਹਿਤ ਸਭਾਵਾਂ ਸਮਾਜਿਕ ਸਵਾਲਾਂ ਬਾਰੇ ਗੱਲਾਂ ਕਰਨ ਤੇ ਸਾਹਿਤ ਰਚਣ ਦੀ ਥਾਂ ਵਿਅਕਤੀਗਤ ਲਾਲਸਾਵਾਂ ਨੂੰ ਪੱਠੇ ਪਾਉਣ ਦਾ ਸਾਧਨ ਬਣਨ ਲੱਗੀਆਂ ਤੇ ਆਪਣੇ ਆਪ ਨੂੰ ਮਿਹਨਤ ਨਾਲ ਉਸਾਰਨ ਦੀ ਥਾਂ ਸੌਖੇ ਢੰਗਾਂ ਨਾਲ ਅੱਗੇ ਲਿਆਉਣ ਦੇ ਯਤਨਾਂ ਨੇ ਜ਼ੋਰ ਫੜਿਆ ਹੈ। ਅੱਜ ਦੇ ਸਮੇਂ ਵਿਚ ਹਰੇਕ ਬੰਦਾ ਪ੍ਰਤਿਭਾ ਹੀਣ ਹੋਣ 'ਤੇ ਵੀ ਕੁਝ ਦਿਖਣ ਦੀ ਲਾਲਸਾ ਰੱਖਦਾ ਹੈ। ਸਿੱਟੇ ਵਜੋਂ ਸਾਹਿਤ ਸਭਾਵਾਂ ਉੱਚ ਕੋਟੀ ਦਾ ਸਾਹਿਤ ਰਚਣ ਦੀਆਂ ਸੰਸਥਾਵਾਂ ਨਾ ਰਹਿ ਕੇ ਵਿਅਕਤੀਗਤ ਲਾਲਸਾਵਾਂ ਨੂੰ ਉਭਾਰਨ ਦਾ ਕਾਰਨ ਬਣ ਗਈਆਂ ਹਨ। ਇਸ ਦੇ ਸਿੱਟੇ ਵਜੋਂ ਨਾ ਕੇਂਦਰੀ ਲੇਖਕ ਸਭਾ ਇਕ ਰਹਿ ਸਕੀ ਅਤੇ ਨਾ ਹੀ ਹੇਠਲੀਆਂ ਸਭਾਵਾਂ। ਸਾਰੀ ਸਥਿਤੀ ਵਿਚ ਆਪਾ-ਧਾਪੀ ਫੈਲ ਗਈ।



ਅਤੇ ਅਖਬਾਰਾਂ ਲਈ ਬਹੁਲਤਾ ਤੇ ਪੱਤਰਕਾਰੀ ਦੇ ਮਿਆਰ ਡਿੱਗਣ ਨਾਲ ਇਹਨਾਂ ਲਾਲਸਾਵਾਂ ਨੂੰ ਹੋਰ ਵੀ ਬਲ ਮਿਲਿਆ। ਅੱਜ ਕੋਈ ਵੀ ਵਿਅਕਤੀ ਆਪਣੇ ਆਪ ਨੂੰ ਵੱਡਾ ਲੇਖਕ ਜਾਂ ਕਿਸੇ ਸਾਹਿਤਕ ਸੰਸਥਾ ਦਾ ਅਹੁਦੇਦਾਰ ਬਣਕੇ ਅਖ਼ਬਾਰ ਵਿਚ ਆਪਣੀ ਫੋਟੋ ਛਪਵਾ ਸਕਦਾ ਹੈ ਜਾਂ ਚਹੁੰ ਬੰਦਿਆਂ ਨੂੰ ਇਕੱਠੇ ਕਰਕੇ ਤੇ ਸਨਮਾਨ ਪ੍ਰਾਪਤ ਕਰ ਸਕਦਾ ਹੈ। ਸਾਰੇ ਕੁਝ ਵਿਚ ਸਾਹਿਤਕਾਰੀ ਤੇ ਸਾਹਿਤ ਦੇ ਉੱਚੇ ਆਦਰਸ਼ਾਂ ਦਾ ਜਾਂ ਸਾਹਿਤਕਾਰਾਂ ਦੀ ਜ਼ੁੰਮੇਵਾਰੀ ਦਾ ਕੋਈ ਮਸਲਾ ਨਹੀਂ। ਜੋ ਕਿਸੇ ਦਾ ਜੀਅ ਕਰਦਾ ਹੈ ਕਰ ਦਿਓ। ਅਜਿਹੀ ਸਥਿਤੀ ਵਿਚ ਸਮਾਜਿਕ ਦ੍ਰਿਸ਼ਟੀ ਵਾਲੇ ਗੰਭੀਰ ਚਿੰਤਕਾਂ ਅਤੇ ਲੇਖਕਾਂ ਸਾਹਮਣੇ ਇਕ ਗੰਭੀਰ ਚੁਣੌਤੀ ਆ ਖੜ੍ਹੀ ਹੈ ਕਿ ਉਹ ਇਸ ਸਾਰੀ ਸਥਿਤੀ ਨੂੰ ਮਿਲ ਬਹਿ ਕੇ ਗੰਭੀਰਤਾ ਨਾਲ ਵਿਚਾਰਨ। ਖਾਸ ਕਰਕੇ ਦੋਨੋਂ ਕੇਂਦਰੀ ਲੇਖਕ ਸਭਾਵਾਂ ਦੇ ਅਹੁਦੇਦਾਰ ਆਪਣੀ ਹਉਮੈ ਛੱਡ ਕੇ ਆਪਣੀ ਜ਼ੁੰਮੇਵਾਰੀ ਬਾਰੇ ਗੰਭੀਰਤਾ ਨਾਲ ਸੋਚਣ। ਜਨਤਕ ਤੇ ਸਮਾਜਿਕ ਸਵਾਲਾਂ ਸਾਹਮਣੇ ਕਿਸੇ ਵਿਅਕਤੀਗਤ ਵਕਾਰ ਦਾ ਕੋਈ ਸਵਾਲ ਨਹੀਂ ਰਹਿ ਜਾਂਦਾ। ਇਹਨੂੰ ਪਾਟੇ ਹੋਏ ਕੁੜਤੇ ਵਾਂਗ ਵਗਾਹ ਸੁੱਟਣਾ ਚਾਹੀਦਾ ਹੈ ਤੇ ਆਪਣੇ ਪੁਰਾਣੇ ਜਮਾਤੀ ਸੰਸਕਾਰਾਂ ਦਾ ਤਿਆਗ ਕਰਕੇ ਇਕ ਮੱਤ ਹੋਣ ਲਈ ਅੱਗੇ ਵਧਣਾ ਚਾਹੀਦਾ ਹੈ। ਅਜੋਕੀ ਸਥਿਤੀ ਵਿਚ ਨਾ ਤਾਂ ਕੋਈ ਮਹਾਨ ਕਾਰਜ ਕੀਤਾ ਜਾ ਸਕਦਾ ਹੈ ਨਾ ਹੀ ਕੋਈ ਪ੍ਰਾਪਤੀ ਕੀਤੀ ਜਾ ਸਕਦੀ ਹੈ। ਪੰਜਾਬ ਅੰਦਰ ਪਿਛਲੇ ਸਮੇਂ ਵਿਚ ਵਾਪਰੀਆਂ ਕੁਝ ਘਟਨਾਵਾਂ ਇਸ ਗੱਲ ਦਾ ਅਹਿਮ ਸਬੂਤ ਹਨ। ਪਿਛਲੇ ਸਮੇਂ ਵਿਚ ਕਾਲਜਾਂ ਦੇ ਵਿਦਿਆਰਥੀਆਂ ਉੱਤੇ ਫੀਸਾਂ ਦਾ ਅਥਾਹ ਬੋਝ ਲੱਦਣ ਦਾ ਯਤਨ ਕੀਤਾ ਗਿਆ। ਕਾਫ਼ੀ ਸਮੇਂ ਤੋਂ ਪੰਜਾਬ ਅੰਦਰ ਵਿਦਿਆਰਥੀਆਂ ਦੀ ਕੋਈ ਲਹਿਰ ਨਹੀਂ ਸੀ ਤੇ ਲੱਗਦਾ ਸੀ ਕਿ ਸਰਕਾਰ ਸੌਖਿਆਂ ਹੀ ਇਹ ਬੋਝ ਵਿਦਿਆਰਥੀਆਂ 'ਤੇ ਲੱਦ ਦੇਵੇਗੀ ਤੇ ਉਹ ਚੁੱਪ ਕੀਤੇ ਇਸਨੂੰ ਚੁੱਕ ਲੈਣਗੇ। ਪਰੰਤੂ ਛੇਤੀ ਹੀ ਸੁੱਤੇ ਪਏ ਜਥੇਬੰਦੀਆਂ ਦੇ ਆਗੂ ਜਾਗੇ, ਵਿਦਿਆਰਥੀਆਂ ਨੂੰ ਚੇਤੰਨ ਕੀਤਾ ਤੇ ਸੰਘਰਸ਼ ਵੱਲ ਵਧੇ। ਪਰੰਤੂ ਛੇਤੀ ਹੀ ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਇਹ ਲੜਾਈ ਸੌਖੀ ਨਹੀਂ। ਇਸ ਲਈ ਵਿਸ਼ਾਲ ਏਕੇ ਤੇ ਸ਼ਕਤੀ ਦੀ ਲੋੜ ਹੈ। ਉਹ ਇਕ ਥਾਂ ਇਕੱਠੇ ਹੋਏ ਤੇ ਸਾਂਝੀ ਸੰਘਰਸ਼ ਕਮੇਟੀ ਸਥਾਪਤ ਕਰਨ ਵਿਚ ਸਫ਼ਲ ਹੋ ਗਏ। ਪਰੰਤੂ ਸਰਕਾਰ ਸਿਆਣੀ ਨਿਕਲੀ। ਉਹ ਵਿਦਿਆਰਥੀ ਹਨੇਰੀ ਤੋਂ ਡਰ ਗਈ ਤੇ ਟੱਕਰ ਤੋਂ ਪਹਿਲਾਂ ਹੀ ਮੰਗਾਂ ਮੰਨ ਗਈ। ਇਹੋ ਕੁਝ ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਸੰਘਰਸ਼ ਸਮੇਂ ਵਾਪਰਿਆ। ਸਰਕਾਰ ਟੱਕਰ ਤੋਂ ਪਹਿਲਾਂ ਹੀ ਪਿੱਛੇ ਹਟ ਗਈ।

ਇਸੇ ਸੰਦਰਭ ਵਿਚ ਪੰਜਾਬ ਵਿਚ ਇਕ ਹੋਰ ਘਟਨਾਂ ਵਾਪਰੀ। ਸਰਕਾਰੀ ਮੁਲਾਜ਼ਮਾਂ ਦੇ ਵੱਖ-ਵੱਖਰੇ ਧੜੇ ਤੇ ਉਹਨਾਂ ਦੀਆਂ ਯੂਨੀਅਨਾਂ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੀਆਂ ਸਨ। ਪਰੰਤੂ ਉਹਨਾਂ ਨੇ ਮਹਿਸੂਸ ਕੀਤਾ ਕਿ ਵਿਅਕਤੀਗਤ ਸੰਘਰਸ਼ ਸਫ਼ਲ ਨਹੀਂ ਹੋ ਰਹੇ। ਇਸ ਲਈ ਹੋਰ ਸ਼ਕਤੀ ਦੀ ਲੋੜ ਹੈ। ਇਹਨਾਂ ਦੇ ਲੀਡਰ ਜਿਹੜੇ ਕਿਸੇ ਸਮੇਂ ਇਕ ਦੂਜੇ ਨਾਲ ਗੱਲ ਕਰਨ ਲਈ ਤਿਆਰ ਨਹੀਂ ਸਨ, ਮੁਲਾਜ਼ਮਾਂ ਦੇ ਦਬਾਅ ਥੱਲੇ ਇਕ ਪਲੇਟਫਾਰਮ ਤੇ ਇਕੱਠੇ ਹੋਣ ਲਈ ਮਜਬੂਰ ਹੋ ਗਏ ਤੇ ਸਾਂਝੇ ਸੰਘਰਸ਼ ਦੀ ਰੂਪ ਰੇਖਾ ਉਲੀਕਣ ਵਿਚ ਸਫ਼ਲ ਹੋ ਗਏ। ਸਿੱਟੇ ਵਜੋਂ ਬਾਈ ਸਤੰਬਰ ਨੂੰ ਚੰਡੀਗੜ੍ਹ ਵਿਚ ਹੋਇਆ ਧਰਨਾਂ ਤੇ ਮੁਜ਼ਾਹਰਾ ਪੰਜਾਬ ਦੇ ਮੁਲਾਜ਼ਮ ਸੰਘਰਸ਼ ਦੇ ਇਤਿਹਾਸ ਵਿਚ ਨਵਾਂ ਮੀਲ ਪੱਥਰ ਸਾਬਤ ਹੋਇਆ, ਜਿੱਥੇ ਵਿਰੋਧੀ ਲੀਡਰਾਂ ਪਹਿਲੀ ਵੇਰ ਇਕ ਸਟੇਜ ਤੋਂ ਬੋਲੇ ਤੇ ਸੰਘਰਸ਼ਾਂ ਲਈ ਦ੍ਰਿੜ੍ਹਤਾ ਪ੍ਰਗਟਾਈ। ਕੇਵਲ ਉਹੀ ਜਥੇਬੰਦੀਆਂ ਜਿਹਨਾਂ ਦੇ ਲੀਡਰ ਸਰਕਾਰ ਕੋਲ ਵਿਕੇ ਹੋਏ ਸਨ, ਇਸ ਸੰਘਰਸ਼ ਤੋਂ ਅੱਡ ਰਹੀਆਂ, ਤੇ ਉਹਨਾਂ ਦਾ ਸਰਕਾਰ ਪੱਖੀ ਤੇ ਮੁਲਾਜ਼ਮ ਵਿਰੋਧੀ ਚਿਹਰਾ ਮੁਲਾਜ਼ਮਾਂ ਮੂਹਰੇ ਨੰਗਾ ਹੋਇਆ।

ਇਹਨਾਂ ਉਕਤ ਮਿਸਾਲਾਂ ਤੋਂ ਸਾਹਿਤਕਾਰਾਂ ਲਈ ਭੀ ਇਕ ਵਿਸ਼ੇਸ਼ ਸਬਕ ਨਿਕਲਦਾ ਹੈ ਕਿ ਉਹ ਵੀ ਆਪਸੀ ਸੰਕੀਰਣ ਰਵੱਈਏ ਦਾ ਤਿਆਗ ਕਰਕੇ ਅੱਗੇ ਆਉਣ ਤੇ ਇਹਨਾਂ ਜਥੇਬੰਦੀਆਂ ਨੂੰ ਲੇਖਕਾਂ ਦੀਆਂ ਹਕੀਕੀ ਜਥੇਬੰਦੀਆਂ ਬਣਾਕੇ ਆਪਣੇ ਸਮਾਜਿਕ ਟੀਚਿਆਂ ਵੱਲ ਅੱਗੇ ਵਧਣ। ਇਹ ਸਮੇਂ ਦੀ ਲੋੜ ਹੈ।

## 3. ਕੁਝ ਚਿਰਾਗ਼ ਬਾਰੇ

ਤ੍ਰੈਮਾਸਿਕ 'ਚਿਰਾਗ' ਆਪਣੀ ਉਮਰ ਦੇ ਬਾਹਰਵੇਂ ਵਰ੍ਹੇ ਵਿਚ ਦਾਖਲ ਹੋ ਗਿਆ ਹੈ। ਇਹਨਾਂ ਸਾਲਾਂ ਵਿਚ ਇਹ ਲਗਾਤਾਰ ਛਪਦਾ ਆ ਰਿਹਾ ਹੈ। ਇਸ ਗੱਲ ਨੂੰ ਦੁਹਰਾਉਣ ਦੀ ਲੋੜ ਕਿ ਇਸਦਾ ਦ੍ਰਿਸ਼ਟੀਕੋਣ ਖੱਬੇ ਪੱਖੀ, ਲੋਕ ਪੱਖੀ ਤੇ ਜਮਹੂਰੀ ਹੈ। ਪਰੰਤੂ ਇਹ ਤੰਗ ਨਜ਼ਰ ਤੇ ਸੰਕੀਰਣ ਨਹੀਂ ਹੈ।

ਇਹ ਲੋਕ-ਦੋਖੀ, ਫਿਰਕੂ ਜ਼ਹਿਰੀਲੀ ਲਿਖਤ ਤੋਂ ਬਿਨਾਂ ਹਰ ਸਾਹਿਤਕ ਕਿਰਤ ਨੂੰ ਕਬੂਲਣ ਲਈ ਤਿਆਰ ਹੈ। ਇਸ ਉਪਰੰਤ ਸਾਹਿਤ ਅੰਦਰਲੇ ਕੁਰਾਹਿਆਂ ਵਿਰੁੱਧ ਲੜਨਾ ਆਪਣਾ ਫਰਜ਼ ਸਮਝਦਾ ਹੈ। ਉੱਤਰ ਆਧੁਨਿਕਤਾ ਵਿਰੁੱਧ ਖੰਡਾ ਖੜਕਾਉਣ ਲਈ ਇਹ ਪੰਜਾਬੀ ਪਰਚਿਆਂ ਵਿਚ ਮੋਹਰੀ ਸੀ। ਸਰਹੱਦ ਪਾਰ ਦੇ ਪੰਜਾਬੀ ਸਾਹਿਤ ਨੂੰ ਇਧਰ ਛਾਪਣਾ ਇਸ ਦੀ ਵਿਸ਼ੇਸ਼ਤਾ ਹੈ। ਕੌਮਾਂਤਰੀ ਪ੍ਰਸਿੱਧੀ ਵਾਲੇ ਲੇਖਕਾਂ ਬਾਰੇ ਵਿਸ਼ੇਸ਼ ਨੰਬਰ ਇਸ ਦੀ ਪ੍ਰਾਪਤੀ ਹਨ।

ਕਿਸੇ ਸੰਸਥਾ ਦੀ ਮਾਇਕ ਸਰਪਰਸਤੀ ਤੋਂ ਬਿਨਾਂ ਲਗਾਤਾਰ ਲੜਦੇ ਰਹਿਣਾ ਇਸ ਦੀ ਦਲੇਰੀ ਹੈ। ਬੇਸ਼ੱਕ ਅੱਜ ਪੰਜਾਬੀ ਵਿਚ ਢੇਰ ਸਾਰੇ ਰਿਸਾਲੇ ਨਿਕਲ ਰਹੇ ਹਨ। ਉਹਨਾਂ ਦਾ ਕੰਮ ਹਾਲੇ ਪਰਖਿਆ ਜਾਣਾ ਹੈ। ਦੇਖੋ ਕਿਥੇ ਕੁ ਜਾਂਦੇ ਹਨ? ਸਾਨੂੰ ਇਹਨਾਂ ਨਾਲ ਕੋਈ ਸ਼ਰੀਕਾ ਨਹੀਂ। ਅਸੀਂ ਤਾਂ ਕੇਵਲ ਇਹੋ ਕਾਮਨਾ ਚਾਹੁੰਦੇ ਹਾਂ ਕਿ ਸਾਡਾ ਪਰਚਾ ਹਰ ਇਕ ਲੋਕ ਪੱਖੀ ਲੇਖਕ ਬੁੱਧੀਜੀਵੀ ਤੇ ਚਿੰਤਕ ਲਈ ਖੁੱਲ੍ਹਾ ਹੈ। ਕੋਈ ਬਿਨਾਂ ਸੰਕੋਚ ਆਪਣੀ ਗੱਲ ਸਾਡੇ ਪਰਚੇ ਵਿਚ ਕਹਿ ਸਕਦਾ ਹੈ। ਇਸ ਨੂੰ ਹੋਰ ਬਿਹਤਰ ਬਣਾਉਣ ਲਈ ਆਪਣੇ ਸੁਝਾਅ ਦੇ ਸਕਦਾ ਹੈ।

ਨਵੇਂ ਪ੍ਰਤਿਭਾਵਾਨ ਲੇਖਕਾਂ ਜਿਹਨਾਂ ਨੂੰ ਕਿਸੇ ਫੋਰਮ ਦੀ ਭਾਲ ਹੈ ਦਾ ਸਵਾਗਤ ਹੈ। ਪਰੰਤੂ ਮਿਆਰ ਨੂੰ ਕਾਇਮ ਰੱਖਣਾ ਸਾਡੀ ਮਜਬੂਰੀ ਹੈ। ਫਿਰ ਵੀ ਹਰ ਨਵੇਂ ਲੇਖਕ ਦੀ ਕਿਰਤ ਨੂੰ ਹਮਦਰਦੀ ਨਾਲ ਵਾਚਿਆ ਜਾਵੇਗਾ।

ਨਵੀਆਂ ਪੁਸਤਕਾਂ ਦੇ ਰੀਵੀਊ ਅਸੀ ਆਪ ਜਾਂ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਕਰਦੇ ਹਾਂ। ਪਰੰਤੂ ਉਲਾਰ ਹੋਣ ਤੋਂ ਵੀ ਚੌਕਸ ਹਾਂ। ਆਸ ਹੈ ਪਾਠਕ ਸਾਡੇ ਦ੍ਰਿਸ਼ਟੀਕੋਣ ਨਾਲ ਸਹਿਮਤ ਹੋਣਗੇ ਤੇ ਇਸ ਨੂੰ ਹੋਰ ਚੰਗੇਰਾ ਬਣਾਉਣ ਵਿਚ ਸਹਾਇਕ ਹੋਣਗੇ।

ਸੰਪਾਦਕੀ ਮੰਡਲ

## ਸੋਗ ਸਮਾਚਾਰ

ਉੱਘੇ ਪੱਤਰਕਾਰ, ਜਨਵਾਦੀ ਕਵੀ ਤੇ ਖੱਬੇ-ਪੱਖੀ ਚਿੰਤਕ ਸ੍ਰੀ ਹਰਭਜਨ ਹਲਵਾਰਵੀ ਦੀ ਅਚਾਨਕ ਤੇ ਦੁਖਦਾਈ ਮੌਤ ਉੱਤੇ ਅਦਾਰਾ ਚਿਰਾਗ਼ ਡੂੰਘਾ ਦੁੱਖ ਅਨੁਭਵ ਕਰਦਾ ਹੈ। ਅਸੀਂ ਇਸ ਉੱਘੇ ਸਮਕਾਲੀ ਚਿੰਤਕ ਦੀ ਮੌਤ ਦੇ ਦੁੱਖ ਵਿਚ ਸ਼ਾਮਿਲ ਹੁੰਦੇ ਹੋਏ ਉਸ ਦੇ ਪ੍ਰੀਵਾਰ ਤੇ ਪੰਜਾਬੀ ਸਾਹਿਤ-ਜਗਤ ਨਾਲ ਆਪਣੀ ਹਮਦਰਦੀ ਪ੍ਰਗਟ ਕਰਦੇ ਹਾਂ

ਅਦਾਰਾ ਚਿਰਾਗ਼



## ਇਸ ਵਾਰ ਦਾ ਵਿਸ਼ੇਸ਼ ਕਵੀ

(ਡਾ.ਰਵਿੰਦਰ)

(ਦੋ ਗ਼ਜ਼ਲਾਂ ਤੇ ਚਾਰ ਕਵਿਤਾਵਾਂ)

### 1. ਸੋਚ ਤੇ ਸੀਸ

ਤੂੰ ਜੋ ਮੰਗਿਆ ਸੀਸ
ਉਹ ਕਿੱਥੋਂ ਲਿਆਵਾਂ
ਸੋਚ ਮੱਥੇ ਦੀ ਹੈ ਗਿਰਵੀ
ਰੀੜ੍ਹ ਦੀ ਹੱਡੀ ਝੁਕੀ ਹੈ
ਬੋਲ ਸੱਚੇ ਦਫ਼ਨ ਹੋਏ
ਹੱਥ ਬੱਝੇ ਹੋਏ
ਨਜ਼ਰਾਂ ਗੱਡੀਆਂ ਧਰਤੀ 'ਚ
ਸਰਕਾਰਾਂ ਦੇ ਮੂਹਰੇ।

ਸੋਚ ਸੀ ਤਾਂ ਸੀਸ ਸੀ
ਚਿੰਤਨ ਸੀ, ਕਵਿਤਾ, ਦਇਆ ਸੀ
ਹੱਕ ਨੂੰ ਹੱਕ, ਸੱਚ ਨੂੰ ਸੱਚ
ਕਹਿਣ ਦੀ ਤੌਫ਼ੀਕ ਸੀ
ਇੱਕ ਹੁੰਦਿਆਂ ਸਵਾ ਲੱਖ ਸੀ
ਜ਼ੁਲਮ ਹੁੰਦਿਆਂ ਵੇਖ ਕੇ
ਜਦ ਚੁੱਪ ਰਹਿਣਾ ਪਾਪ ਸੀ।

ਕਾਤਲ ਦੀਆਂ
ਅੱਖਾਂ 'ਚ ਅੱਖਾਂ ਪਾ ਕੇ
ਸਿੱਧੀ ਧੌਣ 'ਤੇ ਟਿਕਿਆ ਰਿਹਾ ਜੋ
ਸੀਸ ਉਹ ਕਿੱਥੋਂ ਲਿਆਵਾਂ
ਤੂੰ ਜੋ ਮੰਗਿਆ ਸੀਸ
ਉਹ ਕਿੱਥੋਂ ਲਿਆਵਾਂ।

ਹੁਣ ਕਨ੍ਹਈਆ ਵੀ ਤੇਰਾ
ਜ਼ਖ਼ਮਾਂ ਦੇ ਚਿਹਰੇ ਵੇਖ ਕੇ
ਪਾਣੀ ਪਿਆਉਂਦਾ, ਮਲ੍ਹਮ ਲਾਉਂਦਾ।
ਹੁਣ ਤੇਰੇ ਦਰਬਾਰ ਦੇ
ਕਵੀਆਂ ਦਾ ਵੰਸ਼ਜ
ਕੁਰਸੀਆਂ, ਗੱਦੀਆਂ
ਸਰੋਤੇ, ਪਾਠਕਾਂ, ਪਰਚੇ, ਕਿਤਾਬਾਂ
ਮਾਨ, ਸਨਮਾਨਾਂ ਤੇ ਸੇਵਾ ਫ਼ਲ ਪਰਖ ਕੇ
ਨਜ਼ਮ ਲਿਖਦਾ , ਗੀਤ ਗਾਉਂਦਾ।
ਜ਼ਫ਼ਰਨਾਮਾ ਨਾ ਸਹੀ
ਕਵਿਤਾ 'ਚ ਕੁਝ ਤਾਂ ਸੱਚ ਹੋਵੇ
ਨਾ ਸਹੀ ਖੁੱਲ੍ਹੀ ਬਗ਼ਾਵਤ
ਅੱਖਰਾਂ, ਸ਼ਬਦਾਂ, ਕਿਤਾਬਾਂ ਵਿਚ ਹੀ
ਰਾਜੇ ਨੂੰ ਨੰਗਾ ਕਹਿਣ ਦੀ
ਹਿੰਮਤ ਤਾਂ ਹੋਏ।
ਤਿੰਨ ਸਦੀਆਂ ਬਾਅਦ ਵੀ ਅੱਜ
ਲਿਸ਼ਕਦੀ ਸ਼ਮਸ਼ੀਰ ਸਾਹਵੇਂ
ਨਾੜਾਂ 'ਚ ਠੰਡਾ ਲਹੂ ਲੈ ਕੇ
ਮੈਂ ਨਮੋਸ਼ੀ ਨਾਲ ਭਰਿਆ ਖੜ੍ਹਾ ਹਾਂ।
ਤੇਰਾ ਸਰੂਪ ਪਹਿਨ ਕੇ,
ਪੰਜਾਂ ਕੱਕਾਰਾਂ ਦੀ ਕਮਾਈ
ਮਹਿਜ਼ ਪਹਿਰਾਵੇ ਥੀਂ ਸੀਮਤ ਰੱਖ ਕੇ,
ਕਿੰਝ ਤੇਰੇ ਨਾਲ ਮੈਂ
ਅੱਖਾਂ ਮਿਲਾਵਾਂ।
ਤੂੰ ਜੋ ਮੰਗਿਆ ਸੀਸ
ਉਹ ਕਿਥੋਂ ਲਿਆਵਾਂ।

### 2. ਉਹ ਗੱਦਾਰ ਨਹੀਂ ਸੀ

ਉਹ ਗੱਦਾਰ ਨਹੀਂ ਸੀ
ਜੇ ਉਸਦੀ ਬੰਦੂਕ ਦੀ ਨਾਲੀ
ਅੱਗ ਉਗਲਣ ਤੋਂ ਪਹਿਲਾਂ
ਸੋਚੀਂ ਪੈ ਗਈ ਸੀ
ਜੇ ਉਸਦੇ ਚੇਤੇ ਵਿਚ
ਜੰਮ ਕੇ ਰਹਿ ਗਈਆਂ ਸਨ
ਕੁਝ ਤਸਵੀਰਾਂ-

ਸੂਹੇ ਸਾਲੂ ਤੇ ਫੁਲਕਾਰੀ
ਸੁੰਨੇ ਚੀਰ ਨੂੰ ਢਕਣ ਵਾਲੀ
ਚਿੱਟੀ ਚੁੰਨੀ
ਨਿੱਕੇ-ਨਿੱਕੇ ਬੋਟਾਂ ਦੇ ਆਲ੍ਹਣੇ
ਬਣੇ ਅਨਾਥ ਆਸ਼ਰਮ।
ਬ੍ਰਿਧ ਸਿਉਂਕੇ ਰੁੱਖ
ਜੋ ਡਿੱਗਦੇ
ਇਕੋ ਖ਼ਬਰ ਦੇ ਬੁੱਲੇ ਨਾਲ।

ਇਹ ਤਸਵੀਰਾਂ
ਉਸਦੇ ਕੱਚੇ ਘਰ ਦੀ
ਕੰਧ 'ਤੇ ਸਜੀਆਂ ਹੋਵਣ
ਜਾਂ ਉਸਦੀ ਗੋਲੀ ਦੀ ਜ਼ੱਦ ਵਿਚ
ਆਏ ਨਿਸ਼ਾਨੇ ਵੈਰੀ ਦੇ ਘਰ
ਇੱਕੋ ਗੱਲ ਸੀ।
ਅਸਲੀ ਦੁਸ਼ਮਣ ਕੌਣ ਸੀ

ਜਿਸਨੂੰ ਜਿੱਤਣ ਲਈ ਉਹ
ਪਿਆਰੇ ਚਿਹਰੇ,
ਨਿੱਘੀਆਂ ਰਾਤਾਂ,
ਠੰਢੀਆਂ ਛਾਵਾਂ
ਹੋਰ ਬੜਾ ਕੁਝ
ਰੱਬ ਆਸਰੇ
ਪਿੱਛੇ ਛੱਡ ਤੁਰ ਆਏ ਸਨ।

ਕਿਸ ਉਹਨਾਂ ਦੀ ਸੋਚ ਨੂੰ
ਜਾਹਿਰ ਦੀ ਪੁੱਟ ਚਾੜ੍ਹੀ ਸੀ
ਧਰਮ ਗ੍ਰੰਥਾਂ ਵਿਚੋਂ
ਆਪਣੇ ਕੰਮ ਦੀਆਂ ਟੂਕਾਂ ਚੁਣ ਕੇ
ਅਰਥ, ਅਨਰਥ ਬਣਾ ਕੇ
ਕੀਹਨੇ ਉਹਨਾਂ ਨੂੰ
ਪੂਰਵਜਾਂ ਦੀ
ਆਨਸ਼ਾਨ ਦਾ ਵਾਸਤਾ ਪਾ ਕੇ
ਫੁੱਲਾਂ ਰੁੱਤੇ
ਅੱਗ ਵਿਹਾਜਣ
ਇਕ ਦੂਜੇ ਘਰ ਮੌਤ ਦੇ ਸੱਥਰ
ਫੂਹੜੀ ਦਾ ਪ੍ਰਬੰਧ ਕਰਨ ਲਈ-
ਤੇਰੀ ਗਲੀ 'ਤੇ ਮੇਰਾ ਨਾਂ
ਮੇਰੀ ਉੱਤੇ ਤੇਰਾ-
ਲਿਖ ਕੇ
ਫ਼ਰਜ਼ ਨਿਭਾਉਂਦੇ
ਗ਼ਾਜ਼ੀ ਬਣਨ-ਸ਼ਹੀਦ ਹੋਣ ਲਈ
ਸਰਹੱਦਾਂ 'ਤੇ ਘੱਲ ਦਿੱਤਾ ਸੀ।

ਮਰਨ ਪਿੱਛੋਂ
ਤਗਮੇ, ਸਨਮਾਨ
ਯਾਦਗਾਰ, ਵਿਧਵਾ ਪੈਨਸ਼ਨ
ਗੁਮਨਾਮੀ ਦਾ ਸੰਘਣਾ ਨ੍ਹੇਰਾ
ਇਕ ਇਕ ਕਰਕੇ
ਸਭ ਤਸਵੀਰਾਂ
ਉਸਦੇ ਮੂਹਰਿਓਂ
ਲੰਘ ਗਈਆਂ ਸਨ।

ਘੋੜੇ ਉੱਤੇ ਟਿਕੇ ਹੋਏ-
ਜੇ ਉਸ ਦੇ ਕੰਬਦੇ ਪੋਟੇ ਨੇ
ਕੁਝ ਪਲ
ਸੋਚ ਦੀ
ਮੁਹਲਤ ਮੰਗ ਲਈ ਤਾਂ
ਉਹ ਗੱਦਾਰ ਨਹੀਂ ਸੀ।

ਜੇ ਬੰਦੂਕ ਦੀ ਨਾਲੀ ਵਿਚੋਂ ਉਸਨੇ
ਸੱਜਰੇ ਫੁੱਲਾਂ ਦੀ ਵਾਦੀ ਦਾ
ਸੁਪਨਾ ਵੇਖ ਲਿਆ ਤਾਂ
ਉਹ ਹਰਗਿਜ਼
ਗੱਦਾਰ ਨਹੀਂ ਸੀ।

## 3. ਹੜ੍ਹਾਂ ਵਿਚ

ਪਿਛਲੇ ਹੜ੍ਹਾਂ 'ਚ
ਕੀ ਕੀ ਰੁੜ੍ਹਿਆ
ਕੀ ਕੋਈ ਕਰੇ ਹਿਸਾਬ
ਜਿਸਮ ਰੁੜ੍ਹੇ, ਜਿਨਸਾਂ ਰੁੜ੍ਹੀਆਂ
ਨਾਲ ਰੁੜ੍ਹੇ ਵਿਸ਼ਵਾਸ।

ਤਸਵੀਰਾਂ 'ਚੋਂ ਰੰਗ ਖੁਰੇ
ਰਲੇ ਗੁਆਂਢੀ ਰੰਗਾਂ ਨਾਲ
ਸੁਹਣੇ ਚਿਹਰੇ ਹੋਏ ਘਿਨਾਉਣੇ
ਨਕਸ਼ ਨਾ ਜਾਣੇ ਪਛਾਣੇ।
ਲਹੂ 'ਚ ਡੋਬ ਕੇ
ਲਿਖੀਆਂ ਚਿੱਠੀਆਂ
ਬੇਰੰਗ ਹੋਈਆਂ।
ਚੁੰਮਣਾਂ ਵਰਗੇ ਖ਼ਤਾਂ 'ਚ
ਜਗਦੇ ਬੁਝਦੇ ਜੁਗਨੂੰ
ਬੁਝੇ ਕੋਲਿਆਂ ਵਾਂਗ ਧੁਆਂਖੇ।
ਸਾਂਭ-ਸਾਂਭ ਕੇ ਰੱਖੇ
ਫੁੱਲ ਜੋ ਵਿਚ ਕਿਤਾਬਾਂ
ਪੱਤੀ ਪੱਤੀ ਖਿੰਡਰ ਗਏ।

ਪਿਛਲੇ ਹੜ੍ਹਾਂ 'ਚ
ਜੋ ਕੁਝ ਰੁੜ੍ਹਿਆ
ਸਭ ਨੂੰ ਦਿਸਿਆ
ਪਰ ਮਨ ਵਿਚਲੇ ਹੜ੍ਹ ਵਿਚ
ਕੀ ਕੀ ਗੁੰਮਦਾ, ਰੁੜ੍ਹਦਾ
ਵੇਖੇ ਕੌਣ।
ਨਾ ਅੱਖਾਂ ਵਿਚ ਨੀਂਦ ਰਹੇ
ਨਾ ਸੁਪਨਾ ਕੋਈ
ਹੜ੍ਹ ਹੰਝੂਆਂ ਦਾ
ਸਭ ਕੁਝ ਰੋੜ੍ਹ ਕੇ ਲੈ ਜਾਂਦਾ।
ਬੱਸ ਇੱਕੋ ਧਰਵਾਸ
ਇਹ ਪਾਣੀ



ਧੁਰ ਅੰਦਰ ਤੇਰੇ ਚਿਹਰੇ ਤੋਂ
ਸਮਿਆਂ ਦੀ ਮਿੱਟੀ ਨੂੰ ਧੋ ਕੇ
ਨਕਸ਼ ਤੇਰੇ ਘਸਮੈਲੇ,
ਉੱਜਲ ਕਰ ਜਾਂਦਾ ਹੈ।

ਕਿਹੜੇ ਹੜ੍ਹ ਵਿਚ
ਕੀ ਕੁਝ ਰੁੜ੍ਹਦਾ
ਕੀ ਕੁਝ ਬਚਦਾ
ਕੀ ਕੁਝ ਧੁੰਦਲਾ
ਮੈਲਾ ਤੇ ਬਦਸੂਰਤ ਹੁੰਦਾ
ਕੀ ਕੁਝ ਹੋਰ ਸ਼ਫ਼ਾਫ਼ ਹੋ ਜਾਂਦਾ
ਕਿੰਝ ਕੋਈ ਕਰੇ ਹਿਸਾਬ।

ਇਕ ਹੜ੍ਹ ਅੰਦਰ
ਇਕ ਬਾਹਰ ਹੈ
ਇਕ ਵਿਚ ਡੁੱਬਣੋਂ
ਡਰ ਲੱਗਦਾ ਹੈ
ਦੂਜੇ ਵਿਚ ਹਰ ਗੋਤੇ ਪਿਛੋਂ
ਨਸ਼ਾ ਜਿਹਾ ਤਾਰੀ ਹੋ ਜਾਵੇ
ਰੁੜ੍ਹ ਜਾਵਣ ਨੂੰ ਦਿਲ ਕਰ ਆਵੇ।

ਕਿਹੜੇ ਹੜ੍ਹ ਵਿਚ ਬਚਣਾ
ਕਿਸ ਵਿਚ ਰੁੜ੍ਹ ਜਾਣਾ
ਕੀ ਕੋਈ ਦਏ ਜਵਾਬ
ਦੋਹਾਂ ਹੜ੍ਹ ਵਿਚ
ਕੀ ਕੀ ਬਚਦਾ
ਕੀ ਕੀ ਰੁੜ੍ਹਦਾ

## 4. ਢਹਿ ਜਾਣ 'ਤੇ

ਯਾਦ ਹੈ ਮੈਨੂੰ
ਅਜੇ ਵੀ ਇੰਨ-ਬਿੰਨ
ਜਦੋਂ ਤੂੰ
ਨਿੱਕਾ ਕਤੂਰਾ ਬਣ
ਮੇਰੇ ਪੈਰਾਂ 'ਚ ਲਿਟਦਾ
ਮੋਢੇ 'ਤੇ ਚੜ੍ਹਦਾ
ਮੈਨੂੰ ਘੋੜਾ ਬਣਾਉਂਦਾ-
'ਚੱਲ ਮੇਰੇ ਘੋੜੇ ਟਿਕ ਟਿਕ ਟਿਕ'
ਕਦੀ ਮੰਜੇ 'ਤੇ ਸਿੱਟ ਕੇ
ਘੋਲ ਡਹਿੰਦਿਆਂ
ਤੂੰ ਮੈਨੂੰ ਢਾਹ ਲੈਂਦਾ
ਮੇਰੀ ਛਾਤੀ 'ਤੇ ਚੜ੍ਹ ਕੇ
ਦੋਹਵੇਂ ਬਾਹਵਾਂ ਉਤਾਂਹ ਚੁੱਕ
ਆਪਣੇ ਜੇਤੂ ਹੋਣ ਦਾ
ਐਲਾਨ ਕਰਦਾ।

ਹਰ ਵਾਰ
ਚੰਗਾ ਲੱਗਦਾ ਰਿਹਾ
ਮੈਨੂੰ
ਤੇਰੇ ਕੋਲੋਂ ਢਹਿ ਜਾਣਾ।
ਸ਼ਾਇਦ ਇੰਝ ਹੀ
ਚੰਗਾ ਲੱਗਦਾ ਰਿਹਾ ਹੋਵੇ
ਮੇਰੇ ਬਾਪ,ਉਸਦੇ ਬਾਪ ਤੇ ਫਿਰ
ਉਸਦੇ, ਉਸਦੇ ਉਸਦੇ ਬਾਪ ਨੂੰ...

ਇਸੇ ਢਹਿ ਜਾਣ ਵਿਚ
ਜ਼ਿੰਦਗੀ ਅੱਗੇ ਵਧੀ ਹੈ-
ਜੋ ਪਿੱਛੋਂ ਲਿਆ
ਉਸ ਵਿਚ ਹੋਰ ਵਾਧਾ ਕਰਕੇ
ਅੱਗੇ ਦੇਣ ਵਿਚ
ਝੁਕਣ ਵਿਚ, ਲਿਫ਼ਣ ਵਿਚ
ਤੇ ਝੂਠੀ-ਮੂਠੀ ਢਹਿਣ ਵਿਚ ਹੀ
ਜਿੱਤ ਦਾ ਅਹਿਸਾਸ ਹੁੰਦਾ ਹੈ।
ਤੂੰ ਆਪਣੇ-ਆਪ ਨੂੰ
ਦੋਸ਼ੀ ਨਾ ਸਮਝ
ਇਹ ਕਰਜ਼
ਪੀੜ੍ਹੀ ਦਰ ਪੀੜ੍ਹੀ ਤੁਰੇਗਾ
ਇਹ ਦੇਣ ਵਾਲੇ ਨੂੰ
ਵਾਪਸ ਨਹੀਂ ਮਿਲਦਾ
ਸਮੇਤ ਸੂਦ ਅਗਲੀ ਨਸਲ
ਤੈਥੋਂ ਲੈ ਲਵੇਗੀ।

ਮੇਰੀ ਜਿੱਤ ਦਾ ਜਸ਼ਨ ਤਾਂ
ਮੈਥੋਂ ਉੱਚੇ ਤੇ ਚੌੜੇ
ਤੇਰੇ ਮੋਢੀ
ਸਵਾਰੀ ਕਰਨ ਵੇਲੇ ਹੋਵੇਗਾ
ਮੇਰੇ ਢਹਿ ਜਾਣ 'ਤੇ ਵੀ
ਮੇਰੇ ਹਰ ਜਾਣ 'ਤੇ ਵੀ
ਤੂੰ ਮੇਰੇ ਗਲ ਹਾਰ ਪਾਵੇਂਗਾ
ਉਦੋਂ ਮੈਂ ਢਹਿ ਕੇ ਵੀ
ਜੇਤੂ ਕਹਾਵਾਂਗਾ।

## 5. ਗ਼ਜ਼ਲ

ਸੁਪਨੇ ਦੇ ਵਿਚ ਸੜਦਾ ਜੰਗਲ ਦਿਸਦਾ ਹੈ
ਦਿਨ ਚੜ੍ਹਦੇ ਅੱਖਾਂ 'ਚ ਬੱਦਲ ਫ਼ਿਸਦਾ ਹੈ

ਤੇਰੇ ਬੁੱਲ੍ਹਾਂ ਦੀ ਛੋਹ ਪਾ ਕੇ ਭਰਿਆ ਨਾ
ਜ਼ਖ਼ਮ ਮੇਰੇ ਮੱਥੇ ਦਾ ਹਾਲੇ ਰਿਸਦਾ ਹੈ

ਤੇਰੇ ਹੱਥ ਤਾਂ ਅੱਜ ਵੀ ਪਾਕ ਪਵਿੱਤਰ ਨੇ
ਲਹੂ ਮੇਰੇ ਵਿਚ ਡੁੱਬਿਆ ਖ਼ੰਜਰ ਕਿਸਦਾ ਹੈ

ਉਹ ਨਾ ਸਾਗਰ ਨਦੀ, ਝੀਲ ਨਾ ਦਰਿਆ ਹੈ
ਉਹ ਤਾਂ ਉਂਜ ਹੀ ਭਰਿਆ ਭਰਿਆ ਦਿਸਦਾ ਹੈ

ਤਨ 'ਤੇ ਕਾਬਜ਼ ਕੋਈ ਮਨ 'ਤੇ ਕੋਈ ਹੈ
ਸਾਂਭ ਲਵੇ ਜਿਹੜਾ ਵੀ ਹਿੱਸਾ ਜਿਸਦਾ ਹੈ

ਬੀਨ ਸਪੇਰਾ ਨਾਗ਼ ਨਹੀਂ ਦੋਸ਼ੀ ਕੋਈ
ਦੋਸ਼ ਤਾਂ ਸੋਚਾਂ ਅੰਦਰ ਫ਼ੈਲੀ ਵਿੱਸ ਦਾ ਹੈ

ਕੀ ਹੋਇਆ ਕਿਸ ਨੇ ਕੀਤਾ ਤੇ ਕਿਉਂ ਕੀਤਾ
ਕੌਣ ਨਚਾਵੇ ਨਾਚ ਤਮਾਸ਼ਾ ਕਿਸਦਾ ਹੈ।

## 6. ਗ਼ਜ਼ਲ

ਪੌਣ ਦੇ ਖੰਭਾਂ 'ਤੇ ਲਿਖਿਆ ਗੀਤ ਹਾਂ, ਮੈਨੂੰ ਪਛਾਣ
ਮੈਂ ਤੇਰੇ ਆਪਣੇ ਖ਼ਲਾਅ ਦੀ ਚੀਕ ਹਾਂ, ਮੈਨੂੰ ਪਛਾਣ

ਛੋਟਿਆਂ ਸਾਹਾਂ 'ਤੇ ਆਈ ਬੰਦ ਹੁੰਦੀ ਨਬਜ਼ ਦੀ
ਤਲੀ 'ਤੇ ਲੰਮੀ ਉਮਰ ਦੀ ਲੀਕ ਹਾਂ, ਮੈਨੂੰ ਪਛਾਣ

ਮੈਂ ਨਹੀਂ ਰਹਿੰਦਾ ਸੁਰਾਂ, ਸਾਜ਼ਾਂ, ਗਲੇ ਦੀ ਸੇਜ਼ ਵਿਚ
ਮੈਂ ਤੇਰੇ ਅੰਦਰ, ਤੇਰਾ ਸੰਗੀਤ ਹਾਂ, ਮੈਨੂੰ ਪਛਾਣ

ਪਿਘਲਦੇ ਸੀ ਜੋ ਕਦੇ ਇਕ ਦੂਸਰੇ ਦੇ ਸੇਕ ਨਾਲ
ਯੱਖ ਹੋਏ ਰਿਸ਼ਤਿਆਂ ਦੀ ਸੀਤ ਹਾਂ, ਮੈਨੂੰ ਪਛਾਣ

ਮੈਂ ਕਦੀ ਦੋਸ਼ੀ, ਕਦੀ ਮੁਨਸਫ਼, ਕਦੀ ਅਪਰਾਧ ਹਾਂ
ਨਾ ਮੈਂ ਸਾਰਾ ਗ਼ਲਤ ਹਾਂ, ਨਾਂ ਠੀਕ ਹਾਂ, ਮੈਨੂੰ ਪਛਾਣ

ਸਰਕੂਲਰ ਰੋਡ, ਬਟਾਲਾ, (ਗੁਰਦਾਸਪੁਰ)



## ਗੁਰਦੀਪ ਦੀਆਂ ਨਵੀਆਂ ਗ਼ਜ਼ਲਾਂ

1. ਸਾਂਭ ਕੇ ਰੱਖਣ ਦਿਆਲੂ ਖ਼ੈਰਖਾਹੀ ਆਪਣੀ
ਖ਼ੁਦ ਅਸੀਂ ਹੱਥੀਂ ਵਿਹਾਜੀ ਹੈ ਤਬਾਹੀ ਆਪਣੀ

ਅਰਸ਼ ਨਾਲੋਂ ਟੁੱਟ ਕੇ ਮੈਂ ਨਾ ਕਿਸੇ ਥਾਂ ਦਾ ਰਿਹਾ
ਬਹੁਤ ਹੀ ਮਹਿੰਗੀ ਪਈ ਹੈ ਕਮਨਿਗਾਹੀ ਆਪਣੀ

ਜੋ ਵੀ ਕਰਨਾ ਹੈ ਤੁਸੀਂ ਇਹ ਸੋਚ ਕੇ ਏਥੇ ਕਰੋ
ਹੁਕਮਰਾਨੀ ਬਾਹਰਲੀ ਹੈ ਬਾਦਸ਼ਾਹੀ ਆਪਣੀ

ਮੈਂ ਨਹੀਂ ਭਾਜੜ 'ਚ ਹੋ ਸਕਣਾ ਤੁਹਾਡਾ ਹਮਕਦਮ
ਸਾਂਭ ਕੇ ਰੱਖੋ ਤੁਸੀਂ ਇਹ ਸਰਬਰਾਹੀ ਆਪਣੀ

ਦਰਦ ਦਾ ਕਾਰਣ ਸਮਝ ਆਵੇ ਤੇ ਆਵੇ ਕਿਸ ਤਰ੍ਹਾਂ
ਗ਼ੈਰ ਦਾ ਨੁਕਤਾ-ਨਜ਼ਰ ਹੈ ਤੇ ਤਬਾਹੀ ਆਪਣੀ

ਕੈਦ 'ਚੋਂ ਦਿਲ ਦੀ ਰਿਹਾਈ ਦਾ ਨਹੀਂ ਕੋਈ ਸਬੂਤ
ਦਰਦ ਨੇ ਪਾਈ ਨਹੀਂ ਇਸ 'ਤੇ ਗਵਾਹੀ ਆਪਣੀ।

2. ਇਹ ਕਿਸ ਤਰ੍ਹਾਂ ਦੀ ਬੋਲੀ ਅਸਮਾਨ ਬੋਲਦੇ ਨੇ
ਰੁੱਤਾਂ ਦੇ ਨਾਲ ਜੁੜਦੇ ਵਿਸ਼ਵਾਸ ਡੋਲਦੇ ਨੇ

ਜ਼ਖ਼ਮਾਂ ਦੀ ਕੋਈ ਜਿਸਨੂੰ ਪਹਿਚਾਣ ਹੀ ਨਹੀਂ ਹੈ
ਇਹ ਜ਼ਖ਼ਮ ਉਸ ਨਿਆਂ ਤੋਂ ਇਨਸਾਫ਼ ਟੋਲਦੇ ਨੇ

ਇਹ ਗੱਲ ਭੁੱਖ ਖ਼ਾਤਰ ਇਕ ਮਸਲਹਤ ਰਹੀ ਹੈ
ਦਿਨ-ਰਾਤ ਰਸਦਖਾਨੇ ਕੀ ਮਾਲ ਤੋਲਦੇ ਨੇ

ਸੰਭਵ ਹੈ ਅਸਰ ਮਾੜਾ ਹੋਵੇ ਕਿਸੇ ਦਵਾ ਦਾ
ਨੁਸਖੇ 'ਚ ਕੀਮੀਆਂਗਰ ਜ਼ਹਿਰਾਂ ਵੀ ਘੋਲਦੇ ਨੇ

ਮੰਦਰ-ਮਸੀਤ ਨਾਲੋਂ ਉੱਚਾ ਨਹੀਂ ਜੋ ਉੱਡਦੇ
ਉਹ ਪਰ ਉਡਾਣ ਆਪਣੀ ਪੈਰਾਂ 'ਚ ਰੋਲਦੇ ਨੇ

ਦਰਦਾਂ ਦੀ ਨਕਸ਼ਕਾਰੀ ਹੁੰਦੀ ਸਹੀ ਕੀ ਮੈਥੋਂ
ਕੁਝ ਦਰਦ ਦੂਰ ਬਾਹਲੀ ਕੁਝ ਦਰਦ ਕੋਲ ਦੇ ਨੇ।

3. ਨਾ ਉਲਝੀ ਹਕੀਕਤ ਤੋਂ ਨਾ ਆਸ ਦੇ ਖੰਡਰ ਤੋਂ
ਡਰਦਾ ਹੈ ਸ਼ਹਿਰ ਸਾਰਾ ਬੇਜ਼ਾਰ ਤਸੱਵਰ ਤੋਂ

ਹੁਣ ਤਲਖ਼ ਹਕੀਕਤ ਨੂੰ ਆ ਲੈਣ ਦਿਓ ਸਾਹਵੇਂ
ਢਕ ਹੋਣੇ ਨਹੀਂ ਸਹਿਸੇ ਵਿਸ਼ਵਾਸ ਦੀ ਚਾਦਰ ਤੋਂ

ਕਿੰਨੀ ਕੁ ਹਮਾਗੀਰੀ ਹੈ ਓਸ ਤਸੱਵਰ ਵਿਚ
ਰੱਖਦਾ ਜੋ ਅਲਹਿਦਾ ਹੈ ਲਹਿਰਾਂ ਨੂੰ ਸਮੁੰਦਰ ਤੋਂ

ਤੌਹੀਨੇ ਅਦਾਲਤ ਦਾ ਹੈ ਜੁਰਮ ਮੇਰੇ ਉੱਤੇ
ਬੇਜ਼ਾਰ ਮੈਂ ਹੋਇਆ ਹਾਂ ਆਦਲ ਦੇ ਅਡੰਬਰ ਤੋਂ

ਇਸ ਧੁੱਪ ਦੇ ਰਸਤੇ ਵਿਚ ਆਖ਼ਰ ਕੀ ਰੁਕਾਵਟ ਹੈ
ਕੁਝ ਦੂਰ ਹੀ ਦਿਸਦੀ ਹੈ ਹਰ ਰੋਜ਼ ਮੇਰੇ ਘਰ ਤੋਂ

4. ਭਖ਼ ਕੇ ਲਹਿਕਣ ਵਾਲਿਆਂ ਵਿਚ ਮੈਂ ਵੀ ਸੀ
ਖਿੜਨ ਮਹਿਕਣ ਵਾਲਿਆਂ ਵਿਚ ਮੈਂ ਵੀ ਸੀ

ਜ਼ਖ਼ਮ ਕਿੱਦਾਂ ਬਚ ਗਏ ਹੋਣੇਂ ਨਸ਼ਰ
ਪੀ ਕੇ ਬਹਿਕਣ ਵਾਲਿਆਂ ਵਿਚ ਮੈਂ ਵੀ ਸੀ

ਪੱਤੀ-ਪੱਤੀ ਹੋਣਾ ਸੀ ਲਾਜ਼ਿਮ ਮਿਰਾ
ਖਿੜ ਕੇ ਮਹਿਕਣ ਵਾਲਿਆਂ ਵਿਚ ਮੈਂ ਵੀ ਸੀ

ਆਪਣਾ ਦਾਮਨ ਹੀ ਲੂਹਿਆ ਮੈਂ ਸਦਾ
ਉੱਦਾਂ ਲਹਿਕਣ ਵਾਲਿਆਂ ਵਿਚ ਮੈਂ ਵੀ ਸੀ

ਸੱਟ ਖਾ ਕੇ ਜੀਣ ਦੀ ਉਮੀਦ ਨਾਲ
ਲੁਕ ਕੇ ਸਹਿਕਣ ਵਾਲਿਆਂ ਵਿਚ ਮੈਂ ਵੀ ਸੀ.

ਮਿਲਕੇ ਤੈਨੂੰ ਹੋ ਗਿਆ ਕਾਇਆ-ਕਲਪ
ਗ਼ਮ ਤੋਂ ਤਹਿਕਣ ਵਾਲਿਆਂ ਵਿਚ ਮੈਂ ਵੀ ਸੀ

ਜੀਭ ਤੇ ਠਾਕੀ ਗਈ ਮਗਰੋਂ ਕਿਤੇ
ਪਹਿਲੋਂ ਚਹਿਕਣ ਵਾਲਿਆਂ ਵਿਚ ਮੈਂ ਵੀ ਸੀ।

5. ਧੜਕਣ ਦਾ ਚੇਤਾ ਭੁਲਾ ਲੈਣ ਵਾਲੇ
ਸੌਖੇ ਨੇ ਦਿਲ ਨੂੰ ਟਿਕਾ ਲੈਣ ਵਾਲੇ

ਭਰੋਸਾ ਸ਼ਰਾਬਾਂ 'ਤੇ ਕਰਦੇ ਰਹੇ ਨੇ
ਸਾਗਰ ਨੂੰ ਮਹਿਰਮ ਬਣਾ ਲੈਣ ਵਾਲੇ

ਸਾਹਲ 'ਤੇ ਬੈਠੇ ਨੇ ਬੇਹਿਸ ਜਿਹੇ ਹੁਣ
ਲਹਿਰਾਂ ਤੋਂ ਦਾਮਨ ਬਚਾ ਲੈਣ ਵਾਲੇ



ਸਾਂਭਣ ਦੇ ਕਾਬਲ ਉਦਾਸੀ ਹਵਾ ਦੀ
ਨਗ਼ਮੇਂ ਨੇ ਇਸ ਦੇ ਚੁਰਾ ਲੈਣ ਵਾਲੇ

ਨਹੀਂ ਪੁੱਗਦੀ ਸਾਂਝ ਅੱਜਕਲ੍ਹ ਦਿਲਾਂ ਦੀ
ਸੱਚੇ ਨੇ ਹਿੱਸਾ ਵੰਡਾ ਲੈਣ ਵਾਲੇ

ਮੇਰੇ ਕੋਲ ਚਾਨਣ ਬੇਗਾਨੇ ਨੇ ਅੱਜਕਲ੍ਹ
ਨਹੀਂ ਕੋਲ ਦੀਵੇ ਜਗਾ ਲੈਣ ਵਾਲੇ

ਖ਼ਤਰੇ ਨਵੇਂ ਨੇ ਜ਼ਮਾਨੇ 'ਨਵੇਂ' ਦੇ
ਨਹੀਂ ਪੰਧ ਸੌਖੇ ਮੁਕਾ ਲੈਣ ਵਾਲੇ

ਛਾਵਾਂ ਦੀਆਂ ਹਸਰਤਾਂ ਪਾਲਦੇ ਨੇ
ਜ਼ੁਲਫਾਂ 'ਚ ਸੂਰਜ ਲੁਕਾ ਲੈਣ ਵਾਲੇ

6. ਗੱਡੀ ਹੋਈ ਬਹਾਰ ਦੇ ਦਰ 'ਤੇ ਸਲੀਬ ਹੈ
ਪੈਗਾਮ ਚਿੱਤਰਕਾਰ ਦਾ ਕਿੰਨਾ ਅਜੀਬ ਹੈ

ਥੜਕਣ ਨੂੰ ਅੱਡ ਕਰ ਲਿਆ ਜਜ਼ਬੇ ਤੋਂ ਅੰਤ ਮੈਂ
ਮੈਨੂੰ ਨਵਾਂ ਜਹਾਨ ਦੀ ਸੋਹਬਤ ਨਸੀਬ ਹੈ

ਦਿਲ ਦੇ ਦਰਾਂ 'ਤੇ ਸਖ਼ਤ ਹੈ ਪਹਿਰਾ ਇਕੱਲ ਦਾ
ਮੇਰੇ ਘਰੋਂ ਬਜ਼ਾਰ ਦੀ ਰੌਣਕ ਕਰੀਬ ਹੈ

ਮੇਰਾ ਵੰਡਾਵੇ ਦਰਦ ਜੋ ਚੰਗਾ ਹੈ ਯਾਰ ਉਹ
ਰੱਖੇ ਤੇਰਾ ਖ਼ਿਆਲ ਜੋ ਚੰਗਾ ਰਕੀਬ ਹੈ

ਦਿੰਦਾ ਹੈ ਇਸ 'ਤੇ ਜਾਨ ਤੇ ਰਹਿੰਦਾ ਹੈ ਦੂਰ ਹੀ
ਸੁਪਨੇ ਦਾ ਨਾਲ ਸੱਚ ਦੇ ਰਿਸ਼ਤਾ ਅਜੀਬ ਹੈ।

7. ਦਰਦ ਕਿੱਥੇ ਸਾਂਭਣੇ ਨੇ ਯਾਰ ਹੁਣ
ਮੈਨੂੰ ਦਿਲ ਉੱਤੇ ਨਹੀਂ ਇਤਬਾਰ ਹੁਣ

ਥੱਕਦੇ ਜਾਂਦੇ ਨੇ ਪਰ ਪਰਵਾਜ਼ ਦੇ
ਕੌਣ ਚੁੱਕੇ ਧੜਕਣਾਂ ਦਾ ਭਾਰ ਹੁਣ

ਰੋਜ਼ ਦੀ ਪੇਸ਼ੀ ਹੈ ਮੇਰੀ ਦਰਦ ਦੇ
ਆਪਣੇ ਸਾਰੇ ਨੇ ਪਹਿਰੇਦਾਰ ਹੁਣ

ਮੈਨੂੰ ਅੱਗੇ ਸੀ ਜ਼ਮਾਨੇ 'ਤੇ ਗਿਲਾ
ਦਿਲ ਹੈ ਆਪਣੇ ਆਪ ਤੋਂ ਬੇਜ਼ਾਰ ਹੁਣ

ਪਿਰਤ ਹੀ ਮਾਰੀ ਗਈ ਹੈ ਵਣਜ ਦੀ
ਕੀ ਸਹੀ ਹੋਣੇ ਨੇ ਕਾਰੋਬਾਰ ਹੁਣ

ਰਾਹੀਂ ਰਸਤੇ ਬਦਲਦੇ ਨੇ ਇਸ ਤਰ੍ਹਾਂ
ਪੈਰ ਵੀ ਕਰਦੇ ਨਹੀਂ ਇਸਰਾਰ ਹੁਣ

ਇਸ ਕਿਨਾਰੇ ਖੇਡ ਕੇ ਛੱਲਾਂ ਦੇ ਨਾਲ
ਜਾ ਟਿਕੇ ਨੇ ਯਾਰ ਪਰਲੇ ਪਾਰ ਹੁਣ

ਜੁੜਕੇ ਬਣੀਆਂ ਨੇ ਇਕੱਲਾਂ ਮਹਿਫ਼ਲਾਂ
ਰੌਣਕਾਂ ਦੀ ਗੱਲ ਹੈ ਬੇਕਾਰ ਹੁਣ

8. ਮੇਰੇ ਅੰਦਰ ਬਾਹਰ ਨੇ ਉਹ ਯਾਰ ਮੇਰੇ ਆਪਣੇ
ਦਿਲ ਨੇ ਸਾਂਭੇ ਹੋਏ ਨੇ ਇਤਬਾਰ ਮੇਰੇ ਆਪਣੇ

ਖੁੱਲ੍ਹੀ ਹੋਈ ਹੈ ਹਕੀਕਤ ਵਕਤ ਦੇ ਇਖ਼ਲਾਕ ਦੀ
ਪਰ ਲੁਕੇ ਨੇ ਇਸ 'ਚ ਵੀ ਅਸਰਾਰ ਮੇਰੇ ਆਪਣੇ

ਦਰਦ ਹੈ ਮੇਰਾ ਤੇ ਮੈਂ ਹਾਂ ਏਸ ਜ਼ਾਲਮ ਦਰਦ ਦਾ
ਖਾਰ ਮੇਰੇ ਆਪਣੇ, ਗੁਲਜ਼ਾਰ ਮੇਰੇ ਆਪਣੇ

ਮੈਅਕਦੇ ਵਿਚ ਨਕਸ਼ ਮਿਲਦੇ ਨੇ ਮੇਰੀ ਪਹਿਚਾਣ ਦੇ
ਮੇਰਾ ਸਾਕੀ ਆਪਣਾ ਮੈਅਖ਼ਾਰ ਮੇਰੇ ਆਪਣੇ

ਬਣ ਗਈ ਰੌਣਕ ਦਾ ਕਾਰਣ ਮੇਰੇ ਦਰਦਾਂ ਦੀ ਬਰਾਤ
ਇਸ ਸ਼ਹਿਰ ਦੀ ਜਿੰਦ ਨੇ ਦਿਲਦਾਰ ਮੇਰੇ ਆਪਣੇ

ਜ਼ਿੰਦਗੀ ਆਸਾਂ ਉਡੀਕਾਂ ਦੇ ਸਬਰ ਦਾ ਹੀ ਹੈ ਨਾਂ
ਇਕਰਾਰ ਮੇਰੇ ਆਪਣੇ ਇਨਕਾਰ ਮੇਰੇ ਆਪਣੇ

ਸਿਤਮ ਦੀ ਸਾਜ਼ਸ਼ ਦਾ ਮੈਨੂੰ ਲੱਗ ਜਾਂਦਾ ਹੈ ਪਤਾ
ਦੁਸ਼ਮਣਾਂ ਅੰਦਰ ਵੀ ਨੇ ਦੋ-ਚਾਰ ਮੇਰੇ ਆਪਣੇ

ਮੈਂ ਕਿਰਾਏਦਾਰ ਹਾਂ ਤੇ ਬਦਲਨਾ ਪੈਂਦੇ ਮਕਾਨ
ਹੋ ਨਹੀਂ ਪਾਉਂਦੇ ਦਰੋ-ਦੀਵਾਰ ਮੇਰੇ ਆਪਣੇ।

(ਪਿੰਡ- ਰੇਸ਼ਮ ਮਾਜਰੀ, ਡਾ- ਡੋਈਵਾਲਾ, ਜ਼ਿਲ੍ਹਾ ਡੇਹਰਾਦੂਨ, ਉਤਰਾਂਚਲ)





## ਜਸਵਿੰਦਰ

ਅਜੇ ਵੀ ਬਹੁਤ ਸਾਰੇ ਬੀਜ ਪੁੰਗਰਨ ਨੂੰ ਮਚਲਦੇ ਨੇ
ਭਲਾ ਇਹ ਲੋਕ ਮਿੱਟੀ ਗਮਲਿਆਂ ਦੀ ਕਿਉਂ ਬਦਲਦੇ ਨੇ

ਪਛਾਣੇ ਜਾਣ ਤੋਂ ਡਰਦੇ ਜਿਵੇਂ ਇਹ ਹੋਣ ਅਪਰਾਧੀ
ਮੁਖੌਟੇ ਓੜ੍ਹ ਕੇ ਇਸ ਸ਼ਹਿਰ ਦੇ ਸੂਰਜ ਨਿਕਲਦੇ ਨੇ

ਇਹਨਾਂ ਗਲੀਆਂ ਦੀ ਤਿਲ੍ਹਕਣ ਵਿਚ ਵੀ ਤੁਰਦੇ ਜਾ ਰਹੇ ਲੋਕੀਂ
ਜਿਹਨਾਂ ਦੇ ਪੈਰ ਹੀ ਪਾਰੇ ਦੇ ਨੇ ਉਹੀ ਫਿਸਲਦੇ ਨੇ

ਬੜਾ ਇਤਰਾਜ਼ ਹੈ ਜੰਗਲ 'ਤੇ ਪਤਝੜ ਦੇ ਵਕੀਲਾਂ ਨੂੰ
ਬਿਨਾਂ ਮਨਜ਼ੂਰੀਓਂ ਇਹ ਬਿਰਖ ਕਿਉਂ ਪੱਤੇ ਬਦਲਦੇ ਨੇ

ਤੂੰ ਮਾਸੂਮਾਂ ਦਿਆਂ ਨੈਣਾਂ 'ਚ ਡੁਬ ਕੇ ਪਾਕ ਹੋ ਸਕਦੈਂ
ਇਹਨਾਂ ਝੀਲਾਂ 'ਚ ਕਾਂ ਵੀ ਹੰਸ ਬਣ-ਬਣ ਕੇ ਨਿਕਲਦੇ ਨੇ

ਜਦੋਂ ਮੈਂ ਤੋੜ ਕੇ ਗੀਤਾਂ ਤੇਰੇ ਵੱਲ ਦੋ ਕਦਮ ਪੁੱਟਾਂ
ਮੇਰੇ ਆਪਣੇ ਲਿਖੇ ਅੱਖਰ ਮੇਰਾ ਅੱਗਾ ਵਗਲਦੇ ਨੇ

ਮੁਹੱਬਤ ਦੀ ਸੁਗੰਧੀ ਆਸਰੇ ਚਲਦੇ ਹਾਂ ਆਪਾਂ ਤਾਂ
ਅਨੇਕਾਂ ਲੋਕ ਨੇ ਜੋ ਸਿਰਫ਼ ਪੈਰਾਂ ਨਾਲ ਚਲਦੇ ਨੇ।

## ਨਿਰਮਲ ਪਰਸੰਨ

ਚੁਰਾਉਂਦੇ ਹੀ ਰਹੇ ਹਾਸੇ, ਤੁਸੀਂ ਜੋ ਮਹਿਫ਼ਿਲਾਂ ਅੰਦਰ,
ਵਧੇਗਾ ਹੋਰ ਵੀ ਪਾੜਾ, ਲਹੂ ਦੇ ਰਿਸ਼ਤਿਆਂ ਅੰਦਰ।

ਲਗਾ ਕੇ ਅੱਗ ਗੁਲਸ਼ਨ ਨੂੰ, ਤਮਾਸ਼ਾ ਖੂਬ ਵੇਹਦਾ ਸੀ,
ਕਿਵੇਂ ਹੁਣ ਪਿੱਟਦਾ ਫਿਰਦੈਂ, ਜਾਂ ਫੈਲੀ ਧੌਲਰਾਂ ਅੰਦਰ।

ਬਚਾਵੋਗੇ ਕਿਵੇਂ ਆਪਾ, ਮਖੌਟਾ ਧਾਰੀਆਂ ਕੋਲੋਂ,
ਮਸੀਹੇ ਖੋਹ ਰਹੇ ਅਕਲਾਂ, ਛੁਪੇ ਜੋ ਰਾਹਬਰਾਂ ਅੰਦਰ।

ਵਿਖਾ ਕੇ ਸਨਅਤੀ ਘਾਟਾ , ਬਣਾਉਂਦੇ ਨੇ ਕਿਵੇਂ ਮੂਰਖ,
ਛੁਪਾਇਆ ਕਿਰਤ ਸਾਡੀ ਨੂੰ, ਜਿਹਨਾਂ ਨੇ ਲਾਕਰਾਂ ਅੰਦਰ।

ਕਦੇ ਰੌਸ਼ਨ ਚੌਗਿਰਦਾ ਸੀ ਆਸਾਂ ਦਾ, ਖੇੜਿਆਂ ਭਰਿਆ,
ਸੁਣਾਂ ਕਿਉਂ ਵੈਣ ਰਾਤਾਂ ਨੂੰ, ਧੁਆਂਖੇ ਅੰਬਰਾਂ ਅੰਦਰ।

ਸ਼ਨਾਖ਼ਤ ਖੋ ਗਈ ਜਿਸਦੀ, ਥਲਾਂ ਦੀ ਰੇਤ ਦੇ ਅੰਦਰ,
ਕਿਵੇਂ ਹੈ ਵਿਲਕਦੀ ਫਿਰਦੀ, ਨਦੀ ਉਹ ਸਾਗਰਾਂ ਅੰਦਰ।

ਸੁਣੋਗੇ ਤੋਤਲੇ ਹਾਸੇ ਕਿਵੇਂ ਛਣਕਾਰ ਵੰਗਾਂ ਦੀ?
ਤੁਸਾਂ ਹੈ ਬਦਲਿਆ ਜੇਕਰ, ਘਰਾਂ ਨੂੰ ਦਫ਼ਤਰਾਂ ਅੰਦਰ।

ਮੁਹਾਰਤ ਹੋ ਗਈ 'ਨਿਰਮਲ', ਜਿਹਨਾਂ ਨੂੰ ਜੀ ਹਜ਼ੂਰੀ ਦੀ,
ਉਹ ਨੇ ਮਾਰਦੇ ਫਰਲੋ ਜੋ ਕੜਛੇ ਅਫਸਰਾਂ ਅੰਦਰ।

ਨਹੀਂ ਬੰਦਿਸ਼ ਖਿਆਲਾਂ ਦੀ, ਨਹੀਂ ਇਹ ਫਾਇਲੁਨ ਫੈਲੁਨ,
ਗ਼ਜ਼ਲ ਤਾਂ ਚੋਗ ਸ਼ਬਦਾਂ ਦੀ, ਸੁਰਾਂ ਤੇ ਸਰਗਮਾਂ ਅੰਦਰ।

*ਰੇਖਾ-ਚਿਤਰ :*

# ਭਰੀ ਹੋਈ ਝੋਲੀ ਵਾਲਾ ਦਰਵੇਸ਼ : ਗੁਰਦੀਪ

## (ਪ੍ਰੇਮ ਸਾਹਿਲ)

**ਰਾਤ ਭਰ ਕੁਝ ਤੂੰ ਕਿਹਾ ਮੈਨੂੰ ਨਾ ਮੈਂ ਤੈਨੂੰ ਕਿਹਾ**
**ਫਿਰ ਵੀ ਇਸ ਸੀਨੇ 'ਚੋਂ ਸਾਰੇ ਰਾਜ਼ ਮੁੱਕ ਚੱਲੇ ਨੇ ਯਾਰ**

**ਝੋਲ ਵਿਚ ਕਿਰਦੇ ਰਹੇ ਮੇਰੀ ਸਿਤਾਰੇ ਰਾਤ ਭਰ**
**ਰੌਸ਼ਨੀ ਵਿਚ ਸੁਪਨਿਆਂ ਦੇ ਨਕਸ਼ ਲੁਕ ਚੱਲੇ ਨੇ ਯਾਰ** ਗੁਰਦੀਪ

ਜਿੰਨਾ ਸਿੱਧਾ ਉਹ ਜਾਪਦਾ ਹੈ ਓਨਾ ਸਿੱਧਾ ਦਰਅਸਲ ਉਹ ਹੈ ਨਹੀਂ। ਕੰਨਾਂ ਨਾਲ ਤਾਂ ਉਹ ਵੇਖਦਾ ਤੇ ਅੱਖਾਂ ਨਾਲ ਸੁਣਦਾ ਹੈ। ਦਿਮਾਗ਼ ਨਾਲ ਮਹਿਸੂਸ ਕਰਦਾ ਹੈ ਤੇ ਦਿਲ ਨਾਲ ਉਹ ਸੋਚਦਾ ਹੈ। ਐਸੇ ਅਸ਼ਟਵਕਰ ਦੀ ਡੀਟੇਲ ਤਿਆਰ ਕਰਦੇ ਸਮੇਂ ਮੇਰੇ ਵਰਗੇ ਨਾਮਾਕੂਲ ਦਾ ਗਧੀਗੇੜ 'ਚ ਪੈ ਜਾਣਾ ਕੋਈ ਅਪਵਾਦ ਨਹੀਂ।

**ਤਰਕ ਦਾ ਰਸਤਾ ਅਸਾਡੇ ਦਰਦ ਨੇ ਫੜਨਾ ਨਹੀਂ**
**ਅਕਲ ਨੇਂ ਕਾਇਲ ਨਹੀਂ ਹੋਣਾ ਕਦੀ ਜਜ਼ਬਾਤ ਦਾ**

ਕਦੇ ਉਹ ਤਾਰੇ ਜਿੰਨਾ ਦੂਰ ਜਾਪਦਾ ਹੈ ਤੇ ਕਦੇ ਤਾਰੇ ਦੀ ਲੋਅ ਜਿੰਨਾ ਨੇੜੇ। ਕਦੇ ਉਹ ਰੰਗ ਦੀ ਰੂਹ ਜਾਪਦਾ ਹੈ ਜਿਸ ਨੂੰ ਫੜਨ ਲਈ ਸ਼ਬਨਮ ਦੀ ਨਜ਼ਰ ਚਾਹੀਦੀ ਹੈ। ਪਰ ਐਸੀ ਨਜ਼ਰ ਵੱਲੋਂ ਮੇਰਾ ਹੱਥ ਕੁਝ ਤੰਗ ਹੈ। ਫਿਰ ਵੀ ਮੈਂ ਏਨਾ ਜ਼ਰੂਰ ਜਾਣਨਾ ਪਈ ਧੜਕਣ ਗੁਰਦੀਪ ਦਾ ਉਹ ਸਿਰਾ ਹੈ ਜਿਸ ਨੂੰ ਪਕੜ ਕੇ ਹਰ ਉਹ ਸ਼ਖ਼ਸ ਜੋ ਖ਼ੁਦ ਵੀ ਧੜਕਦਾ ਹੈ, ਉਸ ਦੇ ਅੰਤਰ-ਲੋਕ ਦੀ ਯਾਤ੍ਰਾ ਕਰ ਸਕਦਾ ਹੈ। ਕਿਉਂਕਿ ਧੜਕਣ ਨੂੰ ਧੜਕਣ ਨਾਲ ਹੀ ਫੜਿਆ ਜਾ ਸਕਦਾ ਹੈ ਜਿਵੇਂ ਲਾਟ ਨੂੰ ਲਾਟ ਨਾਲ। ਕਿਸੇ ਚਿਮਟੇ ਨਾਲ ਨਹੀਂ।

ਉਸਦਾ ਕਲਾਮ ਉਸਦੀ ਲੋਅ ਵੀ ਹੈ ਤੇ ਉਸ ਦੀ ਧੜਕਨ ਵੀ। ਉਸਦੀ ਸ਼ਖ਼ਸੀਅਤ ਦੀਆਂ ਸਾਰੀਆਂ ਪਰਤਾਂ, ਵਿੰਗ ਵਲਾਵੇਂ ਤੇ ਸਾਰੇ ਸ਼ੇਡ ਉਸ ਦੇ ਸ਼ੇ'ਰਾਂ 'ਚ ਨੇ। ਉਸ ਦਾ ਕੋਈ ਵੀ ਸ਼ੇ'ਰ ਕਲਿਕ ਕਰੋ ਪਰਤਾਂ ਤੇ ਖ਼ਮ ਖੁਲ੍ਹ-ਖੁਲ੍ਹ ਜਾਣਗੇ ਤੇ ਸ਼ੇਡ ਡੁੱਲ੍ਹ-ਡੁੱਲ੍ਹ ਪੈਣਗੇ। ਸ਼ਖ਼ਸੀਅਤ ਉਸ ਦੀ ਉਸ ਦੇ ਸ਼ੇ'ਰਾਂ ਵਾਂਗ ਬਹੁ-ਪਰਤੀ ਵੀ ਹੈ ਤੇ ਪਾਰਦਰਸ਼ੀ ਵੀ। ਉਸ ਦੇ ਸ਼ੇ'ਰਾਂ 'ਚ ਉਸ ਦੇ ਨੈਣ-ਨਕਸ਼ਾਂ ਦੀ ਸੰਪੂਰਨ ਡੀਟੇਲ ਵੇਖੀ ਜਾ ਸਕਦੀ ਹੈ। ਦਿਲ ਦੇ ਰਾਜ਼ ਉਹ ਧੜਕਣ ਰਾਹੀਂ ਸ਼ੇ'ਰਾਂ 'ਚ ਉਤਾਰ ਲੈਂਦਾ ਹੈ।

ਖ਼ੁਦਨੁਮਾਈ ਨੂੰ ਉਹ ਮਹਿਫ਼ਲ ਦੀ ਵਸਤੂ ਆਖਦਾ ਹੈ। ਜਦਕਿ ਅੰਦਰਲੇ ਮਨੋਂ ਚਾਹੁੰਦਾ ਹੈ ਕਿ ਕੋਈ ਉਸ ਦੇ ਅੰਦਰ ਝਾਕੇ, ਪਰ ਬੇਪਰਦਗੀ ਦੀ ਕੀਮਤ 'ਤੇ ਹਰਗਿਜ਼ ਨਹੀਂ। ਇਹ ਵੀ ਨਹੀਂ ਕਿ ਖ਼ੁਦਨੁਮਾਈ ਪ੍ਰਤੀ ਉਹ ਨਿਰਾ ਅਲਰਜਿਕ ਹੈ। ਰਾਜ਼ਦਾਰੀ ਦੀ ਸ਼ਰਤ 'ਤੇ ਖ਼ੁਦਨੁਮਾਈ ਵੀ ਉਸ ਨੂੰ ਮਨਜ਼ੂਰ ਹੈ। ਵੇਖਣ ਵਾਲੀ ਨਜ਼ਰ ਦੀ ਬਜਾਇ ਉਹ ਸਮਝਣ ਵਾਲੀ ਨਜ਼ਰ ਦਾ ਕਾਇਲ ਹੈ।

**ਖ਼ੁਦਨੁਮਾਈ ਨੂੰ ਹੈ ਮਹਿਫ਼ਲ ਦੀ ਤਲਾਸ਼**
**ਢੂੰ ਡਦੀ ਹੈ ਰਾਜ਼ਦਾਰੀ ਸ਼ਾਇਰੀ**

**ਦਿਲਾਂ ਵਿਚ ਇੰਝ ਨਾ ਝਾਕੋ ਕਿ ਬੇਪਰਦਾ ਖ਼ੁਸ਼ੀ ਹੋਵੇ**
**ਨਜ਼ਰ ਉਹ ਰਾਖਵੀਂ ਰੱਖੋ ਜੋ ਸਭ ਕੁਝ ਸਮਝਦੀ ਹੋਵੇ**

ਦੀਵੇ ਜਗਾਣ ਵਾਲੀ ਨਜ਼ਰ ਹੈ ਗੁਰਦੀਪ ਦੀ। ਰਾਤ ਦੀਆਂ ਅੱਖਾਂ ਵੀ ਉਸ ਦੀ ਨਜ਼ਰ ਦੇ ਹੀ ਖ਼ਾਬ ਵੇਖਦੀਆਂ ਨੇ। ਧੜਕਣ ਇੰਨੀ ਅਜ਼ੀਜ਼ ਹੈ ਉਸ ਨੂੰ ਕਿ ਉਸ ਦੀ ਖ਼ੁਸ਼ੀ ਲਈ ਬੇਰੁਖੀ ਦੇ ਤੌਖਲੇ ਦੀ ਲੋੜ ਵੀ ਪੂਰੀ ਕਰੇਗਾ। ਦਰਦ ਤੇ ਮੁਸਕਾਨ ਵਿਚਲੀ ਵਿੱਥ ਉਸਨੂੰ ਗਵਾਰਾ ਨਹੀਂ। ਰਾਹ ਤੇ ਉਡੀਕ ਦੇ ਰਿਸ਼ਤੇ ਦੀ ਸਲਾਮਤੀ ਵੀ ਚਾਹੁੰਦਾ ਹੈ। ਨਕਸ਼ ਸਹੀ ਨਾ ਬਣਨ ਦੀ ਸੂਰਤ ਵਿਚ ਖ਼ੁਦ ਨੂੰ ਮਿਟਾ ਦੇਣਾ ਵੀ ਉਸ ਨੂੰ ਆਉਂਦਾ ਹੈ। ਜ਼ਿੰਦਗੀ ਨਾਲ ਵਫ਼ਾ ਕਰਨਾ ਤਾਂ ਉਹ ਆਪਣਾ ਜਨਮ-ਸਿੱਧ ਅਧਿਕਾਰ ਸਮਝਦਾ ਹੈ।

ਮਸ਼ੀਨਾਂ ਦੇ ਪਤੇ 'ਤੇ ਧੜਕਣਾਂ ਨੂੰ , ਦਰਦ ਦੇ ਨਾਜ਼ੁਕ ਵਿਸ਼ੇ 'ਤੇ ਕਾਤਲਾਂ ਨੂੰ ਖ਼ਤ ਲਿਖਣ



ਵਾਲਾ ਗੁਰਦੀਪ ਮਹਿਬੂਬ ਨੂੰ ਮੁਖ਼ਾਤਿਬ ਹੋ ਕੇ ਸੁਪਨਿਆਂ ਨੂੰ ਵੀ ਖ਼ਤ ਲਿਖਦਾ ਹੈ। ਇੱਥੇ ਹੀ ਬਸ ਨਹੀਂ, ਉਹ ਤਾਂ ਕਿਸੇ ਗੁਆਂਢੀ ਲਹਿਰ ਦੀ ਤਲਾਸ਼ 'ਚ ਕੰਢਿਆਂ ਦੀ ਮਾਰਫ਼ਤ ਸਾਗਰਾਂ ਨੂੰ ਖ਼ਤ ਲਿਖਣ ਲੱਗਾ ਵੀ ਦੇਰ ਨਹੀਂ ਲਾਉਂਦਾ। ਖ਼ਤਾਂ 'ਚ ਹਰਫ਼ ਵੀ ਤਾਂ ਉਹ ਤਾਰਿਆਂ ਦੇ ਪਾਉਂਦਾ ਹੈ।

ਗੁਰਦੀਪ ਦੀ ਖਾਮੋਸ਼ੀ ਕਿਸੇ ਚੁੱਪ ਦਾ ਨਾਂ ਨਹੀਂ। ਖ਼ਾਮੋਸ਼ੀ ਤਾਂ ਉਸ ਦੀ ਸੋਚ ਵਿਚ ਡੁੱਬੀ ਹੋਈ ਆਵਾਜ਼ ਦਾ ਨਾਂ ਹੈ। ਰੌਲਾ ਤਾਂ ਹਰ ਕੋਈ ਪਾ ਲੈਂਦਾ ਹੈ, ਪਰ ਬੋਲਣ ਦਾ ਹੁਨਰ ਕਿਸੇ ਵਿਰਲੇ ਨੂੰ ਹੀ ਆਉਂਦਾ ਹੈ, ਗੁਰਦੀਪ ਜਦ ਬੋਲਦਾ ਹੈ ਧੜਕਣ 'ਚੋਂ ਬੋਲਦਾ ਹੈ। ਦੁਨੀਆ-ਜਹਾਨ ਦੀਆਂ ਤਮਾਮ ਧੜਕਣਾਂ ਉਸ ਦੀ ਧੜਕਣ ਵਿਚ ਸ਼ਾਮਿਲ ਰਹਿੰਦੀਆਂ ਨੇ। ਉਸ ਦੇ ਬੋਲਾਂ ਵਿਚ ਗੁਲਕਾਰੀਆਂ ਦੇ ਰੰਗ ਤੇ ਰਸ ਘੁਲੇ ਹੋਏ ਹੁੰਦੇ ਨੇ।

ਤਰੰਗਤ ਹੋਈ ਖ਼ਾਮੋਸ਼ੀ ਜਦ ਤਰੰਨਮ ਹੋਈ ਹੁੰਦੀ ਹੈ, ਉਸ ਵੇਲੇ ਉਹ ਸ਼ੇ'ਰ ਕਹਿੰਦਾ ਹੈ। ਗੁਰਦੀਪ ਜਦ ਸ਼ੇ'ਰ ਕਹਿ ਰਿਹਾ ਹੁੰਦਾ ਹੈ, ਕਹਿਕਸ਼ਾਂ ਦੇ ਨੂਰ ਦੀਆਂ ਬੂੰਦਾਂ ਹੀ ਲਫ਼ਜ਼ਾਂ 'ਚ ਢਲ ਰਹੀਆਂ ਹੁੰਦੀਆਂ ਨੇ।

ਆਪਣੇ ਸੁਖਨ 'ਚ ਗੁਰਦੀਪ ਦਾ ਹੁਸਨ ਸਿਰ ਚੜ੍ਹ ਕੇ ਬੋਲਦਾ ਹੈ। ਬਸ਼ਰਤੇ ਕਿ ਦੀਦਾਵਰ ਦੀ ਦ੍ਰਿਸ਼ਟੀ 'ਚ ਕੋਈ ਖੋਟ ਨਾ ਹੋਵੇ।

ਨਫ਼ਾਸਤ-ਪਸੰਦ ਇਸ ਜੱਟ ਦੇ ਨਖ਼ਰੇ ਉਠਾ ਸਕਣਾ ਵੀ ਕੋਈ ਸੌਖਾ ਕੰਮ ਨਹੀਂ। ਮਚਲਾ ਐਨਾ ਹੈ ਕਿ ਬਸ ਪੁੱਛੋ ਹੀ ਨਾ-

ਆਖੇਗਾ:

**ਮੈਂ ਨਹੀਂ ਚਾਹੁੰਦਾ ਕਿ ਫੋਲਾਂ ਦਿਲ ਕਿਤੇ**
**ਆਖ ਹੋ ਜਾਂਦਾ ਹੈ ਪਰ ਅਨਬੋਲ ਕੁਛ**

ਆਪਣੀਆਂ ਉਲਝਣਾਂ ਨੂੰ ਵੀ ਇਸ ਚਤੁਰਾਈ ਨਾਲ ਸਜਾ ਕੇ ਪੇਸ਼ ਕਰੇਗਾ ਕਿ ਵੇਖਣ ਵਾਲੇ ਨੂੰ ਉਹ ਸਜਾਈਆਂ ਨਾ ਲੱਗ ਕੇ ਸਜੀਆਂ ਹੀ ਲਗਦੀਆਂ ਨੇ।

ਪੁੱਛਦਾ ਹੈ-

**ਖ਼ੁਦ ਨੂੰ ਮੈਂ ਜਿੱਥੇ ਮਿਲ ਸਕਾਂ ਦੱਸੋ ਜਗ੍ਹਾ ਕੋਈ**
**ਭਟਕਣ ਤੋਂ ਬਾਅਦ ਆ ਗਿਆ ਹਾਂ ਰਾਸਤੇ 'ਤੇ ਮੈਂ**

**ਅਖੇ ਜੱਟ ਮਚਲਾ ਖ਼ੁਦਾ ਨੂੰ ਲੈ ਗਏ ਚੋਰ !**

**ਮੇਰੀ ਕਹਾਣੀ ਵਾਸਤੇ ਇਸ ਵਿਚ ਜਗ੍ਹਾ ਨਹੀਂ**
**ਇਕ ਨਾਂ ਹਾਂ ਮਹਿਜ਼ ਜ਼ਿੰਦਗੀ ਦੇ ਹਾਸ਼ੀਏ 'ਤੇ ਮੈਂ**

ਮੀਸਣਾ ਕਿਤੋਂ ਦਾ! ਜਦਕਿ ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਸੁਖ਼ਨਵਰੀ ਦੇ ਅਰਸ਼ 'ਤੇ ਸ਼ਾਹੀਂ ਦਾ ਰੁੱਤਬਾ ਉਸ ਨੇ ਆਪਣੇ ਹੁਨਰ ਦੇ ਜ਼ੋਰਾਂ 'ਤੇ ਪੱਕਾ ਕਰ ਲਿਆ ਹੈ। ਛੱਤਾਂ ਹੇਠ ਉੱਡਣ ਵਾਲੇ ਉਸ ਦਾ ਜ਼ਿਕਰ ਕਰਨ। ਚਾਹੇ ਨਾ ਕਰਨ:-

**ਛੱਤਾਂ ਹੇਠ ਉੱਡ ਕੇ ਅਰਸ਼ ਤੀਕਰ ਜਾ ਨਹੀਂ ਹੋਣਾ**
**ਤੁਹਾਥੋਂ ਇਸ ਤਰ੍ਹਾਂ ਸ਼ਾਹੀ ਦਾ ਰੁਤਬਾ ਪਾ ਨਹੀਂ ਹੋਣਾ**

ਗੁਰਦੀਪ ਦੀ ਤੋਰ ਵਿਚ ਲਟਕ ਹੈ। ਲਟਕਹੀਣਿਆਂ ਨਾਲ ਤਾਂ ਉਹ ਖ਼ੁਮਾਰ ਦੀ ਗੱਲ ਹੀ ਨਹੀਂ ਕਰਦਾ। ਖ਼ੂਬਸੂਰਤੀਆਂ ਤੇ ਰੰਗੀਨੀਆਂ ਦਾ ਇੱਥੋਂ ਤੀਕ ਮੱਦਾਹ ਹੈ ਕਿ ਸਿਤਮ ਦੇ ਰਾਹ 'ਤੇ ਵੀ ਹੁਸਨ ਨਾਲ ਅੱਖਾਂ ਚਾਰ ਕਰ ਲੈਂਦਾ ਹੈ।

ਅਜਨਬੀਅਤ ਦਾ ਸਾਹਮਣਾ ਉਹ ਨਹੀਂ ਕਰ ਸਕਦਾ। ਅਜਨਬੀਅਤ ਉਸ ਨੂੰ ਫ਼ਰੀਜ਼ ਕਰ ਦਿੰਦੀ ਹੈ। ਜਦ ਕਿ ਅਣਪੱਤ ਦੇ ਸੇਕ ਨਾਲ ਉਹ ਪੰਘਰਦਾ ਹੈ।

**ਆਪ ਤੈਨੂੰ ਸਿਤਮ ਦੀ ਸੋਝੀ ਨਹੀਂ**
**ਮੇਰੀ ਉਲਫ਼ਤ ਤੋਂ ਗਿਲਾ ਹੁੰਦਾ ਨਹੀਂ**

ਹਾਲਾਂ ਕਿ ਗਿਲਾ ਕਰਨਾ ਗੁਰਦੀਪ ਦਾ ਸੁਭਾਅ ਨਹੀਂ, ਪਰ

**ਵੰਡਿਆ ਈਮਾਨ ਕੁਝ ਏਦਾਂ ਗਿਆ**
**ਕੁਫ਼ਰ ਹਿੱਸੇ ਆ ਗਈ ਪੈਗੰਬਰੀ**

ਦੀ ਸੂਰਤ ਵਿਚ ਪਾਣੀ ਜਦ ਸਿਰ ਤੋਂ ਲੰਘ ਰਿਹਾ ਹੋਵੇ ਤਾਂ ਉਹ ਚੋਟ ਜ਼ਰੂਰ ਕਰਦਾ ਹੈ। ਉਸ ਦੀ ਤਾਂ ਖ਼ਾਮੋਸ਼ੀ ਵੀ ਕਾਟ ਕਰਦੀ ਹੈ।

ਗ਼ੈਰਾਂ ਦੇ ਵੱਟਿਆਂ ਦੀ ਸੱਟ ਵੀ ਹੱਸ ਕੇ ਜਰ ਜਾਣ ਵਾਲਾ ਗੁਰਦੀਪ ਦੋਸਤਾਂ ਦੇ ਫੁੱਲ ਦੀ ਸੱਟ ਨਾਲ ਕੁਰਲਾ ਉੱਠਦਾ ਹੈ। ਸਲੀਕੇ ਨਾਲ ਉਸਦਾ ਨਹੁੰ ਤੇ ਮਾਸ ਦਾ ਰਿਸ਼ਤਾ ਹੈ। ਸਲੀਕੇ ਦੀ ਤਾਂ ਜਫ਼ਾ ਜਾਂ ਬੇਨਿਆਜ਼ੀ ਵੀ ਉਹ ਹੱਸ ਕੇ ਕਬੂਲ ਕਰ ਲੈਂਦਾ ਹੈ।

ਮਾਰੂਥਲ 'ਚ ਵੀ ਵਸਦੇ ਘਰਾਂ ਦੇ ਗੀਤ ਗਾਉਣ ਵਾਲੇ ਗੁਰਦੀਪ ਨੂੰ ਉਜਾੜਾਂ ਦੀ ਸੁੰਞ ਜੇ ਹੈਰਾਨੀ ਨਾਲ ਵੇਖਦੀ ਹੈ ਤਾਂ ਉਸ ਦਾ ਕਲਾਮ ਵੀ ਹਰ ਤਰ੍ਹਾਂ ਹੈਰਾਨ ਹੀ ਕਰਦਾ ਹੈ :-

**ਹੱਲ ਹੋ ਜਾਂਦਾ ਹੈ ਅਕਸਰ ਇੰਝ ਖੁੱਲ੍ਹਾਂ ਦਾ ਸਵਾਲ**
**ਚੰਦ ਕੜੀਆਂ ਹੋਰ ਪਾ ਦਿੰਦੇ ਨੇ ਉਹ ਜ਼ੰਜੀਰ ਵਿਚ**

**ਇਹ ਅੰਬਰ ਨਿੱਤਰੇ ਗੁਮਰਾਹ ਜਿਹਾ ਦਿੰਦੇ ਨੇ ਕਰ ਮੈਨੂੰ**
**ਤੇ ਬੱਦਲ ਦਰਦ ਦੇ ਨੁਕਤੇ ਨਵੇਂ ਸਮਝਾਉਣ ਆਉਂਦੇ ਨੇ**

ਉਹ ਗੀਤ ਗਾਉਂਦਾ ਹੈ ਉਸ ਜੱਨਤ-ਗਰਾਂ ਦੇ ਜਿੱਥੇ ਫਰਿਸ਼ਤੇ ਵੀ ਬੰਦਿਆਂ ਵਾਂਗ ਹੱਸਦੇ-ਰੋਂਦੇ ਨੇ। ਬਹੁਤ ਕੁਝ ਗੁਆ ਕੇ ਵੀ ਉਹ ਜ਼ਿੰਦਗੀ ਦਾ ਤਰਫ਼ਦਾਰ ਹੈ। ਕੋਈ ਦਰਵੇਸ਼ ਹੀ ਕਹਿ ਸਕਦਾ ਹੈ :-

**ਨਾ ਕਿਨਾਰੇ ਲਾ ਸਕੇ ਜੇ ਇਹ ਸਹਾਰਾ ਨਾ ਸਹੀ**
**ਇਸ ਤਰ੍ਹਾਂ ਡੁੱਬੋ ਕਿ ਤਿਣਕੇ ਦਾ ਸਹਾਰਾ ਖ਼ੁਸ਼ ਰਹੇ**

ਗੁਰਦੀਪ ਤਾਂ ਭਰੀ ਹੋਈ ਝੋਲੀ ਵਾਲਾ ਫਕੀਰ ਹੈ। ਉਸ ਦੀ ਝੋਲੀ ਵਿਚ ਕਿਰਨਾਂ ਤੇ ਨਵੀਆਂ ਸਾਂਝ-ਸਿਆਣਾਂ ਦੇ ਨਾਲ-ਨਾਲ ਬੀਤੇ ਦੇ ਪਰਛਾਵੇਂ ਤੇ ਭੁੱਲੇ-ਵਿਸਰੇ ਸਿਰਨਾਵੇਂ ਵੀ ਨੇ। ਕਿਸੇ ਸ਼ੇਖ਼ ਦੀ ਨਸੀਹਤ ਉਸ ਨੂੰ ਵਰਗਲਾ ਨਹੀਂ ਸਕਦੀ ਉਹ ਤਾਂ ਸਿਰਫ਼ ਤੇ ਸਿਰਫ਼ ਆਪਣੀ ਧੜਕਣ ਦਾ ਮੁਰੀਦ ਹੈ। ਉਸ ਨੂੰ ਪਤਾ ਹੈ :-

**ਉਸ ਦੀ ਆਰਜ਼ੂ ਵਿਕਣੀ ਹੈ ਦਿਲ ਦੇ ਚੈਨ ਵੱਟੇ ਹੀ**
**ਇਸ ਤੋਂ ਹੋਰ ਸਸਤਾ ਇਸ ਜਿਣਸ ਦਾ ਭਾਅ ਨਹੀਂ ਹੋਣਾ**

ਇਸ ਲਈ ਉਸ ਨੇ ਕਦੇ ਫੋਕੀਆਂ ਆਰਜ਼ੂਆਂ ਦੇ ਚੂਜ਼ੇ ਨਹੀਂ ਪਾਲ਼ੇ । ਇਕੱਲ ਨਾਲ ਇਸ ਦੀ ਫ਼ਕੀਰਾਨਾ ਭਿਆਲੀ ਹੈ :-

**ਕੱਲਾ ਸੀ ਜੰਗਲ ਵਿਚ ਮੈਂ ਕੱਲਾ ਹਾਂ ਸ਼ਹਿਰ ਵਿਚ**
**ਬੈਠਾ ਹਾਂ ਛਾਵੇਂ ਆਪਣੀ ਤਿੱਖੜ ਦੁਪਹਿਰ ਵਿਚ**

ਪਰ ਫ਼ਕੀਰਾਂ ਦੇ ਪੈਰਾਂ 'ਚ ਚੱਕਰ ਵੀ ਤਾਂ ਹੁੰਦਾ ਹੈ। ਕਿਸੇ ਇਕ ਸਥਾਨ 'ਤੇ ਲੰਮੇ ਸਮੇਂ ਤਾਈਂ ਟਿਕ ਕੇ ਬੈਠਣਾ ਉਹਨਾਂ ਦਾ ਸੁਭਾਅ ਨਹੀਂ। ਪਰ ਹਿਜਰਤ ਸਮੇਂ ਕਈ ਵਾਰ ਉਹਨਾਂ ਦੇ ਅੰਦਰੋਂ ਵੀ ਹੂਕ ਜਿਹੀ ਉੱਠਦੀ ਹੈ:-

**ਤੁਰੇ ਵੀਰਾਨਖਾਨੇ ਤੋਂ ਤੇ ਦਿਲ ਵਿਚ ਇਕ ਹਸਰਤ ਸੀ**
**ਕੋਈ ਹੁੰਦਾ ਕਿ ਜੀਹਨੂੰ ਆਖ ਜਾਂਦੇ ਕਿ ਅਸੀਂ ਚੱਲੇ**

ਉਹ ਐਸਾ ਆਸ਼ਕ ਹੈ ਜੋ ਸਤਲੁਜ ਦੇ ਕੰਢੇ 'ਤੇ ਖਲੋ ਕੇ ਝਨਾਂ ਦੇ ਗੀਤ ਗਾਉਂਦਾ ਹੈ। ਸਿਤਮ ਦੇ ਜਵਾਬ 'ਚ ਉਹ ਰਹਿਮਤਾਂ ਨੂੰ ਖ਼ਤ ਲਿਖਣ ਬੈਠ ਜਾਂਦਾ ਹੈ। ਬੇਰੌਣਕੀ 'ਚ ਵੀ ਰੌਣਕ ਤਸੱਵਰ ਕਰ ਲੈਂਦਾ ਹੈ।

ਮਹਿਫ਼ਲ ਦੀ ਰੌਣਕ 'ਤੇ ਆਪਣੀ ਵੀਰਾਨੀ ਦਾ ਉਹ ਪਰਛਾਵਾਂ ਤੱਕ ਨਹੀਂ ਪੈਣ ਦਿੰਦਾ। ਮਹਿਫ਼ਿਲਾਂ 'ਚ ਸ਼ਾਮਲ ਹੋਣ ਲਈ ਤਾਂ ਸੌ ਕਿਆਮਤਾਂ ਨੂੰ ਵੀ ਉਹ ਦਰ 'ਤੇ ਬਿਠਾਲ ਆਵੇਗਾ। ਗੁਰਦੀਪ ਦੇ ਦਿਲ ਦਾ ਹੁਸਨ ਇਸ਼ਤਿਹਾਰਾਂ ਦਾ ਮੋਹ ਨਹੀਂ ਕਰਦਾ। ਕਿਉਂਕਿ ਉਹ ਤਾਂ ਸੋਚਦਾ ਹੀ ਦਿਲ ਨਾਲ ਹੈ। ਇਸ



ਲਈ ਨਸੀਹਤ ਕਰਨ ਵਾਲਿਆਂ ਨੂੰ ਤਾਂ ਉਹ ਲਾਗੇ ਨਹੀਂ ਲੱਗਣ ਦਿੰਦਾ ਜਦ ਕਿ ਅਹਿਸਾਸਮੰਦਾਂ ਨਾਲ ਸਦਾ ਅਪਣੱਤ ਨਾਲ ਪੇਸ਼ ਆਏਗਾ। ਉਹ ਤਾਂ ਤੁਰਿਆ ਜਾਂਦਾ ਆਸਾਂ 'ਚੋਂ ਚਾਨਣ ਨਿਤਾਰ ਲੈਂਦਾ ਹੈ।

ਸੂਰਜ ਦੀਆਂ ਸੰਭਾਵਨਾਵਾਂ ਦੇ ਰਾਹ 'ਚ ਖਲੋਣ ਵਾਲੀ ਕੋਈ ਵੀ ਰੁਕਾਵਟ ਉਸ ਦੇ ਕੋਪ ਤੋਂ ਬਚ ਨਹੀਂ ਸਕਦੀ। ਇਕ ਬਿਹਤਰ ਪਰੀਵਰਤਨ ਉਸ ਨੂੰ ਹਮੇਸ਼ਾ ਅਜ਼ੀਜ਼ ਰਿਹਾ ਹੈ। ਆਬੋ-ਹਵਾ ਬਾਹਰ ਦੀ ਹੋਵੇ ਜਾਂ ਅੰਦਰ ਦੀ-ਸਦਾ ਸ਼ੁੱਧ, ਸਵੱਛ ਤੇ ਸਿਹਤਮੰਦ ਵੇਖਣੀ ਚਾਹੁੰਦਾ ਹੈ।

ਉਸ ਦੀ ਚਾਹਤ ਦੀਆਂ ਅਨੇਕ ਪਰਤਾਂ ਨੇ। ਪਰਤਾਂ ਵਿਚ ਕਦਰਾਂ ਨੇ। ਕਦਰਾਂ 'ਤੇ ਪਹਿਰਾ ਦੇਣਾ ਉਸ ਲਈ ਸ਼ਗਲ ਨਾ ਹੋ ਕੇ ਸਰਲੱਥ ਪ੍ਰਾਕ੍ਰਮ ਹੈ।

ਗੁਰਦੀਪ ਨਮਨਾਕ-ਨਜ਼ਰ ਹੈ। ਮਿਹਨਤਾਂ ਦੇ ਹੀਣਾ ਕਰਨ ਨੂੰ ਉਹ ਗ਼ੈਰ-ਇਖ਼ਲਾਕੀ ਕਰਾਰ ਦਿੰਦਾ ਹੈ। ਨਾ ਖ਼ੁਦਾਵਾਂ 'ਤੇ ਭਰੋਸਾ ਕਰਨ ਦੀ ਬਜਾਇ, ਲਹਿਰਾਂ ਨੂੰ ਗਲ਼ ਲਾ ਕੇ ਤੈਰਨ ਦਾ ਹਾਮੀ ਹੈ।

ਦੇਰ ਤੋਂ ਖਿੰਡ ਚੁੱਕੇ ਵਜੂਦ ਕਿਸੇ ਤਰ੍ਹਾਂ ਆਪਣਾ ਨਾਂ ਬਚਾਈ ਜਾ ਰਹੇ ਨੇ। ਆਪ ਜੋ ਕਿਸੇ ਗੱਲੋਂ ਪੂਰੇ ਨਹੀਂ, ਗੁਰਦੀਪ ਦੀ ਚੁੱਪ ਕੋਲੋਂ ਬਹੁਤ ਕੁਝ ਮਨਵਾਈ ਜਾ ਰਹੇ ਨੇ। ਇਸ ਡਰੋਂ ਕਿ ਗੁਰਦੀਪ ਆ ਰਿਹੈ, ਜਾਣ ਵਾਲੇ, ਨਾ ਕੇਵਲ ਸ਼ਾਮ ਦੇ ਨਜ਼ਾਰੇ ਖ਼ਾਕ ਕਰੀ ਜਾ ਰਹੇ ਨੇ ਬਲਕਿ ਨ੍ਹੇਰ ਵੀ ਪਾਈ ਜਾ ਰਹੇ ਨੇ।

ਜਦ ਕਿ ਗੁਰਦੀਪ ਤਾਂ ਕਿਸੇ ਨੂੰ ਵੀ ਆਬਕਾਰੀ ਦਾ ਦਰ ਵਿਖਾ ਸਕਦਾ ਹੈ, ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ, ਮੈਅਕਦੇ ਦਾ ਸਲੀਕਾ ਹਰ ਕਿਸੇ ਨੂੰ ਆਉਂਦਾ ਨਹੀਂ। ਗੁਰਦੀਪ ਨੂੰ ਜੇ ਯਾਰਾਂ ਦੀ ਯਾਰੀ ਦਾ ਪਾਸ ਨਾ ਹੁੰਦਾ ਤਾਂ ਉਸ ਦੇ ਜ਼ਖ਼ਮਾਂ ਨੇ ਕਦੇ ਵੀ ਮਿਹਰ ਦੇ ਕਿੱਸੇ ਨਹੀਂ ਸੁਣਾਉਣੇ ਸਨ :-

**ਜ਼ਖ਼ਮ ਦੀ ਹਸਤੀ ਹੀ ਕੀ ਜੇ ਜ਼ਖ਼ਮ ਕੋਲ**
**ਦਰਦ ਦਾ ਕੋਈ ਤਸੱਵਰ ਨਾ ਰਹੇ।**

ਦੁਨੀਆ ਹੁਸਨ ਦੀ ਹੋਵੇ ਜਾਂ ਸੁਖਨ ਦੀ, ਉਸ ਵਿਚ ਬਰਤਰੀ ਸਦਾ ਧੁੱਪ ਦੀ ਬਜਾਇ ਚੰਨ-ਚਾਨਣੀ ਦੀ ਰਹੀ ਏ।

ਧੁੱਪ ਵਰਗੀ ਸ਼ਾਇਰੀ ਕਰਨ ਵਾਲੇ ਅਨੇਕ ਹੋ ਸਕਦੇ ਨੇ ਪਰ ਚੰਨ-ਚਾਨਣੀ ਵਰਗੀ ਸ਼ਾਇਰੀ ਕੋਈ ਵਿਰਲਾ ਹੀ ਕਰਦਾ ਹੈ। ਗੁਰਦੀਪ ਦਾ ਤਾਂ ਸੁਖ਼ਨ ਹੀ ਇਸ ਦਾ ਹੁਸਨ ਹੈ। ਤੇ ਉਹ ਧੁੱਪ ਦੀ ਬਨਿਸਬਤ ਚੰਨ-ਚਾਨਣੀ ਵਰਗਾ ਹੈ :-

**ਹੁਸਨ ਦੀ ਦੁਨੀਆਂ 'ਚ ਹੋ ਸਕਦੀ ਨਹੀਂ**
**ਧੁੱਪ ਦੀ ਚੰਨ-ਚਾਨਣੀ 'ਤੇ ਬਰਤਰੀ**

**ਅਰਸ਼ ਦੀ ਪਹਿਚਾਣ ਦਾ ਵੀ ਹੱਕ ਹੈ ਇਨਸਾਨ ਨੂੰ**
**ਸ਼ਹਿਰ ਉੱਤੇ ਕਹਿਕਸ਼ਾਂ ਦੇ ਨੂਰ ਨੂੰ ਵਰਸਣ ਦਿਓ**

ਅਰਸ਼ ਦੀ ਪਹਿਚਾਣ ਕਰਾਉਣ ਵਾਲਾ ਕਹਿਕਸ਼ਾਂ ਦਾ ਨੂਰ ਹੈ ਗੁਰਦੀਪ। ਉਸ 'ਤੇ ਸਭ ਦਾ ਹੱਕ ਹੈ। ਅਰਸ਼ ਜਾਂ ਕਹਿਕਸ਼ਾਂ ਕਿਸੇ ਦੀ ਨਿੱਜੀ ਮਲਕੀਅਤ ਨਹੀਂ। ਬਕੌਲ ਗੁਰਦੀਪ, ਖ਼ੂਬਸੂਰਤੀ ਜ਼ਿੰਦਗੀ ਨੂੰ ਅਰਥ ਦੇਣ ਵਾਲੀ ਸਭ ਤੋਂ ਵੱਡੀ ਕਦਰ ਹੈ ਜਿਸਦੇ ਪਿੱਛੇ ਇਨਸਾਫ਼, ਕੁਰਬਾਨੀਆਂ, ਜਾਂ-ਨਿਸਾਰੀਆਂ, ਜੱਦੋਜਹਿਦਾਂ ਅਤੇ ਸਭ ਇਨਸਾਨੀ ਘਾਲਣਾਵਾਂ ਦਾ ਇਤਿਹਾਸ ਖੜ੍ਹਾ ਹੈ। ਵਕਤ ਦੀ ਟਕਸਾਲ ਦੇ ਸਾਰੇ ਸਿੱਕੇ ਰਲ ਕੇ ਵੀ ਜਿਸ ਧੜਕਣ ਦਾ ਖਰਚ ਨਹੀਂ ਉਠਾ ਸਕਦੇ, ਗੁਰਦੀਪ ਆਪਣੀ ਫ਼ਕੀਰੀ ਦੇ ਦਮ 'ਤੇ ਸਹਿਜ-ਭਾਅ ਉਠਾ ਰਿਹਾ ਏ :-

**ਤੁਰਿਆ ਹੈ ਦਰਦ ਧੜਕਣਾਂ ਦੇ ਨਾਲ ਪੈਰ-ਪੈਰ**
**ਰੱਖੀ ਹੈ ਕੱਛੇ ਮਾਰ ਕੇ ਗ਼ਮ ਦੀ ਕਿਤਾਬ ਮੈਂ**

**ਬਹੁਤ ਕੁਝ ਆਇਆ ਹੈ ਦਿਲ ਵਿਚ ਧੜਕਣਾਂ ਦੇ ਨਾਲ-ਨਾਲ**
**ਧੜਕਣਾਂ ਵੱਟੇ ਵੀ ਪਰ ਦਿਲ 'ਚੋਂ ਗਿਆ ਹੈ ਬਹੁਤ ਕੁਛ।**

---

*ਯਾਤਰਾ-ਲੇਖ :*

# ਸੁਨਹਿਰਾ ਪੁਲ

*ਬਲਵੰਤ ਗਾਰਗੀ*

(ਬਲਵੰਤ ਗਾਰਗੀ ਜਾਦੂ-ਬਿਆਨ ਵਾਰਤਕ ਸ਼ੈਲੀਕਾਰ ਸੀ, ਪਾਠਕ ਨੂੰ ਕੀਲ ਕੇ ਬਿਠਾ ਦੇਣ ਵਾਲਾ। ਉਹਦਾ ਰੰਗ ਵੱਖਰਾ ਸੀ ਤੇ ਅੰਦਾਜ਼ ਵਿਲੱਖਣ। ਉਹ ਬੇਬਾਕ ਸੀ ਤੇ ਨਿਸੰਗ। ਖਤਰਨਾਕ ਸਥਿਤੀਆਂ ਨੂੰ ਜਾਦੂਗਰੀ ਨਾਲ ਪ੍ਰਗਟ ਕਰਨ ਵਾਲਾ। ਥਾਂ-ਥਾਂ ਹੁਸਨ ਦੇ ਨਵੇਂ ਰੰਗ ਖਿਲਾਰਨ ਵਾਲੇ ਇਸ ਸ਼ੈਲੀਕਾਰ ਦੀ ਥਾਂ ਪੂਰਨਾ ਅਸੰਭਵ ਗੱਲ ਹੈ। ਉਸ ਦੀ ਨਿਰਾਲੀ ਲੇਖਣੀ ਦਾ ਇਕ ਟੋਟਾ ਪੇਸ਼ ਕਰਦੇ ਹੋਏ ਅਸੀਂ ਉਸ ਦੀ ਅਦਬੀ ਦੇਣ ਅੱਗੇ ਸਿਰ ਝੁਕਾਉਂਦੇ, ਉਸ ਨੂੰ ਚੇਤੇ ਕਰਦੇ ਹਾਂ। ਗਾਰਗੀ ਵਰਗੇ ਪੰਜਾਬੀ ਮਾਂ ਦੇ ਛਬੀਲੇ ਪੁੱਤਰ ਨਿੱਤ- ਨਿੱਤ ਨਹੀਂ ਜੰਮਦੇ ਹੁੰਦੇ।) (ਸੰਪਾਦਕ)

ਹਰਨੇਕ ਸਿੰਘ ਦੋ ਸਾਲਾਂ ਤੋਂ ਇੱਥੇ ਰਹਿ ਰਿਹਾ ਸੀ। ਪਟਿਆਲੇ ਤੋਂ ਬੀ. ਏ. ਪਾਸ ਕਰਕੇ ਕਿਸੇ ਦੋਸਤ ਦੇ ਸੱਦੇ ਉੱਤੇ ਸਾਨ ਫ਼ਰਾਂਸਿਸਕੋ ਆ ਗਿਆ ਸੀ। ਇੱਥੇ ਉਹ ਉਚੇਰੀ ਵਿੱਦਿਆ ਲਈ ਜਤਨ ਕਰ ਰਿਹਾ ਸੀ। ਹਿੰਮਤੀ ਜਵਾਨ ਸੀ-ਆਉਂਦੇ ਹੀ ਭਾਰਤੀ ਦੂਤਾਵਾਸ ਵਿਚ ਨਿੱਕੀ ਜਿਹੀ ਨੌਕਰੀ ਲੱਭ ਲਈ। ਸ਼ਿਕਾਰ ਦਾ ਸ਼ੁਕੀਨ, ਭੰਗੜੇ ਦਾ ਮਾਹਿਰ, ਵਧੀਆ ਪਟਿਆਲੇ ਸ਼ਾਹੀ ਪੱਗ ਬੰਨ੍ਹਣ ਦਾ ਉਸਤਾਦ। ਕੁਝ ਪੰਜਾਬੀ ਮੁੰਡਿਆਂ ਨੂੰ ਇਕੱਠਾ ਕਰਕੇ ਭੰਗੜੇ ਦੀ ਟੀਮ ਦਾ ਕੈਪਟਨ ਬਣ ਗਿਆ, ਕਈ ਨੌਜਵਾਨ ਅਮਰੀਕਨ ਕੁੜੀਆਂ ਨੂੰ ਪੱਗ ਬੰਨ੍ਹਣ ਦੇ ਕਰਤੱਬ ਦਿਖਾ ਕੇ ਉਹਨਾਂ ਨੂੰ ਆਪਣੀਆਂ ਪ੍ਰਸੰਸਕ ਬਣਾ ਲਿਆ ਅਤੇ ਉੱਥੋਂ ਦੇ 'ਤਾਜ ਆਫ਼ ਇੰਡੀਆ' ਰੈਸਟੋਰੈਂਟ ਵਿਚ ਹਫ਼ਤੇ ਵਿਚ ਸਿਰਫ਼ ਤਿੰਨ ਦਿਨ ਸ਼ਾਮ ਨੂੰ ਕੰਮ ਕਰਨ ਦਾ ਪ੍ਰਬੰਧ ਕਰ ਲਿਆ।

ਇਕ ਸਾਲ ਵਿਚ ਹੀ ਉਸ ਨੇ ਨਵੀਂ ਮੋਟਰ ਲੈ ਲਈ ਤੇ ਬੀਵੀ ਨੂੰ ਪਟਿਆਲੇ ਤੋਂ ਬੁਲਾ ਲਿਆ। ਸੰਘਣੀ ਦਾੜ੍ਹੀ ਵਾਲਾ ਮੋਕਲੇ ਹੱਡਾਂ ਵਾਲਾ ਹਰਨੇਕ ਸਿੰਘ ਕਲਕਾਰੀਆਂ ਮਾਰ ਕੇ ਹੱਸਦਾ ਜਿਵੇਂ ਜੱਟ ਬੌਲਦਾਂ ਦੀ ਪੂਛ ਮਰੋੜਦਾ ਕਲੀਆਂ ਲਾਉਂਦਾ ਹੋਵੇ।

ਸਵੇਰੇ ਅੱਠ ਵਜੇ ਹੀ ਉਹ ਆਪਣੀ ਬੀਵੀ ਤੇ ਇਕ ਪੰਜਾਬੀ ਮਿੱਤਰ ਨੂੰ ਲੈ ਕੇ ਤੇ ਮੋਟਰ ਕਾਰ ਨੂੰ ਖਾਣ ਪੀਣ ਵਾਲੀਆਂ ਚੀਜ਼ਾਂ ਨਾਲ ਲੱਦ ਕੇ ਮੇਰੇ ਕੋਲ ਆ ਗਿਆ।

"ਅੱਜ ਅਸੀਂ ਤੁਹਾਨੂੰ ਮਿਉਰ ਵੁੱਡ ਲੈ ਕੇ ਚੱਲਾਂਗੇ ਜਿੱਥੇ ਲਾਲ ਲੱਕੜ ਦੇ ਦਰਖ਼ਤ ਹਨ।" ਉਸ ਨੇ ਆਉਣ ਸਾਰ ਐਲਾਨ ਕੀਤਾ

ਉੱਚੀਆਂ ਝਿੱਕੀਆਂ ਸੜਕਾਂ ਉੱਤੋਂ ਦੀ ਮੋਟਰ ਕਾਰ ਦੌੜਦੀ ਹੋਈ ਖਾੜੀ ਦੇ ਜਗਤ ਪ੍ਰਸਿੱਧ ਸੁਨਹਿਰੇ ਪੁਲ ਉੱਤੇ ਆਈ। ਹਲਕੀ ਹਲਕੀ ਧੁੰਦ ਹਵਾ ਵਿੱਚ ਉਡ ਰਹੀ ਸੀ। ਜਿਸ ਵਿਚ ਇਸ ਪੁਲ ਦਾ ਸੰਗਤਰੇ ਰੰਗਾ ਵਜੂਦ ਚਮਕ ਰਿਹਾ ਸੀ। ਪਹਾੜੀਆਂ ਉੱਤੇ ਹਲਕੀ ਜਿਹੀ ਦੂਧੀਆ-ਕਾਸ਼ਣੀ ਖੱਖ ਛਾਈ ਹੋਈ ਸੀ। ਜਿਵੇਂ ਕਿਸੇ ਨੇ ਇਹਨਾਂ ਨੂੰ ਆਬੀ ਰੰਗਾਂ ਵਿਚ ਚਿਤਰਿਆ ਹੋਵੇ। ਦੂਜੇ ਪਾਸੇ ਸਾਨ ਫ਼ਰਾਂਸਿਸਕੋ ਦੀਆਂ ਚਿੱਟੀਆਂ-ਚਿੱਟੀਆਂ ਇਮਾਰਤਾਂ ਤੇ ਉੱਚੀਆਂ ਬੁਰਜੀਆਂ ਆਕਾਸ਼ ਵਿਚ ਟੰਗੀਆ ਖੜ੍ਹੀਆਂ ਸਨ।

ਗੱਡੀ ਨੂੰ ਦੂਰ ਸਾਰੇ ਖੜ੍ਹਾ ਕਰਕੇ ਅਸੀਂ ਇਸ ਪੁਲ ਉੱਤੇ ਤੁਰਨ ਲੱਗੇ।

ਹਰਨੇਕ ਨੇ ਖਾੜੀ ਦੇ ਪਾਣੀਆਂ ਵਿਚ ਉਭਰੇ ਹੋਏ ਦੂਰ ਇਕ ਟਾਪੂ ਵੱਲ ਇਸ਼ਾਰਾ ਕਰਕੇ ਆਖਿਆ, "ਉਹ ਐਲਕਟਰਾਜ ਹੈ ਜਿੱਥੇ ਬੜੇ ਬੜੇ ਖ਼ੂਨੀ ਡਾਕੂ ਤੇ ਉਮਰ ਕੈਦੀ ਰੱਖੇ ਜਾਂਦੇ ਹਨ। ਪੱਥਰ ਦਾ ਨਿੱਕਾ ਜਿਹਾ ਕਿਲ੍ਹਾ ਹੈ ਇਹ ਟਾਪੂ। ਇਰਦ ਗਿਰਦ ਬੰਦੂਕ ਦਾ ਪਹਿਰਾ। ਹੇਠਾਂ ਖ਼ੌਫ਼ਨਾਕ ਸਮੁੰਦਰ। ਫਿਰ ਵੀ ਕੁਝ ਡਾਕੂ ਕਾਲ ਕੋਠੜੀ ਤੋੜ ਕੇ ਰਾਤ ਨੂੰ ਕਿਸੇ ਵੇਲੇ ਡੂੰਘੇ ਸਮੁੰਦਰ ਵਿਚ ਛਾਲ ਮਾਰ ਦਿੰਦੇ ਹਨ ਮਤਾਂ ਬਚ ਨਿਕਲਣ। ਅਜ਼ਾਦੀ ਕਿਤਨੀ ਪਿਆਰੀ ਚੀਜ਼ ਹੈ।"

ਇਥੇ ਖੜ੍ਹੇ ਅਸੀਂ ਇਕ ਪਾਸੇ ਵਿਸ਼ਾਲ ਸਮੁੰਦਰ ਨੂੰ ਤੱਕ ਰਹੇ ਸਾਂ, ਦੂਜੇ ਪਾਸੇ ਖਾੜੀ ਦੇ ਮੀਲਾਂ ਤੀਕ ਫੈਲੇ ਹੋਏ ਪਾਣੀਆਂ ਨੂੰ।

ਪੌਣਾ ਮੀਲ ਚੌੜਾ ਨਾਕਾ ਹੈ-ਸਾਨ ਫ਼ਰਾਂਸਿਸਕੋ ਤੇ ਮਾਰਿਨ ਕਾਉਂਟੀ ਦੀਆਂ ਜ਼ੰਗਾਲੇ ਰੰਗ ਦੀਆਂ ਪਹਾੜੀਆਂ ਵਿਚਕਾਰ-ਜਿੱਥੇ ਮਹਾਸਾਗਰ ਗਰਜਦਾ ਹੋਇਆ ਧਰਤੀ ਦੀਆਂ ਬਗਲਾਂ ਵਿਚ ਦਾਖਲ ਹੁੰਦਾ ਹੈ। ਇੱਥੇ ਤੇਜ਼ ਰੌ ਵਿਚ ਪਾਣੀ 30 ਕਰੋੜ ਮੁਕਾਬ ਫੁੱਟ ਪ੍ਰਤੀ ਮਿੰਟ ਦੇ ਹਿਸਾਬ ਨਾਲ ਛੱਲਾਂ ਮਾਰਦਾ ਹੋਇਆ ਡਿਗਦਾ ਹੈ। ਕੋਈ ਥੰਮ ਜਾਂ ਸਤੂਨ ਇਸ ਕਰੋਧੀ ਪਾਣੀ ਅੱਗੇ ਨਹੀਂ ਖੜ੍ਹ ਸਕਦਾ।



1917 ਵਿਚ ਇਕ ਉਦਮੀ ਇੰਜੀਨੀਅਰ ਜੋਜ਼ਫ਼ ਸਟਰਾਸ ਨੇ ਇਸ ਨਾਕੇ ਉੱਤੇ ਪੁਲ ਬਣਾਉਣ ਦਾ ਬੀੜਾ ਚੁੱਕਿਆ। ਇਸ ਤੋਂ ਪਹਿਲਾਂ ਉਹ ਰੂਸ ਵਿਚ ਨਿਕੋਲਾਈ ਦੂਜਾ, ਜ਼ਾਰ ਲਈ ਨੇਵਾ ਦਰਿਆ ਉੱਤੇ ਪੁਲ ਬਣਾ ਚੁੱਕਾ ਸੀ। ਇਹ ਬਿਨਾਂ ਥੰਮਲਿਆਂ ਦੇ ਲੰਮੇ ਫੌਲਾਦੀ ਪੁਲ ਬਣਾਉਣ ਦਾ ਮਾਹਿਰ ਸੀ।

ਜਦੋਂ ਇਸ ਨੇ ਹਿਸਾਬ ਲਾ ਕੇ ਇਸ ਪੁਲ ਦੇ ਖਰਚ ਦਾ ਅੰਦਾਜ਼ਾ ਦੱਸਿਆ ਤਾਂ ਸਾਨ ਫ਼ਰਾਂਸਿਸਕੋ ਦੇ ਸ਼ਹਿਰੀ ਬੇੜਿਆਂ ਦੇ ਮਾਲਕ ਅਤੇ ਮੱਲਾਹ ਉਸ ਦੇ ਖ਼ਿਲਾਫ਼ ਹੋ ਗਏ। ਅਜੇ ਤੀਕ ਕਿਸੇ ਨੇ ਅਜਿਹੇ ਖ਼ੌਫ਼ਨਾਕ ਡੂੰਘੇ ਸਮੁੰਦਰ ਉੱਤੇ ਪੁਲ ਬਣਾਉਣ ਦਾ ਸੁਫ਼ਨਾ ਵੀ ਨਹੀਂ ਸੀ ਲਿਆ।

ਅਖੀਰ ਵੀਹ ਸਾਲਾਂ ਦੀ ਮਿਹਨਤ ਪਿੱਛੋਂ ਪੁਲ ਤਿਆਰ ਹੋਇਆ। ਮਈ 1937 ਵਿਚ ਇਸ ਦਾ ਉਦਘਾਟਨ ਹੋਇਆ।

ਖਾੜੀ ਦੇ ਦੋਹੀਂ ਪਾਸੀਂ ਧੁਰ ਪਤਾਲ ਤੀਕ ਡੂੰਘੇ ਫੌਲਾਦ ਦੇ 946 ਫੁਟ ਉੱਚੇ ਦੋ ਥੰਮ੍ਹ ਗੱਡੇ ਗਏ। ਇਹਨਾਂ ਥੰਮ੍ਹਾਂ ਵਿਚਕਾਰ ਇਕ ਕਾਗਜ਼ ਮੋਟੀਆਂ ਫ਼ੌਲਾਦੀ ਤਾਰਾਂ ਨਾਲ ਕੱਸੇ ਹੋਏ ਪੁਲ ਉੱਤੇ ਇਕ ਲੱਖ ਛੇ ਹਜ਼ਾਰ ਟਨ ਫੌਲਾਦ ਲੱਗਿਆ ਹੈ। 80 ਹਜ਼ਾਰ ਮੀਲ ਲੰਮੀਆਂ ਤਾਰਾਂ ਨਾਲ ਇਹ ਬੁਣਿਆ ਗਿਆ ਹੈ। ਗਰਮੀ, ਸਰਦੀ, ਬਾਰਿਸ਼, ਤੁਫ਼ਾਨ ਭੁਚਾਲ-ਹਰ ਚੀਜ਼ ਨੂੰ ਇਹ ਪੁਲ ਝੱਲ ਸਕਦਾ ਹੈ। ਵੱਡੇ ਥੰਮ੍ਹਾਂ ਦੇ ਅੰਦਰੇ ਅੰਦਰ ਉਹਨਾਂ ਦੀ ਨਿਗਰਾਨੀ ਲਈ 23 ਮੀਲ ਲੰਮੀਆਂ ਪੌੜੀਆਂ ਹਨ। ਥੰਮ੍ਹਾਂ ਨੂੰ ਬੰਨ੍ਹਣ ਤੇ ਸ਼ਕਤੀ ਦੇਣ ਲਈ ਇਹਨਾਂ ਵਿਚ 20 ਲੱਖ ਰਿਪਟ ਜੜੇ ਹੋਏ ਹਨ। ਜਦ ਧੁੱਪ ਪੈਂਦੀ ਹੈ ਤਾਂ ਮੋਟੀਆਂ ਫ਼ੌਲਾਦੀ ਤਾਰਾਂ ਗਰਮੀ ਨਾਲ 16 ਫੁੱਟ ਵਧ ਜਾਂਦੀਆਂ ਹਨ ਤੇ ਇਹ ਦੋਵੇਂ ਥੰਮ੍ਹ ਅੰਦਰ ਨੂੰ ਲਿਫ ਜਾਂਦੇ ਹਨ। ਜਦੋਂ ਸ਼ੂਕਦੀ ਹੋਈ ਹਵਾ ਤਾਰਾਂ ਨੂੰ ਝੰਜੋੜਦੀ ਹੋਈ ਵਗਦੀ ਹੈ ਤਾਂ ਪੁਲ ਝੂਲਦਾ ਹੈ। ਫੌਲਾਦੀ ਥੰਮ੍ਹ ਇਸ ਤਰ੍ਹਾਂ ਗੱਡੇ ਗਏ ਹਨ ਕਿ ਇਹ 28 ਫੁਟ ਤੀਕ ਝੂਲ ਸਕਦੇ ਹਨ। ਇਹ ਪੁਲ ਦੁਨੀਆ ਦਾ ਸਭ ਤੋਂ ਵੱਡਾ ਲਛਮਣ-ਝੂਲਾ ਹੈ।

ਜਦੋਂ ਇਹ ਚਾਲੂ ਹੋਇਆ ਤਾਂ ਸਾਨ ਫ਼ਰਾਂਸਿਸਕੋ ਦੇ ਸ਼ਹਿਰੀ ਕਈ ਹਫ਼ਤੇ ਹੈਰਾਨੀ ਤੇ ਖੁਸ਼ੀ ਨਾਲ ਨੱਚਦੇ ਤੇ ਗਾਉਂਦੇ ਰਹੇ ਤੇ ਵਾਰ-ਵਾਰ 20 ਲੱਖ ਰਿਪਟਾਂ ਦਾ ਜ਼ਿਕਰ ਕਰਦੇ ਸਨ।

ਜੇ ਸਾਨ ਫਰਾਂਸਿਸਕੋ ਦੇ ਲਾਗੇ ਦੀਆਂ ਪਹਾੜੀਆਂ 'ਤੇ ਜੰਗਲਾਂ ਤੇ ਝੀਲਾਂ ਨਾਲ ਲੱਦੀ ਧਰਤੀ ਉੱਤੇ ਇਕ ਝਾਤ ਮਾਰੀ ਜਾਵੇ ਤਾਂ ਇਉਂ ਲੱਗੇਗਾ ਕਿ ਕੁਦਰਤ ਨੇ ਸਾਰਾ ਕੰਮ ਕਰ ਕੇ ਮਨੁੱਖ ਲਈ ਇਸ ਨਾਕੇ ਉੱਤੇ ਪੁਲ ਬਣਾਉਣ ਦਾ ਕੰਮ ਛੱਡ ਦਿੱਤਾ ਸੀ। ਹੁਣ ਇਹ ਉੱਚਾ ਮਗ਼ਰੂਰ ਪੁਲ ਧਰਤੀ ਤੇ ਪਾਣੀਆਂ ਵਿਚਕਾਰ ਸੁਰਖ ਜਾਲ ਵਾਂਗ ਟੰਗਿਆ ਖੜ੍ਹਾ ਹੈ। ਹਰ ਰੋਜ਼ 2 ਲੱਖ 83 ਹਜ਼ਾਰ ਮੋਟਰਾਂ ਇਸ ਉਤੋਂ ਲੰਘਦੀਆਂ ਹਨ। ਹਰ ਮੋਟਰ ਨੂੰ 25 ਸੈਂਟ (ਇਕ ਰੁਪਿਆ ਵੀਹ ਪੈਸੇ) ਦੇ ਕੇ ਲੰਘਣਾ ਪੈਂਦਾ ਹੈ ਜਿਸ ਨਾਲ ਤਕਰੀਬਨ 20 ਲੱਖ ਰੁਪਿਆ ਚੁੰਗੀ ਵਜੋਂ ਹਰ ਹਫ਼ਤੇ ਇਕੱਠਾ ਹੋ ਜਾਂਦਾ ਹੈ।

ਹਰ ਇਕ ਮੋਟਰ ਵਾਲੇ ਨੂੰ ਹੁਕਮ ਹੈ ਕਿ ਉਹ 25 ਸੈਂਟ ਦਾ ਸਿੱਕਾ ਤਿਆਰ ਰੱਖੇ ਤਾਂ ਜੋ ਗੱਡੀਆਂ ਦੇ ਹੜ੍ਹ ਵਿਚ ਰੁਕਾਵਟ ਨਾ ਪਵੇ! ਨਾਕੇ ਉੱਤੇ ਪਹੁੰਚ ਕੇ ਸੜਕ ਸਮੁੰਦਰ ਵਿਚ ਡਿਗਦੇ ਦਰਿਆ ਦੇ ਦਹਾਨੇ ਵਾਂਗ ਖਿੰਡ ਕੇ ਕਈ ਨਿੱਕੀਆਂ-ਨਿੱਕੀਆਂ ਸੜਕਾਂ ਵਿਚ ਵੰਡੀ ਜਾਂਦੀ ਹੈ। ਇਸ ਥਾਂ ਚੌੜੀ ਸੜਕ ਵਿਚ 17 ਨਿੱਕੀਆ ਸੜਕਾਂ ਤਤ੍ਰੀਰੀਆਂ ਵਾਂਗ ਫੁੱਟ ਨਿਕਲਦੀਆਂ ਹਨ। 17 ਚੌਕੀਦਾਰ ਖੜ੍ਹੇ ਤੇਜ਼ ਤੇਜ਼ ਲੰਘਦੀਆਂ ਮੋਟਰਾਂ ਤੋਂ ਪੈਸੇ ਵਸੂਲ ਕਰਦੇ ਹਨ। ਬੇਈਮਾਨੀ ਨਹੀਂ ਹੋ ਸਕਦੀ, ਕਿਉਂਕਿ ਨਾਕੇ ਉੱਤੇ ਗਿਣਤੀ ਕਰਨ ਵਾਲੀ ਮਸ਼ੀਨ ਲੱਗੀ ਹੋਈ ਹੈ।

ਇਹ ਪੁਲ ਆਬੀ ਹਵਾ ਦੇ ਬਦਲਦੇ ਹੋਏ ਹਲਕੇ ਰੰਗਾਂ ਵਿਚ ਲਰਜ਼ਦਾ ਰਹਿੰਦਾ ਹੈ। ਹਰ ਵੇਲੇ 25 ਰੰਗਸਾਜ਼ ਇਸ ਨੂੰ ਦਗਦੇ ਹੋਏ ਸੁਨਹਿਰੇ ਰੰਗ ਵਿਚ ਪੇਂਟ ਕਰਨ ਵਿਚ ਜੁੱਟੇ ਰਹਿੰਦੇ ਹਨ ਕਿਉਂ ਜੋ ਸੰਘਣੀ ਧੁੰਦ ਵਿਚ ਇਹ ਰੰਗ ਪਰਤੱਖ ਦਿਸਦਾ ਹੈ।

ਇਸ ਪੁਲ ਨੂੰ ਇੱਥੋਂ ਦੇ ਕਲਾਕਾਰਾਂ ਨੇ ਚਿਤਰਿਆ ਹੈ-ਕਦੇ ਅਕਾਸ਼ ਵਿਚ ਬੁਣੀ ਹੋਈ ਸੁਰਖ ਝਾਲਰ ਵਾਂਗ, ਕਦੇ ਨੀਲੇ ਪਾਣੀਆਂ ਵਿਚ ਕੰਬਦੇ ਹੋਏ ਸੁਰਖ ਸੁਫ਼ਨੇ ਵਾਂਗ, ਕਦੇ ਧੁੰਦ ਵਿਚ ਗੁਆਚੇ ਹੋਏ ਨਰੰਗੀ ਚਮਤਕਾਰ ਵਾਂਗ। ਇਸ ਉਤੇ ਤੁਰਦੇ ਹੋਏ ਕਈ ਆਦਮੀ ਹੇਠਾਂ ਡਿੱਗ ਪਏ ਹਨ। ਕੁਝ ਕੁ ਨੂੰ ਤੇਜ਼ ਕਿਸ਼ਤੀਆਂ ਤੇ ਜਾਲ ਸੁੱਟ ਕੇ ਬਚਾ ਲਿਆ ਗਿਆ। ਉਹਨਾਂ ਵਿਚੋਂ ਇਕ ਕੁੜੀ ਨੇ ਆਖਿਆ ਕਿ ਹੇਠਾਂ ਨਜ਼ਾਰਾ ਇਤਨਾ ਸੁੰਦਰ ਸੀ ਕਿ ਉਹ ਜੰਗਲੇ ਤੋਂ ਉਲਰ ਕੇ ਡਿੱਗੇ ਬਿਨਾਂ ਨਾ ਰਹਿ ਸਕੀ।

ਅਸੀਂ ਚਾਰੇ ਜਣੇ ਮੁੜ ਕੇ ਮੋਟਰ ਵਾਲੀ ਥਾਂ ਉੱਤੇ ਆਏ। ਨਾਕੇ ਉੱਤੇ ਦੇਣ ਲਈ 25 ਸੈਂਟ ਦਾ ਸਿੱਕ ਹਰਨੇਕ ਨੇ ਤਿਆਰ ਰੱਖਿਆ। ਕਾਰ ਵਿਚ ਬੈਠਿਆਂ ਹੀ ਉਸ ਨੇ ਨੀਯਤ ਥਾਂ ਉਤੇ ਇਕ ਸਕਿੰਟ ਰੋਕ ਕੇ ਚੌਕੀਦਾਰ ਦੇ ਖੁੱਲ੍ਹੇ ਥੈਲੇ ਵਿਚ ਸਿੱਕਾ ਸੁੱਟਿਆ ਤੇ ਗੱਡੀ ਦੀ ਕਿੱਲੀ ਦੱਬੀ। ਗੱਡੀ ਪੁਲ ਤੋਂ

ਖੂ... ਹੋਈ ਲੰਘੀ ਤੇ ਅਸੀਂ ਮਿਊਰ ਵੁੱਡ ਦੇ ਸੁਰਖ਼ ਜੰਗਲਾਂ ਵੱਲ ਨੂੰ ਹੋ ਲਏ।

...ਸ ਉੱਤੇ ਖੜੇ ਹੋ ਕੇ ਅਸੀਂ ਹੇਠਾਂ ਤੱਕਿਆ। ਛੱਲਾਂ ਮਾਰਦੇ ਹੋਏ ਪਾਣੀ ਦੀ ਡੂੰਘੀ ਗਰਜ ਵਿਚ ਬੜੀ ਕ..ਸ਼ਿਸ਼ ਸੀ। ਇਸ ਵਿਚ ਇਕ ਅਲੌਕਿਕ ਹਾਕ ਸੀ ਤੇ ਇਤਨਾ ਖ਼ੌਫ਼ ਕਿ ਇਸ ਨੇ ਇਕ ਡਰਾਉਣੀ ਖਿੱਚ ਦਾ ਰੂਪ ਧਾਰ ਲਿਆ ਸੀ। ਤਿੱਖੀ ਹਵਾ ਤੇ ਭਿੱਜੀ-ਭਿੱਜੀ ਮਹਿਕ ਨਾਲ ਸਿਰ ਵਿਚ ਟੂਣਾ ਜਿਹਾ ਧੂੜਿਆ ਗਿਆ। ਇਕ ਪਲ ਲਈ ਭਿਆਨਕ ਛੱਲਾਂ ਦੀ ਸੁੰਦਰਤਾ ਤੇ ਗਰਜ ਨੇ ਮੈਨੂੰ ਆਪਣੇ ਵੱਲ ...ਚਿਆ। ਮੈਂ ਸਹਿਮ ਕੇ ਇਕ ਪਾਸੇ ਹਟ ਗਿਆ।

ਰਸਤੇ ਵਿਚ ਅਸੀਂ ਇਕ ਕੈਫ਼ੇ ਵਿਚ ਮਲਾਈ ਦੀ ਬਰਫ਼ ਵਾਲੀ ਕਾਫ਼ੀ ਪੀਤੀ ਅਤੇ ਹੈਂਬਰਗਰ ਖਾਧੇ ਜੋ ਅਮਰੀਕਨ ਕਾਰ ਵਾਂਗ ਹੀ ਵੱਡੇ ਤੇ ਭਰੇ-ਭਰੇ ਸਨ।

ਦੋ ਘੰਟਿਆਂ ਵਿਚ ਅਸੀਂ ਇਸ ਸੰਘਣੇ ਸੁਰਖ਼ ਜੰਗਲ ਵਿਚ ਪਹੁੰਚ ਗਏ ਜੋ ਟਮਲਪੇ ਪਹਾੜ ਦੀ ਦ..ਣੀ ਗੁੱਠ ਵਿਚ ਹੈ। ਦੈਂਤਾਂ ਵਰਗੇ ਉੱਚੇ ਦਰਖਤ ਸਦੀਆਂ ਤੋਂ ਇਥੇ ਖੜੇ ਸਨ।

ਇਸ ਜੰਗਲ ਜਿਸ ਦਾ ਵਰਗ ਖੇਤਰ 481 ਏਕੜ ਹੈ, ਇਕ ਅਮੀਰ ਆਦਮੀ ਵਿਲੀਅਮ ਕੈਂਟ ਤੇ ਉ.. ਦੀ ਪਤਨੀ ਨੇ ਅਮਰੀਕਨ ਸਰਕਾਰ ਨੂੰ ਤੋਹਫੇ ਵਜੋਂ ਦਿੱਤਾ ਸੀ। 1908 ਵਿਚ ਇਹ ਹੁਸੀਨ ਜੰਗਲ ਕੌਮ ਦਾ ਖ਼ਜ਼ਾਨਾ ਤੇ ਯਾਤਰਾ ਅਸਥਾਨ ਬਣ ਗਿਆ। ਪ੍ਰਸਿੱਧ ਯਾਤਰੀ ਤੇ ਪ੍ਰਕ੍ਰਿਤੀ ਵਿਗਿਆਨੀ ਲੇਖਕ ਜੌਨ ਮਿਊਰ ਦੇ ਨਾਂ ਉੱਤੇ ਇਸ ਜੰਗਲ ਦਾ ਨਾਂ 'ਮਿਊਰ ਵੁੱਡ' ਪੈ ਗਿਆ।

ਇ.. ਜੰਗਲ ਦੇ ਦਰਖ਼ਤ ਉੱਚੇ-ਉੱਚੇ ਹਨ ਪੰਜਾਬ ਦੇ ਕਿਸਾਨਾਂ ਵਾਂਗ। ਸੰਘਣੇ ਸੁਰਖ਼ ..ਜੰਗਲ ਵਿਚੋਂ ਧੁੱਪ ਛਣ ਕੇ ਡਿੱਗ ਰਹੀ ਸੀ ਤੇ ਇਸ ਵਿਚ ਭਿੰਨੀ-ਭਿੰਨੀ ਮੁਸ਼ਕ ਸੀ ਜੋ ਤਗੜੇ ਸਿਹਤਮੰਦ ਦਿਉਦਾ.. ਦੇ ਦਰਖਤਾਂ ਨੂੰ ਕੱਟਣ ਉਤੇ ਆਉਂਦੀ ਹੈ।

ਸੁਰਖ ਦਰਖਤਾਂ ਦੇ ਜੰਗਲ ਦੀ ਇਹ ਝਾਲਰ ਸਾਨ ਫਰਾਂਸਿਸਕੋ ਦੇ ਲਾਗੇ ਪੱਛਮੀ ਕੰਢਿਆਂ ਉੱਤੇ ਸੈਂਕੜਾਂ ਮੀ.. ਤੀਕ ਫੈਲੀ ਹੋਈ ਹੈ। ਇਸ ਵੰਨਗੀ ਦਾ ਇਕ ਦਰਖਤ 359 ਫੁੱਟ ਉਚਾ ਹੈ-ਕੁਤਬ ਦੀ ਲਾਠ ਜਿਤ.. ਉੱਚਾ। ਦੁਨੀਆ ਵਿਚ ਸਭ ਤੋਂ ਉੱਚਾ ਦਰਖ਼ਤ ਹੈ ਇਹ। ਇਸ ਦਾ ਤਣਾ ਹੇਠੋਂ 20 ਫੁੱਟ ਚੌੜਾ ਹੈ ਅਤੇ ਇਸ ਦੀ ਉਮਰ ਦੋ ਹਜ਼ਾਰ ਸਾਲ ਤੋਂ ਉੱਪਰ। ਇਸ ਨਸਲ ਦੇ ਕੁਝ ਦਰਖਤ ਸਿਅਰਾ ਨਿਵਾਡਾ ਦੀ..ਆਂ ਉੱਚੀਆਂ ਵਾਦੀਆਂ ਵਿਚ ਮਿਲਦੇ ਹਨ । ਤੇ ਉਹਨਾਂ ਦਾ ਤਣਾ 35 ਫੁੱਟ ਤੀਕ ਚੌੜਾ ਹੁੰਦਾ ਹੈ। ਇ.. ਤਣੇ ਵਿਚਕਾਰੋਂ ਤਰਾਸ਼ ਕੇ ਇਤਨਾ ਵੱਡਾ ਮਹਿਰਾਬੀ ਦਰਵਾਜ਼ਾ ਬਣ ਸਕਦਾ ਹੈ ਕਿ ਇਸ ਦੇ ਵਿ..ਂ ਦੀ ਪੰਜ ਮੋਟਰਾਂ ਬਰਾਬਰ ਬਰਾਬਰ ਲੰਘ ਸਕਦੀਆਂ ਹਨ। ਇਹਨਾਂ ਦਰਖਤਾਂ ਦੀ ਉਮਰ ਤਿੰਨ ਹਜ਼ਾਰ ਸਾਲ ਤੋਂ ਉੱਪਰ ਹੈ। ਜਦੋਂ ਭਾਰਤ ਵਿਚ ਸਮਰਾਟ ਅਸ਼ੋਕ ਰਾਜ ਕਰਦਾ ਸੀ ਉਸ ਵੇਲੇ ਇਹ ਦਰਖ਼ਤ ਇਸ ਵਾਦੀ ਉੱਤੇ ਪਹਿਰਾ ਦੇ ਰਹੇ ਸਨ ਅਤੇ ਹੁਣ ਜਦੋਂ ਅਮਰੀਕਨ ਕਾਰਖਾਨੇਦਾਰੀ ਨਿਜ਼ਾਮ ਸਿਖਰ ਉੱਤੇ ਹੈ ਤੇ ਮਸ਼ੀਨ ਨੇ ਕੁਦਰਤ ਦੇ ਅੱਖੜ ਦਰਿਆਵਾਂ ਤੇ ਪਹਾੜਾਂ ਨੂੰ ਆਪਣੇ ਕੰਮ ਲਈ ਜੋਤ ਲਿਆ ਹੈ, ਇਹ ਦਰਖ਼ਤ ਉਸੇ ਤਰ੍ਹਾਂ ਫ਼ਖ਼ਰ ਨਾਲ ਖੜ੍ਹੇ ਹਨ।

ਅਸੀਂ ਦਰਖਤਾਂ ਦੇ ਵਿਚਕਾਰ ਪਗਡੰਡੀ ਉੱਤੇ ਤੁਰੇ ਜਾਂਦੇ ਸਾਂ। ਇਹਨਾਂ ਦੀ ਉੱਚੀ ਅਜ਼ਮਤ ਨੂੰ ਦੇਖ ਕੇ ਇਨਸਾਨ ਦੀ ਉਮਰ ਕਿਤਨੀ ਛੋਟੀ, ਕੱਦ ਕਿਤਨਾ ਬੌਣਾ ਤੇ ਸੁਆਸ ਕਿਤਨਾ ਤੁੱਛ ਲੱਗਦਾ ਹੈ। ਮੈਂ ਖੜ੍ਹਾ ਇਹਨਾਂ ਗੇਰੂ ਰੰਗੇ ਦਰਖਤਾਂ ਨੂੰ ਦੇਖਦਾ ਰਿਹਾ ਜੋ ਸਿੱਧੇ ਸਤੌਲ ਖੜ੍ਹੇ ਸਨ। ਸ਼ਾਂਤ।

ਅਸੀਂ ਕਈ ਘੰਟੇ ਇਥੇ ਘੁੰਮਦੇ ਰਹੇ। ਹਰਨੇਕ ਦੀਆਂ ਕਲਕਾਰੀਆਂ ਚੁੱਪ ਸਨ। ਅਸੀਂ ਮੁੜ ਕੇ ਅਜਿਹੇ ਅਸਥਾਨ ਉੱਤੇ ਆਏ ਜਿੱਥੇ ਇਹਨਾਂ ਦਰਖਤਾਂ ਦੀ ਤਾਕਤਵਰ ਲੱਕੜ ਦੀ ਪ੍ਰਦਰਸ਼ਨੀ ਸੀ। ਇਕ ਪਾਸੇ ਲੱਕੜ ਦਾ 35 ਫੁੱਟ ਲੰਮਾ ਟਹੂਆ ਖੜ੍ਹਾ ਕੀਤਾ ਹੋਇਆ ਸੀ। ਕਿਸੇ ਬੁੱਢੇ ਦਰਖਤ ਦੇ ਡਿਗ.. ਉੱਤੇ ਇਸ ਦੇ ਤਣੇ ਨੂੰ ਇਉਂ ਕੱਟਿਆ ਸੀ ਜਿਵੇਂ ਅਸੀਂ ਲੰਮੇ ਖੀਰੇ ਦਾ ਪਤਲਾ ਜਿਹਾ ਇਕ ਟਹੂਆ ਕਟ ਲਈਏ। ਇਹ ਟਹੂਆ ਲੱਕੜ ਦੀ ਵੱਡੀ ਕੰਧ ਜਾਪਦਾ ਸੀ। ਇਸ ਵਿਚ ਬਰੀਕ ਬਰੀਕ ਗੋਲ ਗੋਲ ਰੇਸ਼ਿਆਂ ਦਾ ਜਾਲ ਬੁਣਿਆ ਹੋਇਆ ਸੀ ਜੋ ਲੱਕੜ ਦੀ ਉਮਰ ਦੱਸਦਾ ਸੀ।

ਉਥੋਂ ਦੇ ਗਾਈਡ ਨੇ ਸਮਝਾਇਆ, ਜਿਵੇਂ ਆਦਮੀ ਦੇ ਮੱਥੇ ਉੱਤੇ ਹਰ ਦਸ ਸਾਲ ਪਿੱਛੋਂ ਇਕ ਲਕੀਰ ਉੱਭਰ ਆਉਂਦੀ ਹੈ, ਇਸੇ ਤਰ੍ਹਾਂ ਦਰਖਤ ਦੇ ਕੇਂਦਰ ਦੇ ਗਿਰਦ ਗੋਲ ਦਾਇਰਿਆਂ ਦੇ ਚੱਕਰ ਬਣਦੇ ਰਹਿੰਦੇ ਹਨ। ਉਹ ਦੇਖੋ! ਵਿਚਕਾਰ ਬਰੀਕ ਜਿਹੀ ਗੰਢ ਹੈ ਤੇ ਇਸ ਦੇ ਇਰਦ ਗਿਰਦ ਦਾਇਰੇ... ਜਿਵੇਂ ਟੋਭੇ ਵਿਚ ਪੱਥਰ ਸੁੱਟਣ ਨਾਲ ਦਾਇਰਿਆਂ ਦੇ ਚੱਕਰ ਬੱਝ ਜਾਂਦੇ ਹਨ। ਗੋਲ ਦਾਇਰਿਆਂ ਦੇ ਇਹ ਚੱਕਰ ਦਰਖ਼ਤ ਦੀ ਉਮਰ ਦੱਸਦੇ ਹਨ। ਇਹ ਦਰਖ਼ਤ ਦੋ ਹਜ਼ਾਰ ਸਾਲ ਪੁਰਾਣਾ ਹੈ।

ਦਿਨ ਢਲੇ ਅਸੀਂ ਵਾਪਸ ਮੁੜੇ। ਰਸਤੇ ਵਿਚ ਇਕ ਕੈਫ਼ੇ ਵਿਚ ਰੁਕੇ। ਇਹਨਾਂ ਸੜਕਾਂ ਉੱਤੇ ਥਾਂ-



ਥਾਂ ਕੈਫ਼ੇ ਹਨ ਜਿਵੇਂ ਗਰਮੀਆਂ ਦੀ ਰੁੱਤੇ ਪੰਜਾਬ ਵਿਚ ਸੜਕਾਂ ਉੱਤੇ ਛਬੀਲਾਂ ਲੱਗੀਆਂ ਹੁੰਦੀਆਂ ਹਨ। ਇੱਥੇ ਆ ਕੇ ਅਸੀਂ ਚਾਹ ਪੀਤੀ, ਵਿਸ਼ਰਾਮ ਕੀਤਾ ਤੇ ਸੂਰਜ ਦੇ ਕਿਰਮਚੀ ਗੋਲੇ ਨੂੰ ਅਲੋਪ ਹੁੰਦੇ ਤੱਕਿਆ।

ਜਦੋਂ ਅਸੀਂ ਮੁੜੇ ਤਾਂ ਸੁਨਹਿਰੇ ਪੁਲ ਦੀਆਂ ਬੱਤੀਆਂ ਜਗ ਚੁੱਕੀਆਂ ਸਨ। ਸੂਰਜ ਸਮੁੰਦਰ ਵਿਚ ਡੁੱਬ ਚੁੱਕਾ । ਪੱਛਮ ਵਿਚ ਹਰੀ ਹਰੀ ਲਾਲੀ ਦੀਆਂ ਲੀਕਾਂ ਘੁਲ ਰਹੀਆਂ ਸਨ।

———————

*ਨਜ਼ਮ-*

## ਓਹਨੇ

**ਵਰਿੰਦਰ ਪਰਿਹਾਰ**

ਝੁੰਜਲਾ ਕੇ
ਚੁੰਧਿਆਉਂਦੀ ਰੌਸ਼ਨੀ ਤੋਂ ਤੰਗ ਆ ਕੇ
ਓਹਨੇ ਆਪਣੇ ਘਰ ਦੀ ਬੱਤੀ ਬੁਝਾ 'ਤੀ

ਨ੍ਹੇਰਾ ਨਾ ਹੋਇਆ ਐਪਰ

ਗੁਆਂਢ ਘਰੋਂ
ਲੋਅ ਦੀ ਕਾਤਰ
ਓਹਦੇ ਵਿਹੜੇ ਪੈਂਦੀ ਰਹੀ

ਬੁਝਾ ਦਿੱਤੀ ਓਹਨੇ
ਗੁਆਂਢੀ ਦੀ ਬੱਤੀ

ਨਾ ਹੋਇਆ ਨ੍ਹੇਰਾ ਫਿਰ ਵੀ

ਬੁਝਾਈ ਗਲੀ ਦੀ ਬੱਤੀ
ਘਰ-ਘਰ ਦੀ
ਫਿਰ ਸਾਰੇ ਸ਼ਹਿਰ ਦੀ
ਕੁਲ ਜਹਾਨ ਦੀ ਬੱਤੀ

ਚਾਨਣੀ ਦੀ ਇਕ ਲੀਕ ਪਰ
ਤੁਰਦੀ ਰਹੀ ਨਾਲ਼ ਨਾਲ਼ ਓਹਦੇ
ਖਪਦੇ ਖਿਝਦੇ ਯੋਧੇ ਨੂੰ ਵੇਖ
ਹੱਸਦਾ ਹੋਇਆ ਚੰਨ ਕਹਿਣ ਲੱਗਾ.
ਮੈਂ ਜੋ ਹਾਂ ਅਜੇ
ਕੀ ਮਜਾਲ ਨ੍ਹੇਰੇ ਦੀ!

ਓਹ ਹੱਸਿਆ ਸੁਣ ਕੇ
ਚੰਨ ਵੱਲ ਥੁੱਕਿਆ ਉਸਨੇ
ਤੇ ਹੱਸਦੇ ਥੁੱਕਦੇ............

ਪੈਰ-ਅੰਗੂਠੇ ਨਾਲ
ਚਾਨਣੀ ਨਾਤੀ ਮਿੱਟੀ 'ਤੇ
ਰਾਕੇਟ ਦੀ ਤਸਵੀਰ ਵਾਹ ਦਿੱਤੀ ਉਸਨੇ।

(ਸਾਊਥੈਂਪਟਨ (ਯੂ. ਕੇ)

# ਸੇਲਜ਼-ਗਰਲ

ਹਾਂਗ ਇੰਗ

1.

ਹਫ਼ਤਾਵਾਰ ਵੋਟਿੰਗ ਦੇ ਨਤੀਜੇ ਨੇ ਮੇਰੀ ਹਾਲਤ ਬੜੀ ਡਾਵਾਂ ਡੋਲ ਕਰ ਦਿੱਤੀ ਸੀ। 1711 ਵੋਟਾਂ ਪ੍ਰਾਪਤ ਕਰਕੇ, ਉਹ ਆਪਣੇ ਨਾਲ ਦੇ ਪ੍ਰਤੀਯੋਗੀਆਂ ਤੋਂ ਢੇਰ ਸਾਰੀਆਂ ਵੱਧ ਵੋਟਾਂ ਨਾਲ ਪਹਿਲੇ ਨੰਬਰ ਤੇ ਰਹੀ ਸੀ। ਮੈਂ ਤਾਂ ਹੱਕੀ-ਬੱਕੀ ਹੀ ਰਹਿ ਗਈ ਸਾਂ।

ਸਟੋਰ ਦੇ ਸਭ ਤੋਂ ਵਧੀਆ ਸੰਚਾਲਕ ਦਾ ਨਿਰਨਾ ਗਾਹਕਾਂ ਰਾਹੀਂ ਕਰਵਾਉਣ ਦਾ ਵਿਚਾਰ ਸਾਡੇ ਨਵੇਂ ਮੈਨਜਰ ਤੇ ਪਾਰਟੀ ਸਕੱਤਰ ਕਵੋ ਦਾ ਸੀ। ਉਸਦਾ ਵਿਚਾਰ ਸੀ ਕਿ ਸਭ ਤੋਂ ਚੰਗੇ ਕਾਮੇ ਦੀ ਜਾਣਕਾਰੀ ਸਿਰਫ਼ ਗਾਹਕਾਂ ਨੂੰ ਹੀ ਹੁੰਦੀ ਏ-ਵਨ ਸਟੋਰ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਉਸ ਕਾਮੇ ਦਾ ਯੋਗਦਾਨ ਸਾਡੇ ਕੰਮ ਨੂੰ ਬਹੁਤ ਉਨਤੀ ਪ੍ਰਦਾਨ ਕਰ ਸਕਦਾ ਐ।

ਸਟੋਰ ਦੇ ਮੁੱਖ ਲਾਂਘੇ 'ਤੇ ਉਸਨੇ ਇਕ ਵੱਡਾ ਸਾਰਾ ਵੋਟ-ਬਕਸਾ ਤੇ ਵੋਟ-ਪਰਚੀਆਂ ਰਖਵਾ ਦਿੱਤੀਆਂ ਤੇ ਹਰ ਰੋਜ਼ ਇਹਨਾਂ ਦਾ ਇਸਤੇਮਾਲ ਕਰਨ ਲਈ ਇਕ ਬੰਦਾ ਵੀ ਨਿਯੁਕਤ ਕਰ ਦਿੱਤਾ। ਸਟੋਰ ਅੰਦਰ ਕੰਮ ਕਰਨ ਵਾਲੇ ਇਸਤਰੀਆਂ-ਮਰਦਾਂ ਦੀ ਪਹਿਚਾਣ ਕਰਨ ਲਈ ਉਹਨਾਂ ਦੇ ਗਿਣਤੀ ਵਾਚਕ ਬਿੱਲੇ ਲਗਾ ਦਿੱਤੇ।

ਕਵੋ ਦੀ ਇਸ ਪ੍ਰਯੋਜਨਾ ਕਾਰਨ ਮੇਰੀ ਹਾਲਤ ਬੜੀ ਅਜੀਬ ਜਿਹੀ ਹੋ ਗਈ। ਕਿਉਂਕਿ ਨੌਜਵਾਨ ਸਭਾ ਦੀ ਸਕੱਤਰ ਹੋਣ ਕਾਰਨ ਮੈਂ ਤਾਂ ਲੋਕਾਂ ਦੇ ਹੱਥ ਖੜ੍ਹੇ ਕਰਨ ਤੋਂ ਪਹਿਲਾਂ ਹੀ ਚੋਣ-ਨਤੀਜੇ ਦੇ ਸਿੱਟੇ ਬਾਰੇ ਜਾਣਕਾਰੀ ਰੱਖਦੀ ਹੁੰਦੀ ਸਾਂ। ਪਾਰਟੀ ਸਕੱਤਰ ਦਾ ਇਸ਼ਾਰਾ ਮਿਲਣ 'ਤੇ ਮੈਂ ਸੰਭਾਵੀ ਉਮੀਦਵਾਰ ਲੱਭ ਕੇ, ਪਾਰਟੀ ਤੇ ਸਭਾ ਦੀ ਬੈਠਕ ਵਿਚ ਉਸਦੇ ਨਾਮ ਦੀ ਸਿਫ਼ਾਰਸ਼ ਕਰਨ-ਕਰਾਉਣ ਤੱਕ ਦੀ ਤਿਆਰੀ ਵੀ ਕਰ ਲਿਆ ਕਰਦੀ ਸਾਂ। ਮੇਰੀ ਇਸ ਪਹਿਲ ਕਦਮੀਂ ਕਾਰਨ ਲੋਕੀਂ ਸਮਝ ਲੈਂਦੇ ਸਨ ਕਿ ਇਸ ਵਾਰ ਕਿਸਨੂੰ ਜਿਤਾਉਂਣਾ ਹੈ।

ਪਰ ਹੁਣ, ਇਸ ਵਾਰ ਮਾਮਲਾ ਬਿਲਕੁਲ ਹੀ ਬਦਲ ਗਿਆ ਸੀ। ਨਵੇਂ ਸਕੱਤਰ ਕਵੋ ਨੇ ਮੈਨੂੰ ਕਿਸੇ ਬਾਰੇ ਕੋਈ ਇਸ਼ਾਰਾ ਵੀ ਨਹੀਂ ਸੀ ਕੀਤਾ। ਉਸਨੇ ਤਾਂ ਬੱਸ ਏਨਾ ਹੀ ਕਿਹਾ ਸੀ, "ਫੈਸਲਾ ਗਾਹਕਾਂ ਨੂੰ ਕਰਨ ਦਿਓ.....।" ਤੇ ਗਾਹਕਾਂ ਨੇ ਇਕ ਅਜਿਹੀ ਲੜਕੀ ਨੂੰ 'ਨੰਬਰ ਇੱਕ' ਦੇ ਸੰਚਾਲਕ ਵਜੋਂ ਚੁਣਿਆ, ਜਿਹੜੀ ਨਾ ਕਮਿਊਨਿਸਟ ਪਾਰਟੀ ਦੀ ਮੈਂਬਰ ਸੀ, ਨਾ ਨੌਜਵਾਨ ਸਭਾ ਦੀ, ਉਸਦੀ ਤਾਂ ਮੈਂਬਰ ਬਣਨ ਦੀ ਸੰਭਾਵਨਾ ਵੀ ਨਹੀਂ ਸੀ।

ਮੈਨੂੰ ਪੂਰਾ ਵਿਸ਼ਵਾਸ ਸੀ ਕਿ ਗਾਹਕ ਵਾਂਗ-ਸ਼ੇਨਸ਼ੂ ਨੰਬਰ (ਇਕਵੰਜਾ) ਦੀ ਚੋਣ ਕਰਨਗੇ ਜਿਸ ਨੂੰ ਸਟੋਰ ਦੇ ਪ੍ਰਬੰਧਕਾਂ ਨੇ ਪਿਛਲੇ ਛੇ ਮਹੀਨੇ ਤੋਂ ਬਹੁਤ ਉਭਾਰਿਆ ਸੀ। ਪੁਰਾਣੇ ਸਕੱਤਰ ਕਾਓ ਦੇ ਸੁਝਾ 'ਤੇ ਉਸਨੂੰ ਦੂਜੀ ਵਾਂਗ-ਸੁਸ਼ਟੇਨ ਯਾਨੀ ਕਿ ਮੈਂ ਬਣਾਉਣ ਲਈ ਤਿਆਰ ਕੀਤਾ ਜਾ ਰਿਹਾ ਹੈ। ਸਾਡੇ ਦੋਨਾਂ ਦੇ ਨਾ ਵੀ ਲੱਗਪਗ ਇਕੋ ਜਿਹੇ ਸਨ। ਮੈਂ ਆਪਣੀ ਉਮਰ ਦੇ ਚੌਥੇ ਦਹਾਕੇ ਵਿਚ ਸਾਂ। ਮੇਰਾ ਕੋਈ ਮਰਦ ਮਿੱਤਰ ਵੀ ਨਹੀਂ ਸੀ। ਪਰ ਮੇਰੇ ਪਾਸ ਅਹੁਦੇ ਕਈ ਸਨ।

ਮੈਂ ਸਟੋਰ ਦੀ ਨੌਜਵਾਨ ਸਭਾ ਦੀ ਸਕੱਤਰ ਸੀ। ਸਟੋਰ ਦੀ ਪਾਰਟੀ ਕਮੇਟੀ ਦੀ ਮੈਂਬਰ ਸਾਂ, ਸ਼ਹਿਰ ਦੀ ਨੌਜਵਾਨ ਸਭਾ ਦੀ ਮੈਂਬਰ ਸਾਂ, ਲੋਕਲ ਇਸਤਰੀ ਸਭਾ ਦੀ ਮੈਂਬਰ ਸਾਂ, ਇਸਤਰੀ ਕਲਿਆਣ ਸਮਾਜ ਸੇਵਕਾ ਸਾਂ. ਪਛੜ ਕੇ ਵਿਆਹ ਕਰਵਾਉਣ ਵਾਲੀ ਆਦਰਸ਼-ਇਸਤਰੀ ਸਾਂ।....ਮੈਂ ਵਾਂਗ ਸ਼ੇਨਸ਼ੂ ਨੂੰ ਵੀ ਆਪਣੇ ਵਰਗੀ ਪ੍ਰਭਾਵੀ ਇਸਤਰੀ ਬਣਾਉਣਾ ਚਾਹੁੰਦੀ ਸੀ। ਉਹ ਮੇਰੇ ਹੀ ਪੁਰਾਣੇ ਕਾਉਂਟਰ 'ਤੇ ਕੰਮ ਕਰਦੀ ਸੀ ਤੇ ਉਸ ਨੇ ਗਰੁੱਪ-ਲੀਡਰ ਦੀ ਮੇਰੀ ਪੁਰਾਣੀ ਥਾਂ ਪ੍ਰਾਪਤ ਕੀਤੀ ਸੀ।

ਸਵੇਰੇ ਤੜਕਸਾਰ ਆਉਣਾ, ਸ਼ਾਮੀਂ ਦੇਰ ਤੱਕ ਰੁਕੇ ਰਹਿਣਾ, ਫਰਸ਼ਾਂ ਦੀ ਝਾੜ-ਪੂੰਝ, ਗੁਸਲਖਾਨਿਆਂ ਦੀ ਸਫ਼ਾਈ ਕਰਨਾ, ਨੌਜਵਾਨ ਸਭਾ ਦੀ ਇਸ ਬਰਾਂਚ ਦੀ ਵਿਸਤਰਿਤ ਰੀਪੋਰਟ ਲਿਖਣਾ, ਇਹ ਸਾਰਾ ਕੁਝ ਉਹ ਮੇਰੇ ਕਰਨ ਵਾਂਗ ਹੀ ਕਰਿਆ ਕਰਦੀ ਸੀ। ਉਹ ਮੇਰੇ ਵਾਂਗ ਹੀ ਆਪਣੇ ਵਾਲਾਂ ਨੂੰ ਬਿਨਾਂ ਰਿਬਨ ਲਾਏ, ਉਲਟਾ ਕੇ ਬੰਨ੍ਹਦੀ ਸੀ। ਉਸਦੀਆਂ ਛੋਟੀਆਂ ਛੋਟੀਆਂ ਛਾਤੀਆਂ ਗੂੜ੍ਹੇ ਰੰਗ ਦੀ ਰਬੜ ਅੰਗੀ ਨਾਲ ਬੰਨ੍ਹੀਆਂ ਹੁੰਦੀਆਂ। ਉਹ ਕੰਮ ਕਰਨ ਵੇਲੇ ਪਾਈ ਜੈਕਟ ਹੇਠ ਇਕ ਸਾਧਾਰਨ ਬਲਾਓਜ਼ ਪਹਿਨਦੀ ਸੀ ਜਿਸਦਾ ਰੰਗ ਵਾਰ-ਵਾਰ ਧੋ ਕੇ ਫਿੱਕਾ ਪੈ ਗਿਆ ਸੀ। ਭਾਵੇਂ ਉਹ ਕਿਸੇ ਆਦਰਸ਼ ਕਾਮੇ ਦੀ ਹੂ-ਬ-ਹੂ ਮੂਰਤ ਸੀ, ਪਰ ਉਸਨੂੰ ਅੱਧਿ ਕੁ ਵੋਟ ਮਿਲੇ ਸਨ।



ਵੋਟਾਂ ਵਿਚ ਜਿੱਤੀ ਸੀ ਚਿੰਨ ਲੂ, ਅਰਥਾਤ ਸੋਨੇ ਦੀ ਮੁਰਗੀ। ਉਹ ਮਿਠਾਈਆਂ ਵਾਲੇ ਕਾਉਂਟਰ 'ਤੇ ਖ਼ੜ੍ਹੀ ਹੁੰਦੀ ਸੀ। ਉਸਦਾ ਨੰਬਰ ਤਾਂ ਸੀ 163 ਪਰੰਤੂ ਉਹ ਸਾਰੇ ਨੌਜਵਾਨ, ਜੋ ਲਾਗੇ ਦੀ ਸਟੀਲ ਰੋਲਿੰਗ ਮਿੱਲ ਤੋਂ ਅਕਸਰ ਸਾਡੇ ਸਟੋਰ 'ਚ ਆ ਧਮਕਦੇ ਸਨ, ਉਹ ਉਸਨੂੰ 'ਨੰਬਰ ਇਕ' ਕਿਹਾ ਕਰਦੇ ਸਨ। ਜਦੋਂ ਤੱਕ ਮੈਨੂੰ ਇਹ ਪਤਾ ਨਹੀਂ ਸੀ ਲੱਗਾ ਕਿ ਲੋਕ, ਲੜਕੀਆਂ ਨੂੰ ਉਹਨਾਂ ਦੇ ਰੰਗ-ਰੂਪ ਦੇ ਆਧਾਰ 'ਤੇ ਨੰਬਰ ਦਿੰਦੇ ਹਨ, ਮੈਨੂੰ ਉਹਨਾਂ ਦੀ ਗੱਲ ਸਮਝ ਨਹੀਂ ਸੀ ਪਈ। ਕੇਵਲ ਇਸੇ ਆਧਾਰ 'ਤੇ ਉਸਨੂੰ ਸਭ ਤੋਂ ਵਧੀਆਂ ਕਾਮਾ ਚੁਣੇ ਜਾਣ ਨੂੰ ਅਯੋਗ ਕਰਾਰ ਦੇਣਾ ਚਾਹੀਦਾ ਸੀ, ਪਰ ਹੁਣ ਮੈਨੂੰ ਉਸਦਾ ਸੁੰਦਰ ਚਿਹਰਾ ਚੁਨੌਤੀ ਦੇ ਰਿਹਾ ਸੀ।

2.

ਇਨਾਮ ਅਗਲੇ ਹਫ਼ਤੇ ਇਕ ਇਕਤਰੱਤਾ ਬੁਲਾ ਕੇ ਵੰਡੇ ਜਾਣੇ ਸਨ, ਜਿਹਦੇ ਵਿਚ ਸਾਡੇ ਲੀਡਰ ਅਖਬਾਰਾਂ ਤੇ ਰੇਡੀਓ ਨਾਲ ਸਬੰਧਤ ਪੱਤਰਕਾਰ ਦੂਜੇ ਸਟੋਰਾਂ ਦੇ ਸਾਡੇ ਸਹਿਯੋਗੀਆਂ ਦੇ ਪ੍ਰਤਿਨਿੱਧ ਵੀ ਸ਼ਾਮਿਲ ਹੋਏ ਸਨ। ਮੈਂ ਕਵੋ ਨੂੰ ਲੱਭ ਕੇ ਉਸ ਨੂੰ ਸੁਝਾ ਦਿੱਤਾ ਕਿ ਸਾਨੂੰ ਉਦੋਂ ਤੱਕ ਇਨਾਮ ਦੀ ਘੋਸ਼ਣਾ ਨਹੀਂ ਕਰਨੀ ਚਾਹੀਦੀ, ਜਦੋਂ ਤੱਕ ਅਸੀਂ ਇਸ ਸਮੱਸਿਆ ਤੇ ਆਪੋ-ਵਿਚ ਦੀ ਗੱਲਬਾਤ ਨਹੀਂ ਕਰ ਲੈਂਦੇ, ਤਾਂ ਕਿ ਪਿੱਛੋਂ ਸਾਡੀ ਸਥਿਤੀ ਖ਼ਰਾਬ ਨਾ ਹੋਵੇ। ਕਵੋ ਮੇਰੇ ਨਾਲ ਸਹਿਮਤ ਹੋ ਗਿਆ। ਉਸਨੇ ਉਸੇ ਦਿਨ ਸ਼ਾਮ ਦੇ ਸਮੇਂ ਪ੍ਰਬੰਧਕੀ ਕਮੇਟੀ ਦੀ ਮੀਟਿੰਗ ਬੁਲਾ ਲਈ।

ਇਸ ਮੀਟਿੰਗ ਵਿਚ ਮੈਂ ਅਤੇ ਰਾਜਨੀਤੀ ਕਾਰਜ ਵਿਭਾਗ ਦੇ ਕਾਰਜਕਰਤਾਵਾਂ ਨੇ ਚਿੰਨ 'ਤੇ ਤਿੰਨ ਦੋਸ਼ ਲਾਏ। ਪਹਿਲਾਂ-ਉਹ ਬੇ-ਹੱਦ ਪਿੱਛੜੀ ਹੋਈ ਔਰਤ ਸੀ, ਜੋ ਆਪਣੇ ਕੱਪੜਿਆਂ ਦਾ ਲੋੜੋਂ ਵੱਧ ਧਿਆਨ ਰੱਖਦੀ ਸੀ। ਉਸਨੂੰ ਸਟੋਰ ਦੇ ਕੁਝ ਗਾਹਕਾਂ ਨੇ 'ਸੁੰਦਰੀ-ਮਣੀ' ਵਜੋਂ ਚੁਣ ਰੱਖਿਆ ਸੀ। ਸੰਭਵ ਹੈ ਅਜਿਹੇ ਲੋਕਾਂ ਨੇ ਕੁਝ ਹੋਰਨਾਂ ਉਦੇਸ਼ਾਂ ਨੂੰ ਮੁੱਖ ਰੱਖ ਕੇ ਉਸ ਲਈ ਵੋਟਾਂ ਦਾ ਜੁਗਾੜ ਕੀਤਾ ਹੋਵੇ। ਦੂਜਾ ਉਸ ਨੂੰ ਆਪਣੀ ਨੌਕਰੀ ਪਸੰਦ ਨਹੀਂ ਸੀ। ਉਸ ਤਾਂ ਸੰਸਕ੍ਰਿਤਕ ਕੇਂਦਰ ਵਿਚ, ਜਗਦੀਆਂ-ਬੁਝਦੀਆਂ ਲਾਇਟਾਂ ਸਾਹਮਣੇ ਆਪਣੀ ਕੰਮ-ਕਲਾ ਦਾ ਪ੍ਰਦਰਸ਼ਨ ਕਰਨ ਲਈ ਹੀ ਉਤਾਵਲੀ ਰਹਿੰਦੀ ਸੀ। ਤੀਜਾ- ਉਹ ਖੁਸ਼ ਮਿਜਾਜ਼ ਚੁਲਬਲੀ ਲੜਕੀ ਸੀ। ਉਸਨੇ ਕਈ ਵਾਰ ਆਪਣੇ ਕਮਰੇ ਵਿਚ ਲੜਕਿਆਂ ਨੂੰ ਮਠਿਆਈ ਖਾਣ ਲਈ ਬੁਲਾਇਆ ਸੀ।

ਮਜ਼ਦੂਰ ਸਭਾ ਦੇ ਅਧਿਕਾਰੀ ਅਤੇ ਪ੍ਰਚਾਰ ਵਿਭਾਗ ਦੇ ਮੈਂਬਰ ਇਹਨਾਂ ਦੋਸ਼ਾਂ ਨਾਲ ਸਹਿਮਤ ਨਹੀਂ ਸਨ। ਉਹਨਾਂ ਦਾ ਮੱਤ ਸੀ ਕਿ ਚਿੰਨ ਨੂੰ ਜਿੰਨੀਆਂ ਵੀ ਵੋਟਾਂ ਮਿਲੀਆਂ ਹਨ, ਇਹ ਉਸਦੀ ਲੋਕਪ੍ਰੀਅਤਾ ਕਰਕੇ ਹੀ ਮਿਲੀਆਂ ਹਨ। ਉਹ ਆਪਣੇ ਕੰਮ ਵਿਚ ਚੁਸਤਯੋਗ ਅਤੇ ਸਮਰਪਿਤ ਸੀ। ਉਹਨਾਂ ਦਾ ਵਿਚਾਰ ਸੀ ਕਿ ਸਮਾਜਵਾਦੀ ਮੁਕਾਬਲੇ ਵਿਚ ਅੱਗੇ ਵਧਣ ਦੀ ਦੌੜ ਵਿਚ ਕੇਵਲ ਆਪਣੇ ਕੰਮ ਨਾਲ ਹੀ ਅੱਗੇ ਵਧਣਾ ਹੈ। ਉਹਨਾਂ ਦੇ ਕਹਿਣ ਤੋਂ ਭਾਵ ਸੀ, ਕਿਉਂਕਿ ਗਾਹਕਾਂ ਨੇ ਉਸ ਨੂੰ ਚੁਣਿਆ ਐ, ਇਸ ਲਈ ਇਮਾਨਦਾਰੀ ਨਾਲ ਚੋਣ ਦੇ ਨਤੀਜੇ ਦੀ ਘੋਸ਼ਣਾ ਕਰ ਦੇਣੀ ਚਾਹੀਦੀ ਐ।

ਕਵੋ ਹੁਣ ਤੱਕ ਕੇਵਲ ਮੁਸਕਰਾਉਂਦਾ ਹੀ ਰਿਹਾ ਸੀ। ਉਸਨੇ ਗੱਲਬਾਤ ਨੂੰ ਇਹ ਕਹਿੰਦਿਆਂ ਸਮਾਪਤ ਕੀਤਾ ਕਿ, "ਅਸੀ ਦੇਖਣਾ ਇਹ ਹੈ ਕਿ ਚੋਣ ਲੋਕਤੰਤ੍ਰਿਕ ਢੰਗ ਨਾਲ ਹੋਈ ਐ ਜਾਂ ਨਹੀਂ। ਪੁਰਸਕਾਰ ਦੇਣ ਲਈ ਸਭਾ ਦਾ ਆਯੋਜਨ ਕਰਨ ਤੋਂ ਪਹਿਲਾਂ, ਸ਼ਾਨੂੰ ਵਾਂਗ-ਸੁਸ਼ੇਨ ਨੂੰ, ਚਿੰਨ ਲੂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ, ਅਤੇ ਮਜ਼ਦੂਰ ਸਭਾ ਤੇ ਪ੍ਰਚਾਰ ਵਿਭਾਗ ਨੂੰ ਗਾਹਕਾਂ ਦੇ ਵਿਚਾਰ ਇਕੱਠੇ ਕਰਨ ਦੇ ਆਦੇਸ਼ ਦੇਣੇ ਚਾਹੀਦੇ ਹਨ।"

ਉਸ ਰਾਤੀਂ ਮੈਂ ਬਿਸਤਰੇ 'ਤੇ ਪਈ ਪਾਸੇ ਮਾਰਦੀ ਰਹੀ। ਮੈਂ ਪ੍ਰਸੰਨ ਵੀ ਸਾਂ ਤੇ ਪ੍ਰੇਸ਼ਾਨ ਵੀ। ਪ੍ਰਸੰਨ ਇਸ ਲਈ ਕਿ ਮੈਂ ਆਪਣੀ ਗੱਲ ਦਾ ਪ੍ਰਮਾਣ ਦੇ ਸਕਾਂਗੀ ਤੇ ਪ੍ਰੇਸ਼ਾਨ ਇਸ ਲਈ ਕਿ ਨਵਾਂ ਨਵਾਂ ਆਉਣ ਦੇ ਬਾਵਜੂਦ ਕਵੋ ਸਾਡੇ ਸਟੋਰ ਬਾਰੇ ਬਹੁਤ ਕੁਝ ਜਾਣਦਾ ਸੀ ਤੇ ਹੋ ਸਕਦਾ ਸੀ, ਉਹ ਕੁਝ ਬਦਲਵੇਂ ਸਿੱਟੇ ਕੱਢ ਲਵੇ। ਇਹ ਵੀ ਸੰਭਵ ਐ ਕਿ ਚਿੰਨ ਨੇ ਉਸਦੀ ਕਿਰਪਾ-ਦ੍ਰਿਸ਼ਟੀ ਪ੍ਰਾਪਤ ਕਰ ਲਈ ਹੋਵੇ। ਇਸ ਲਈ ਉਸਨੂੰ ਕਾਇਲ ਕਰਨ ਲਈ ਮੈਨੂੰ ਕੁਝ ਦ੍ਰਿੜ ਸੰਕਲਪਾਂ ਦੀ ਲੋੜ ਪਵੇਗੀ।

ਸਵੇਰ-ਸਾਰ ਦੀ ਪਹਿਲੀ ਕਿਰਨ ਦੇ ਨਾਲ ਹੀ ਮੈਂ ਆਪਣੀ ਸਾਈਕਲ ਚੁੱਕੀ ਤੇ ਸਟੋਰ ਦੇ ਮਠਿਆਈ ਕਾਉਂਟਰ ਦੇ ਵਹੀ-ਖਾਤੇ ਦੀ ਪੜਤਾਲ ਕਰਨ ਲਈ ਪਹੁੰਚ ਗਈ, ਮੇਰਾ ਇਰਾਦਾ ਚਿੰਨ ਦੇ ਸਭ ਤੋਂ ਕਮਜ਼ੋਰ ਬਿੰਦੂ 'ਤੇ ਹਮਲਾ ਕਰਨ ਦਾ ਸੀ। ਸਾਈਕਲ ਤੋਂ ਉਤਰਦਿਆਂ ਹੀ ਦੇਖਦਿਆਂ ਕਿ ਸ਼ੈੱਡ ਅੰਦਰ ਇਕ ਗੂੜ੍ਹੇ ਲਾਲ ਰੰਗ ਦੀ ਸਾਈਕਲ ਪਹਿਲੋਂ ਹੀ ਖੜ੍ਹੀ ਹੈ। ਏਨੀ ਭੜਕੀਲੀ ਸਾਈਕਲ ਉੱਤੇ ਕੇਵਲ ਉਹ ਹੀ ਚੜ੍ਹਨ ਦੀ ਹਿੰਮਤ ਕਰ ਸਕਦੀ ਸੀ। ਇਸ ਸਾਈਕਲ ਨੂੰ ਵੱਖ-ਵੱਖ ਤਰ੍ਹਾਂ ਦੇ ਪੁਰਜ਼ੇ

ਲੱਗੇ ਹੋਏ ਸਨ-ਇਕ ਰੀਫੈਕਟਰ ਇਕ ਟਰਾਂਜ਼ਿਸਟਰ ਹਾਰਨ ਨਾਲ ਮਖ਼ਮਲ 'ਚ ਲਿੱਪਟਿਆ ਹੇਠਾਂ ਵਾਲਾ ਟਿਊਬ, ਹਿਰਨ-ਮਾਰਕਾ ਇਲੈਕਟਰੋਪਲੇਟਿਡ ਤਾਲਾ, ਬੜੇ ਅਜੀਬ ਢੰਗ ਦੀ ਪਿਛਲੀ ਬੱਤੀ ਤੇ ਸਾਹਮਣੇ ਮੱਡਗਾਰਡ 'ਤੇ ਜੜਿਆ, ਚੌਕੜੀ ਮਾਰੀ ਬੈਠਾ ਹਿਰਨ ਉਸਦੀ ਸਾਇਕਲ ਵੀ ਬਿਲਕੁਲ ਉਸ ਵਰਗੀ ਹੀ ਸੀ।

ਮੈਨੂੰ ਇਸ ਗੱਲ ਦੀ ਹੋਰ ਵੀ ਜ਼ਿਆਦਾ ਖਿਝ ਆ ਰਹੀ ਸੀ, ਕਿ ਉਹ ਏਨੀ ਛੇਤੀ ਪਹੁੰਚ ਗਈ ਸੀ। ਆਖ਼ਿਰ ਕਿਉਂ? ਕੀ ਉਸਨੇ ਵਹੀ-ਖਾਤੇ ਉਲਟ ਫੇਰ ਕਰਨੇ ਸਨ?....ਮੈਂ ਮਠਿਆਈ ਦੇ ਕਾਊਂਟਰ ਵੱਲ ਨੂੰ ਨੱਠੀ। ਉੱਥੇ ਮੈਨੂੰ ਕੋਈ ਵੀ ਨਾ ਦਿੱਸਿਆ। ਵੇਹੀ-ਖਾਤੇ ਵੀ ਤਾਲੇ ਵਿਚ ਬੰਦ ਸਨ। ਮੈਂ ਕੱਪੜੇ ਬਦਲਣ ਵਾਲੇ ਕਮਰੇ ਵਿਚ ਅਤੇ ਟੇਬਲ-ਟੈਨਸ ਵਾਲੇ ਕਮਰੇ ਵਿਚ ਵੀ ਨਜ਼ਰ ਮਾਰੀ। ਫਿਰ ਮੈਂ ਲਾਇਬਰੇਰੀ ਅੰਦਰ ਝਾਕਿਆ। ਉਹ ਕਿਧਰੇ ਵੀ ਨਹੀਂ ਸੀ। ਸਟੋਰ ਅਜੇ ਖੁਲ੍ਹਿਆ ਨਹੀਂ ਸੀ। ਬਰਾਂਡੇ ਸੁੰਨਮਸਾਨ ਪਏ ਸਨ। ਆਖ਼ਿਰ ਉਹ ਕਿੱਥੇ ਚਲੀ ਗਈ ਸੀ!

ਫਿਰ ਮੈਨੂੰ ਉੱਪਰਲੇ ਚਬੂਤਰੇ ਤੋਂ ਗਾਉਣ ਦੀ ਹਲਕੀ-ਹਲਕੀ ਜਿਹੀ ਆਵਾਜ਼ ਸੁਣਾਈ ਦਿੱਤੀ। ਦੌੜੀ ਦੌੜੀ ਮੈਂ ਨਾਟਕ ਘਰ ਵਿਚ ਜਾ ਪੁੱਜੀ। ਉੱਥੇ ਵੀ ਕੋਈ ਨਹੀਂ ਸੀ। ਗਾਉਣ ਦੀ ਆਵਾਜ਼ ਹੋਰ ਵੀ ਉਪਰੋਂ ਆ ਰਹੀ ਸੀ। ਉਤਸੁਕਤਾ- ਵੱਸ, ਮੈਂ ਲੋਹੇ ਦੀ ਪੌੜੀ ਚੜ੍ਹਦੀ ਦੂਜੀ ਮੰਜ਼ਿਲ ਦੀ ਛੱਤ 'ਤੇ ਪੁੱਜ ਗਈ। ਇੱਥੇ ਉਹ ਗਾਣਾ ਗਾ ਰਹੀ ਸੀ। ਗਾਉਂਦੀ-ਗਾਉਂਦੀ ਉਹ ਆਪਣੇ ਸਰੀਰ ਨੂੰ ਅਜਿਹੇ ਢੰਗ ਨਾਲ ਤੋੜ ਮਰੋੜ ਰਹੀ ਸੀ, ਜਿਵੇਂ ਨਾਲ ਨਾਲ ਨਚ ਰਹੀ ਹੋਵੇ। ਮੈਂ ਅਜੇ ਤੱਕ ਅਜਿਹਾ ਨਾਚ ਕਦੇ ਨਹੀਂ ਸੀ ਦੇਖਿਆ। ਨਾ ਵਿਦੇਸ਼ੀ ਫ਼ਿਲਮਾਂ ਦੇਖੀਆਂ ਸਨ ਅੱਜਕਲ੍ਹ ਜਿਹੜੇ ਡਿਸਕੋ-ਡਾਂਸ ਦੇ ਲੋਕੀ ਐਨੇ ਦੀਵਾਨੇ ਹੋਏ ਫਿਰਦੇ ਆ, ਉਹ ਸ਼ਾਇਦ ਉਹ ਨਾਚ ਨੱਚ ਰਹੀ ਸੀ।

ਮੈਂ ਲੂੰਬੀ ਦੇ ਪਿੱਛੇ ਜਾ ਲੁਕੀ। ਉਸ ਵੱਲ ਕੋਈ ਦੇਖਦਾ ਹੈ, ਇਸ ਗੱਲੋਂ ਬੇਖ਼ਬਰ ਉਹ ਆਪਣੇ ਗਾਣੇ ਅੰਦਰ ਖੁਭੀ ਰਹੀ।

ਸੂਰਜ ਚੜ੍ਹ ਆਉਣ ਕਾਰਨ ਆਕਾਸ਼ ਹੁਣ ਗੁਲਾਬੀ ਰੰਗਾ ਹੋ ਗਿਆ। ਹਲਕੇ ਹਲਕੇ ਚਾਨਣ ਦੀ ਇਸ ਪਿੱਠ ਭੂਮੀ ਵਿਚ ਉਸਦੀ ਦੇਹੀ ਦੇ ਛੋਟੇ-ਵੱਡੇ ਉਭਾਰ ਹੋਰ ਵੀ ਉਭਰਵੇਂ ਦਿਸਣ ਲੱਗ ਪਏ। ਸ਼ਰਮ ਦੀ ਮਾਰੀ ਮੈਂ ਕੰਨਾਂ ਤੱਕ ਲਾਲ ਹੋ ਗਈ। ਮੈਂ ਆਪਣੀਆਂ ਅੱਖਾਂ ਬੰਦ ਕਰ ਲਈਆਂ।

ਉਹ ਸੱਚ-ਮੁੱਚ ਹੀ ਸੁੰਦਰ ਸੀ। ਜੁਆਨ ਸੀ, ਜ਼ਿੰਦਾ ਦਿਲ ਸੀ। ਪਰੰਤੂ ਪਹਿਲੇ ਬਣੇ ਪ੍ਰਭਾਵ ਕਾਰਨ ਉਹ ਮੈਨੂੰ ਭੱਦੀ ਲੱਗ ਰਹੀ ਸੀ। ਮੈਨੂੰ ਉਸਦੇ ਗੁਲਾਬੀ ਬੁੱਲ੍ਹਾਂ ਤੇ ਗੱਲਾਂ 'ਤੇ ਮੇਕ-ਅੱਪ ਕੀਤਾ ਜਾਪਿਆ। ਉਸਦੀਆਂ ਅੱਖਾਂ ਵੱਡੀਆਂ-ਵੱਡੀਆਂ ਸਨ। ਇਹਨਾਂ ਵਿਚ ਚਮਕ ਸੀ, ਪਰ ਇਹਨਾਂ ਅੱਖਾਂ ਵਿਚ ਪਸਰੀ ਵੈਰਾਨੀ ਸਾਫ਼ ਸਾਫ਼ ਝਲਕ ਰਹੀ ਸੀ। ਇਸ ਵੈਰਾਨੀ ਨਾਲੋਂ ਵੀ ਘਿਰਣਾ ਵਾਲਾ ਤੱਥ ਉਸਦੀਆਂ ਅੱਖਾਂ ਵਿਚ ਛਾਇਆ ਉਦਾਸੀ ਭਾਵ ਸੀ। ਇਹ ਉਹ ਅੱਖਾਂ ਸਨ ਜੋ ਲੋਕਾਂ ਨੂੰ ਹਮੇਸ਼ਾ ਬਿਨਾਂ ਕਿਸੇ ਝਿਜਕ ਦੇ ਦੇਖਿਆ ਕਰਦੀਆਂ ਸਨ। ਫਿਰ......ਉਸਦੇ ਚੁਸਤ-ਚੱਟਕੀਲੇ ਕੱਪੜੇ ਤੇ ਲੜਕੀਲੀ ਭੜਕੀਲੀ ਸਟੀਕ! ਸੱਚਮੁੱਚ ਉਸ ਅੰਦਰ ਉਚਿਤ ਅਣਉਚਿਤ ਦਾ ਵਿਵੇਕ ਹੈ ਹੀ ਨਹੀਂ ਸੀ। ਫਿਰ ਉਹ ਏਨੇ ਸਵੇਰੇ-ਸਵੇਰ, ਜਦੋਂ ਇੱਥੇ ਕਈ ਜਣੇ ਆਲ਼ ਦੁਆਲੇ ਹੋ ਵੀ ਨਹੀਂ ਸੀ!.....ਭਲਾ ਉਸ ਵਰਗੀ ਲੜਕੀ ਇਕ ਆਦਰਸ਼ ਕੰਮ ਕਾਜੀ ਲੜਕੀ ਕਿੱਦਾਂ ਹ ਸਕਦੀ ਹੈ?

ਮੈਂ ਅੰਦਰੋਂ-ਅੰਦਰ ਖਿਝੀ ਖਪੀ ਜਾ ਰਹੀ ਸਾਂ, ਕਿ ਉਸਨੇ ਇਕ ਦਮ ਗਾਉਣਾ ਬੰਦ ਕਰ ਦਿੱਤਾ ਤੇ ਲੜਖੜਾਉਂਦੀ ਹੋਈ ਜੰਗਲੇ ਵੱਲ ਇਉਂ ਵਧੀ ਜਿਵੇਂ ਉਥੋਂ ਥੱਲੇ ਛਾਲ ਮਾਰ ਦੇਣੀ ਹੋਵੇ। ਮੈਂ ਬਹੁਤ ਡਰ ਗਈ, ਸ਼ਸ਼ੋਪੰਜ ਵਿਚ ਪਈ ਨੇ ਮੈਂ ਸੋਚਿਆ ਕਿ ਮੈਨੂੰ ਉਸ ਨੂੰ ਦੌੜ ਕੇ ਫੜਨਾ ਚਾਹੀਦਾ ਹੈ ਕਿ ਨਹੀਂ। ਤਦ ਹੀ ਉਹ ਪਿਛੇ ਮੁੜ ਆਈ। ਜੰਗਲੇ ਦਾ ਸਹਾਰਾ ਲੈ ਕੇ ਉਸਨੇ ਇਕ ਡੂੰਘਾ ਹਉਕਾ ਭਰਿਆ, ਆਪਣੇ ਲੰਬੇ ਵਾਲਾਂ ਨੂੰ ਪਿੱਛੇ ਵੱਲ ਨੂੰ ਕੀਤਾ ਤੇ ਕਹਿਣ ਲੱਗੀ "ਮੈਂ ਬਹੁਤ ਖਾਲੀ ਖਾਲੀ ਤੇ ਪੀੜਤ (ਦੁਖੀ) ਮਹਿਸੂਸ ਕਰਦੀ ਹਾਂ, ਮੈਨੂੰ ਸਮਾਂ ਕੱਟਣਾ ਬਹੁਤ ਔਖਾ ਲੱਗ ਰਿਹਾ। ਛੇਤੀ ਹੀ ਮੇਰਾ ਚਿਹਰਾ ਝੁਰੜੀਆਂ ਨਾਲ ਭਰ ਜਾਏਗਾ, ਵਾਲ ਚਿੱਟੇ ਹੋ ਜਾਣਗੇ......," ਇਹ ਕਹਿੰਦੀ ਕਹਿੰਦੀ ਉਹ ਰੋ ਪਈ ਤੇ ਸਿਸਕੀਆਂ ਭਰਨ ਲੱਗੀ।

ਇਹ ਸਮਝੇ ਬਿਨਾਂ ਹੀ ਕਿ ਮੈਂ ਕੀ ਕਰ ਰਹੀ ਹਾਂ, ਮੈਂ ਆਪਣੀਆਂ ਉਂਗਲੀਆਂ ਆਪਣੇ ਚਿਹਰੇ 'ਤੇ ਫੇਰੀਆਂ ਤੇ ਆਪਣੇ ਬੇਅਰਥ ਬੀਤੇ ਜੁਆਨੀ ਦੇ ਦਿਨਾਂ ਦੀ ਯਾਦ ਅੰਦਰ ਡੁੱਬ ਗਈ। ਫਿਰ....ਮੈਂ ਆਪਣੀਆਂ ਭਾਵਨਾਵਾਂ 'ਤੇ ਕਾਬੂ ਪਾਉਣ ਦਾ ਯਤਨ ਕੀਤਾ। ਉਸ ਲੜਕੀ ਦੀਆਂ ਅੰਦਰੂਨੀ ਭਾਵਨਾਵਾਂ ਦੀ ਥਾਹ ਪਾਉਣ ਲਈ ਹੱਥ ਲੱਗਾ ਇਹ ਮੌਕਾ ਮੈਂ ਕਦਾਚਿਤ ਵੀ ਨਹੀਂ ਸੀ ਗੁਆਉਣਾ



ਚਾਹੁੰਦੀ।

ਚਾਣਚੱਕ ਉਸ ਲੜਕੀ ਨੇ ਰੋਣਾ ਬੰਦ ਕੀਤਾ ਤੇ ਡੂੰਘੇ ਸਾਹ ਭਰਦਿਆਂ ਆਕਾਸ਼ ਵੱਲ ਨੂੰ ਬਾਹਾਂ ਫੈਲਾਉਂਦਿਆਂ ਕਿਹਾ "ਨਾਚ ਅਤੇ ਸੰਗੀਤ ਵਿਚ ਮੈਨੂੰ ਆਪਣਾ ਸਮੇਂ ਬਿਤਾਉਣ ਦਿਓ.....।" ਫਿਰ ਉਸਨੇ ਪਾਗਲਾਂ ਦੀ ਤਰ੍ਹਾਂ ਘੁੰਮਦਿਆਂ-ਘੁੰਮਦਿਆਂ ਨੱਚਣਾ ਅਰੰਭ ਕੀਤਾ। ਉਸਦੇ ਖਿਲਰੇ-ਬਿਖਰੇ ਵਾਲ ਉਸਦੇ ਚਿਹਰੇ ਨੂੰ ਢਕ ਰਹੇ ਸਨ।

ਮੈਨੂੰ ਚਿੰਤਾ ਹੋਣ ਲੱਗ ਗਈ! ਇਸ ਨੂੰ ਕੀ ਹੋ ਗਿਆ ਹੈ? ਇਹ ਏਨੀ ਉਲਝੀ ਹੋਈ ਕਿਉਂ ਹੈ? ਇਹ ਕਿਤੇ ਪਾਗਲ ਤਾਂ ਨਹੀਂ ਹੋ ਗਈ! ਪਰ ਛੇਤੀ ਹੀ ਮੈਂ ਆਪਣੀ ਗੱਲ ਆਪ ਹੀ ਕਟੀ। ਹੁਣ ਮੈਂ ਸਚ ਰਹੀ ਸਾਂ ਏਹੀ ਤਾਂ ਇਸਦਾ ਗਲਿਆ ਸੜਿਆ ਵਿਅਕਤਿਤਵ ਹੈ।

ਮੇਰੀ ਖੋਜ ਮੇਰੀ ਇੱਛਾ ਅਨੁਸਾਰ ਸਫ਼ਲ ਹੋਈ ਸੀ। ਇਕ ਸੰਤੁਸ਼ਟੀ ਭਰੀ ਮੁਸਕਾਨ ਚਿਹਰੇ 'ਤੇ ਖ਼ਿਲਾਰਦੀ ਮੈਂ ਪੌੜੀਆਂ ਉੱਤਰ ਆਈ।

3.

ਸਾਰੀ ਸਵੇਰ, ਮੈਂ ਮਠਿਆਈਆਂ ਦੇ ਕਾਊਂਟਰ ਦੇ ਪ੍ਰਧਾਨ ਨੂੰ ਨਾਲ ਲੈ ਕੇ ਵਹੀ-ਖਾਤਿਆਂ ਦੀ ਜਾਂਚ ਕੀਤੀ। ਪਰੰਤੂ ਮੈਨੂੰ ਕਿਧਰੇ ਵੀ ਗੜਬੜ ਨਜ਼ਰ ਨਾ ਆਈ। ਮੈਂ ਜਦੋਂ ਉਸਨੂੰ ਪੁੱਛਿਆ ਕਿ ਕੀ ਕਦੀ ਚਿੰਨ ਨੂੰ ਮਠਿਆਈ ਚੋਰੀ ਕਰਦਿਆਂ ਫੜਿਆ ਹੈ ਤਾਂ ਉਸਨੇ ਕਿਹਾ ਨਹੀਂ। ਫਿਰ ਮੈਂ ਉਸਨੂੰ ਉਸਦੇ ਕਾਊਂਟਰ 'ਤੇ ਵਾਪਿਸ ਭੇਜ ਦਿੱਤਾ।

ਕਈ ਘੰਟੇ ਲਗਾਤਾਰ ਹਿਸਾਬ-ਕਿਤਾਬ ਨਾਲ ਮੱਥਾ ਮਾਰਨ ਤੋਂ ਪਿੱਛੋਂ ਵੀ ਜਦੋਂ ਮੈਨੂੰ ਕੋਈ ਗਲਤੀ ਨਾ ਲੱਭੀ ਤਾਂ ਮੇਰਾ ਦਿਮਾਗ਼ ਚੱਕਰਾ ਗਿਆ। ਮਾਮਲਾ ਓਨਾ ਆਸਾਨ ਨਜ਼ਰ ਨਹੀਂ ਸੀ ਆਉਂਦਾ ਜਿੰਨਾ ਮੈਂ ਪਹਿਲਾਂ ਸੋਚਿਆ ਸੀ, ਮੈਂ ਆਪ ਮਠਿਆਈ ਕਾਊਂਟਰ ਤੇ ਜਾ ਕੇ ਇਹ ਪਤਾ ਲਗਾਉਣ ਦਾ ਫੈਸਲਾ ਕੀਤਾ ਕਿ ਚਿੰਨ ਦੀ ਲੋਕਪ੍ਰੀਅਤਾ ਦਾ ਕਾਰਨ ਕੀ ਹੈ।

ਸਟੋਰ 'ਚ ਬਹੁਤ ਭੀੜ ਸੀ। ਮਠਿਆਈ ਦੇ ਕਾਊਂਟਰ 'ਤੇ ਤਾਂ ਹੋਰ ਵੀ ਜ਼ਿਆਦਾ ਲੋਕ ਜਮਾ ਸਨ। ਜੋ ਲੋਕੀ ਸ਼ਹਿਰ ਨੂੰ ਕਿਸੇ ਕੰਮ ਜਾਂ ਵੈਸੇ ਹੀ ਮਨ ਪਰਚਾਵੇ ਕਈ ਆਉਂਦੇ ਸਨ, ਉੱਥੇ ਸਨ। ਜਿਹਨਾਂ ਦੀ ਸ਼ਾਦੀ ਹੋਣ ਵਾਲੀ ਸੀ ਜਾਂ ਜਿਹਨਾਂ ਰਿਸ਼ਤੇਦਾਰਾਂ ਨੂੰ ਯਾਰਾਂ-ਮਿੱਤਰਾਂ ਨੂੰ ਮਿਲਣ ਜਾਣਾ ਸੀ, ਉਹ ਵੀ ਉਥੇ ਸਨ। ਕਈਆਂ ਬੱਚਿਆਂ ਨਾਲ ਉਹਨਾਂ ਦੇ ਮਾਤਾ-ਪਿਤਾ ਵੀ ਮਠਿਆਈ ਖਰੀਦਣ ਆਏ ਹੋਏ ਸਨ। ਛੋਟਾ ਕੱਦ ਹੋਣ ਕਾਰਨ ਮੈਂ ਚੰਗੀ ਤਰ੍ਹਾਂ ਦੇਖ ਨਹੀਂ ਸੀ ਸਕਦੀ ਕਿ ਇਸ ਭੀੜ ਪਿਛਵਾੜੀ ਕਾਊਂਟਰ 'ਤੇ ਕੌਣ ਖੜ੍ਹਾ ਹੈ।

ਤਦ ਹੀ ਮੈਨੂੰ ਯੂਨਾਨ ਦੀ ਸ਼ਿਸ਼ ਵਾਂਗ ਪਾਨਣਾ ਦੀਆਂ ਤਾਏ-ਕੰਨਿਆਵਾਂ ਵਿਚ ਪ੍ਰਚੱਲਿਤ ਵਿਸ਼ੇਸ਼ ਢੰਗ ਦੇ ਸੁਨਹਿਰੀ ਕਲਿੱਪ ਲਾ ਬੰਨੇ ਘੁੰਗਰਾਲੇ ਵਾਲਾਂ ਦੀ ਝਲਕ ਪਈ, ਜਿਹਨਾਂ ਵਿਚ ਛੋਟੀ ਜਿਹੀ ਚੈਨੀ ਲਟਕ ਰਹੀ ਸੀ। ਇਹ ਚੈਨੀ ਸਿਰ ਹਿਲਾਉਂਦਿਆਂ ਹਿਲਦੀ ਸੀ। ਇਸ ਜਾਣ ਬੁੱਝ ਕੇ ਕੀਤੇ ਗਏ ਦਿਖਾਵੇ ਕਾਰਨ ਮੈਨੂੰ ਹੋਰ ਵੀ ਖਿੱਝ ਆ ਗਈ।

ਹੁਣ ਮੈਂ ਉੱਥੇ ਖੜ੍ਹੀ-ਖੜ੍ਹੀ ਚਿੰਨ ਦੀ ਕੋਈ ਗਲਤੀ ਫ਼ੜਨ ਦਾ ਯਤਨ ਕਰਨ ਲੱਗੀ, ਪਰ ਛੇਤੀ ਹੀ ਮੈਨੂੰ ਇਹ ਸਵੀਕਾਰ ਕਰਨਾ ਪਿਆ ਕਿ ਉਹ ਆਪਣਾ ਕੰਮ ਬਹੁਤ ਨਿਪੁੰਨਤਾ ਨਾਲ ਕਰ ਰਹੀ ਹੈ। ਉਸ ਨੇ ਕਤਾਰ ਵਿਚ ਖੜ੍ਹੇ ਪਹਿਲੇ ਬੰਦੇ ਤੋਂ ਪੁੱਛਿਆ ਕਿ ਉਸਨੂੰ ਕੀ ਚਾਹੀਦਾ? ਉਸ ਦੀ ਮਠਿਆਈ ਤੋਲਦੀ ਤੋਲਦੀ ਨੇ ਅਗਲੇ ਬੰਦੇ ਤੋਂ ਉਸਦੀ ਲੋੜ ਪੁੱਛ ਲਈ ਤੇ ਤੀਜੇ ਨੂੰ ਆਖ ਦਿੱਤਾ ਕਿ ਉਹ ਵੀ ਮਨ ਪੱਕਾ ਬਣਾ ਲਵੇ। ਇਸ ਦੇ ਨਾਲ ਨਾਲ ਹੀ ਉਸ ਨੇ ਹਿਸਾਬ ਲਾ ਲਿਆ ਕਿ ਪਹਿਲੇ ਬੰਦੇ ਨੂੰ ਕਿੰਨੇ ਪੈਸੇ ਮੋੜਨੇ ਹਨ। ਉਸਨੇ ਬੜੀ ਹੁਸ਼ਿਆਰੀ ਨਾਲ ਗਿਣਤੀ ਵੀ ਕਰ ਲਈ ਤੇ ਨਾਲ ਦੀ ਨਾਲ ਗਾਹਕ ਨੂੰ ਵੀ ਉਸਦਾ ਹਿਸਾਬ ਸਮਝਾ ਦਿੱਤਾ। ਗਾਹਕਾਂ ਨੂੰ ਉਸ ਦੀ ਨਿਪੁੰਨਤਾ ਦੀ ਪ੍ਰਸੰਸਾ ਕਰਨੀ ਹੀ ਪੈਂਦੀ ਸੀ।

ਆਪਣੀ ਕੰਮਕਾਜੀ ਦ੍ਰਿਸ਼ਟੀ ਕਾਰਨ ਮੈਂ ਇਹ ਭਾਂਪ ਲਿਆ ਕਿ ਉਹ ਸਿਰ ਨੀਵਾਂ ਕਰਕੇ ਸਿਰਫ਼ ਤੱਕੜੀ 'ਤੇ ਨਹੀਂ ਝੁਕੀ ਰਹਿੰਦੀ ਸਗੋਂ ਵਿਚਕਾਰ ਗਾਹਕਾਂ ਨਾਲ ਗੱਲਾਂ ਕਰਦਿਆਂ ਉਹਨਾਂ ਨਾਲ ਹੱਸੀ ਵੀ ਜਾਂਦੀ ਹੈ। ਸਟੋਰ ਦੇ ਸਾਰੇ ਕਰਮਚਾਰੀਆਂ ਤੋਂ ਇਹ ਉਮੀਦ ਰੱਖੀ ਜਾਂਦੀ ਹੈ ਕਿ ਉਹ ਗਾਹਕਾਂ ਨਾਲ ਮਿੱਤਰਾਂ ਵਾਲਾ ਵਿਹਾਰ ਕਰਨ। ਮੈਨੂੰ ਆਪਨੂੰ ਇਹ ਗੱਲ ਸਮਝਣ ਵਿਚ ਬੜੀ ਦੇਰ ਲੱਗੀ ਸੀ। ਤਾਂ ਜਾ ਕੇ ਕਿੱਧਰੇ ਇਕ ਆਦਰਸ਼-ਕਾਮੇ ਦੇ ਰੂਪ ਵਿਚ ਮੈਂ ਪ੍ਰਵਾਨ ਹੋਈ ਸਾਂ। ਡਿਊਟੀ ਕਰਦੇ ਸਮੇਂ ਤਾਂ ਉਹ ਇਕ ਵੱਖਰੀ ਹੀ ਔਰਤ ਲੱਗਦੀ ਸੀ। ਜੇ ਮੈਂ ਉਸ ਨੂੰ ਆਪਣੀਆਂ ਅੱਖਾਂ ਨਾਲ ਨਾ ਦੇਖਿਆ ਹੁੰਦਾ ਤਾਂ

ਮੈਨੂੰ ਵੀ ਵਿਸ਼ਵਾਸ ਨਹੀਂ ਸੀ ਹੋਣਾ। ਮਨੁੱਖ ਦਾ ਨਿਰਨਾ ਉਸਦੇ ਕੰਮ ਤੋਂ ਹੀ ਹੁੰਦਾ। ਸੱਭ ਤੋਂ ਵੱਧ ਮਹੱਤਵਪੂਰਨ ਹੁੰਦੀ ਐ ਉਸਦੀ ਵਿਚਾਰਧਾਰਾ। ਉਹ ਭਾਵੇਂ ਜਿਵੇਂ ਵੀ ਐਕਟਿੰਗ ਕਰਦੀ ਹੋਵੇ, ਕਿਧਰੇ ਕੁਝ ਐਹੋ ਜਿਹਾ ਜ਼ਰੂਰ ਸੀ ਜਿਹੜਾ ਉਸਦੇ ਵਾਸਤਵਿਕ ਚਰਿੱਤਰ 'ਤੇ ਅਜਿਹਾ ਚਾਨਣਾ ਪਾਉਂਦਾ ਸੀ 'ਕਿ ਉਹ ਸਾਫ਼ ਸਾਫ਼ ਪ੍ਰਗਟ ਹੋਣ ਲੱਗਦਾ ਸੀ। ਜਿਵੇਂ ਉਸਦੇ ਵਾਲਾਂ 'ਚ ਲੱਗਾ ਭੜਕੀਲਾ ਕਲਿੱਪ। ਉਸਦੇ ਕੰਨਾਂ ਪਿੱਛੇ ਲਟਕਦੀ ਸੁਨਹਿਰੀ ਚੇਨੀ, ਜਿਹੜੀ ਪੁਰਸ਼ਾਂ ਦਾ ਧਿਆਨ ਉਸਦੀ ਮਜਹੰਸਣੀ ਵਰਗੀ ਗਰਦਨ ਵੱਲ ਖਿੱਚ ਲੈਂਦੀ ਸੀ। ਨਿਰਲੱਜ ਨਖਰੇਬਾਜ਼!

ਉਸਦੇ ਸਾਹਮਣੇ ਕਤਾਰ ਅੰਦਰ ਜਾਂ ਬਾਹਰ, ਬੜੀ ਉਤਸੁਕਤਾ ਨਾਲ ਭਰੇ ਕੁਝ ਅਜਿਹੇ ਲੋਕੀ ਵੀ ਖੜ੍ਹੇ ਸਨ, ਜਿਹਨਾਂ ਕੁਝ ਖ਼ਰੀਦਣਾ-ਖਰੂਦਣਾ ਨਹੀਂ ਸੀ ਹੁੰਦਾ। ਇਸ ਨਾਲ ਕੰਮ ਕਾਰ ਵਿਚ ਜ਼ਰੂਰ ਵਾਧਾ ਹੁੰਦਾ ਸੀ, ਪਰ ਕੀ ਇਹ ਗਾਹਕਾਂ ਨੂੰ ਆਪਣੀ ਵੱਲ੍ਹ ਖਿੱਚਣ ਦਾ ਤਰੀਕਾ ਘਿਰਨਾ ਭਰਪੂਰ ਨਹੀਂ ਸੀ। ਮੇਰੇ ਵਿਚਾਰਾਂ ਦੀ ਲੜੀ ਉਦੋਂ ਟੁੱਟੀ, ਜਦੋਂ ਕਤਾਰ ਦੇ ਅਗਲੇ ਹਿੱਸੇ ਵਿਚ ਖੜ੍ਹੀ ਇਕ ਮਾਂ ਦੀ ਗੋਦੀ ਵਿਚ ਚੁੱਕੇ ਇਕ ਬੱਚੇ ਨੇ ਰੋਣਾ ਸ਼ੁਰੂ ਕਰ ਦਿੱਤਾ। ਉਸ ਨੂੰ ਚੁੱਪ ਕਰਾਉਣ ਦੇ ਸਾਰੇ ਯਤਨ ਜਦ ਅਸਫ਼ਲ ਰਹੇ ਤਾਂ ਮਾਂ ਨੇ ਬੱਚੇ ਦੇ ਥੱਪੜ ਕੱਢ ਮਾਰਿਆ। ਇਸ ਨਾਲ ਉਹ ਹੋਰ ਵੀ ਉੱਚੀ ਉੱਚੀ ਰੋਣ ਲੱਗ ਪਿਆ। ਉਹ ਸਥਿਤੀ ਦੇਖ ਕੇ ਚਿਨ ਨੇ ਦੂਸਰੇ ਗਾਹਕਾਂ ਨੂੰ ਪੁੱਛਿਆ-"ਸਾਥੀਓ, ਉਹ ਇਸਤਰੀ ਜੇ ਕਤਾਰ ਵਿਚ ਸਭ ਤੋਂ ਅੱਗੇ ਆ ਜਾਏ ਤਾਂ ਤੁਹਾਨੂੰ ਕੋਈ ਇਤਰਾਜ਼ ਤਾਂ ਨਈ। ਛੋਟੇ ਬੱਚੇ ਦਾ ਐਨਾ ਰੋਣਾ ਠੀਕ ਨਈਂ ਐ।"

ਜਦੋਂ ਉਹ ਸਾਰੇ ਮੰਨ ਗਏ ਤਾਂ ਉਹਨਾਂ ਦਾ ਧੰਨਵਾਦ ਕਰਕੇ ਉਸਨੇ ਉਸ ਇਸਤਰੀ ਨੂੰ ਅੱਗੇ ਆ ਜਾਣ ਲਈ ਕਿਹਾ। ਬੱਚਾ ਫਿਰ ਵੀ ਰੋ ਰਿਹਾ ਸੀ। ਚਿੰਨ ਨੇ ਉਸਨੂੰ ਚੁੱਪ ਕਰਾਉਣ ਲਈ ਮਠਿਆਈ ਦੀਆਂ ਦੋ ਟੁਕੜੀਆਂ ਦਿੱਤੀਆਂ।

ਮੇਰਾ ਦਿਲ ਡੁੱਬਣ ਲੱਗ ਪਿਆ। ਸਟੋਰ ਦੀ ਵਿਵਸਥਾ ਬਣਾਈ ਰੱਖਣੀ ਜ਼ਰੂਰੀ ਤਾਂ ਸੀ, ਪਰ ਇਵੇਂ ਮਠਿਆਈ ਕਿਵੇਂ ਵੰਡੀ ਜਾ ਸਕਦੀ ਸੀ। ਮੈਂ ਸੋਚਣ ਲੱਗੀ, "ਕਿਤੇ ਇਹ ਇਵੇਂ ਤਾਂ ਨਈਂ ਕਰਦੀ ਰਹਿੰਦੀ.....!"

ਵਿਚਾਰੀ ਇਸਤਰੀ ਨੇ ਮਠਿਆਈ ਲੈਣੋਂ ਨਾਂਹ ਵੀ ਕੀਤੀ, ਪਰ ਚਿੰਨ ਨੇ ਦੋ ਹੋਰ ਕਿਸਮ ਦੀਆਂ ਟੁਕੜੀਆਂ ਇਸਤਰੀ ਨੂੰ ਫੜਾਉਂਦਿਆਂ ਕਿਹਾ-"ਉਹ ਨਈਂ ਤਾਂ ਐਹ ਠੀਕ ਐ!" ਮਠਿਆਈ ਦੇ ਕੁਝ ਟੁਕੜੇ ਇਕ ਛੋਟੇ ਜਿਹੇ ਕਾਗ਼ਜ਼ 'ਚ ਲਪੇਟ ਕੇ ਬਾਕੀ ਸਾਰੀ ਬਚਦੀ ਮਠਿਆਈ ਇਕ ਵੱਡੇ ਡੱਬੇ 'ਚ ਪਾ ਕੇ ਉਸ ਨੂੰ ਬੜੀ ਚੰਗੀ ਤਰ੍ਹਾਂ ਬੰਨ੍ਹਿਆ। ਫਿਰ ਉਸ ਡੱਬੇ ਨੂੰ ਇਸਤਰੀ ਦੇ ਥੈਲੇ 'ਚ ਰੱਖਣ ਲਈ ਉਹਦੀ ਸਹਾਇਤਾ ਕੀਤੀ। ਕਾਗਜ਼ 'ਚ ਲਿਪਟੇ ਛੋਟੇ ਪੈਕਟ ਨੂੰ ਇਸਤਰੀ ਦੀ ਜੇਬ ਵਿਚ ਪਾਉਂਦਿਆਂ ਉਸਨੇ ਕਿਹਾ-'ਏਹ ਘਰ ਜਾ ਕੇ ਬੱਚੇ ਨੂੰ ਦੇਣਾ, ਵੱਡਾ ਡੱਬਾ ਨਈਂ ਖੋਲਣਾ ਪਵੇਗਾ।"

"ਏਹ ਤਾਂ ਬਹੁਤ ਵਧੀਆਂ ਕੰਮ ਕੀਤੈ", ਉਸਦਾ ਧੰਨਵਾਦ ਕਰਦਿਆਂ ਇਸਤਰੀ ਨੇ ਕਿਹਾ ਮੈਨੂੰ ਚਿਨ ਤੋਂ ਹਾਰ ਮੰਨ ਲੈਣੀ ਪਈ।

ਟਰੰਕ ਚੁੱਕੀ ਇਕ ਫੌਜੀ ਸਿਪਾਹੀ ਸਟੋਰ ਅੰਦਰ ਆਇਆ, ਕਤਾਰ ਦੇ ਅਖੀਰ ਵਿਚ ਖੜ੍ਹਾ ਉਹ ਵਾਰ-ਵਾਰ ਘੜੀ ਦੇਖਦਾ ਸੀ। ਦੋ ਗਾਹਕਾਂ ਨੂੰ ਨਿਪਟਾ ਚਿੰਨ ਨੇ ਅੰਦਾਜ਼ਾ ਲਾਇਆ ਕਿ ਫੌਜੀ ਬਾਹਰ ਜਾਣ ਲੱਗਾ ਹੈ। ਉਸਨੂੰ ਆਵਾਜ਼ ਮਾਰ ਪੁੱਛਣ ਲੱਗੀ- "ਕੀ ਤੁਹਾਨੂੰ ਬਹੁਤ ਛੇਤੀ ਐ।"

"ਜੀ ਹਾਂ ਮੈਂ ਆਪਣੇ ਕੈਂਪ ਪਰਤਣ ਲਈ ਗੱਡੀ ਫੜਨੀ ਐ।" ਆਪਣੇ ਮਿੱਤਰਾਂ ਲਈ ਕੁਝ ਮਠਿਆਈ ਲਿਜਾਣਾ ਚਾਹੁੰਦੀ ਹਾਂ।" ਦੂਜੇ ਗਾਹਕਾਂ ਦੀ ਰਜ਼ਾਮੰਦੀ ਨਾਲ ਉਸਨੂੰ ਕਤਾਰ ਵਿਚ ਸਭ ਤੋਂ ਅੱਗੇ ਲੈ ਆਂਦਾ ਗਿਆ। ਜਾਣ ਲੱਗੇ ਸਿਪਾਹੀ ਨੇ ਸਲੂਟ ਮਾਰਿਆ ਤੇ ਮੁਸਕਰਾਉਂਦਾ-ਮੁਸਕਰਾਉਂਦਾ ਬਾਹਰ ਚਲੇ ਗਿਆ।

ਕਿੰਨਾ ਅਜੀਬ ਲੱਗ ਰਿਹਾ ਸੀ ਇਹ ਸੋਚਣਾ ਕਿ ਏਨੀ ਭੇੜੀ ਲੜਕੀ, ਆਪਣੇ ਕੰਮ ਵਿਚ ਏਨੀ ਨਿਪੁੰਨ ਤੇ ਉਤਸ਼ਾਹੀ ਸੀ। ਆਖਿਰ ਅਸਲੀ ਚਿੰਨ ਕਿਹੜੀ ਸੀ? ਉਹ ਛੱਤ ਉੱਪਰ ਵਾਲੀ ਜਾਂ ਇਹ ਕਾਉਂਟਰ ਵਾਲੀ! ਕੀ ਕਿਸੇ ਅਣਘੜ ਪੱਥਰ 'ਚ ਇਹ ਖ਼ੂਬਸੂਰਤ ਨਗ ਜੜਿਆ ਗਿਆ ਸੀ? ਮੇਰੇ ਪਹਿਲੇ ਪ੍ਰਭਾਵਾਂ ਵਿਚ ਉੱਤਪਨ ਹੋਏ ਸ਼ੰਕੇ, ਸੰਤੁਸ਼ਟ ਗਾਹਕਾਂ ਦੇ ਨਾਲ-ਨਾਲ ਸਮਾਪਤ ਹੁੰਦੇ ਜਾ ਰਹੇ ਸਨ।

4.

ਫੌਜੀ ਦੇ ਚਲੇ ਜਾਣ ਪਿੱਛੋਂ ਇਕਦਮ ਸਟੀਲ ਰੋਲਿੰਗ ਮਿੱਲ ਦੀ ਇੱਕ ਵੱਡੀ ਟੋਲੀ ਅੰਦਰ ਆਈ



ਤੇ ਆਖਣ ਲੱਗੀ-"ਸਾਨੂੰ ਛੇਤੀ ਐ, ਸਾਨੂੰ ਪਹਿਲਾਂ ਤੋਰ ਦਿਓ।" ਕਤਾਰ 'ਚ ਖੜ੍ਹੇ ਬਾਕੀ ਗਾਹਕ ਉੱਚੀ ਉਚੇ ਬੋਲੇ "ਜਾਣਾ ਐ ਤਾਂ ਜਾਓ, ਨਈਂ ਤਾਂ ਕਤਾਰ 'ਚ ਖੜੋ ਜਾਓ ਪਿੱਛੇ।"

ਸਟੀਲ ਮਿੱਲ ਦਾ ਇਕ ਲੰਬੇ ਕੱਦ ਦਾ ਕਾਲਾ ਜਿਹਾ ਬੰਦਾ, ਜਿਸ ਨੇ ਵੱਡਾ ਓਵਰ ਕੋਟ ਪਹਿਨਿਆ ਹੋਇਆ ਸੀ, ਉਸਨੇ ਭੂਰ ਵਾਲਾਂ ਵਾਲੇ ਨੇਤਾ ਨੂੰ ਪਿਛਲੇ ਪਾਸੇ ਨੂੰ ਧੱਕਦਿਆਂ ਆਪ ਕਤਾਰ ਵਿਚ ਲੱਗ ਗਿਆ ਤੇ ਆਖਣ ਲੱਗਾ "ਕਤਾਰ 'ਚ ਹੀ ਖੜ੍ਹਾ ਆ। "ਭੂਰੇ ਵਾਲਾਂ ਵਾਲਾ ਵਿਚਾਰਾ ਚੁੱਪ ਹੋ ਗਿਆ ਪਰ ਉਹ ਬੰਦਾ ਉਥੋਂ ਹਟਿਆ ਨਹੀਂ। ਸੱਚੀ ਗੱਲ ਸੀ ਕਿ ਚਿੰਨ ਕਾਲੇ ਨੌਜਵਾਨ ਨੂੰ ਜਾਣਦੀ ਸੀ। ਉਸਨੇ ਤਣਾਅ ਘੱਟ ਕਰਨ ਦੇ ਇਰਾਦੇ ਨਾਲ ਪੁੱਛਿਆ, "ਮਿਸਟਰ ਤਾਏ, ਕੀ ਅੱਜ ਛੁੱਟੀ ਦਾ ਦਿਨ ਐ....?"

ਇਹ ਗੱਲ ਸੁਣ ਕੇ ਭੂਰੇ ਵਾਲਾਂ ਵਾਲਾ ਬੰਦਾ ਹੱਸ ਪਿਆ ਤੇ ਕਿਹਾ, "ਇਹ ਮਿਸਟਰ ਤਾਏ ਤਾਂ ਲੱਗਦਾ ਨਈਂ, ਤਾਏ ਵੀ ਤਾਂ ਕਿਹਾ ਜਾ ਸਕਦਾ ਐ ਇਸ ਨੂੰ...।"

ਤਾਇ ਵੀ ਇਕ ਪ੍ਰਸਿੱਧ ਕਲਾਸਕੀ ਨਾਵਲ 'ਲਾਲ ਇਮਾਰਤਾਂ ਦਾ ਸੁਪਨਾ' ਦੀ ਨਾਇਕਾ ਹੈ ਜੋ ਆਪਣੀ ਸੁੰਦਰਤਾ ਅਤੇ ਨਜ਼ਾਕਤ ਲਈ ਬਹੁਤ ਪ੍ਰਸਿੱਧ ਸੀ। ਸਾਰੇ ਗਾਹਕ ਹੱਸ ਪਏ। ਉਸ ਨੌਜਵਾਨ ਦਾ ਕਾਲ-ਕਲੂਟਾ ਚਿਹਰਾ ਗੁੱਸੇ ਨਾਲ ਲਾਲ-ਪੀਲਾ ਹੋ ਗਿਆ। ਉਸਨੇ ਚਿੰਨ ਵੱਲ ਨੂੰ ਘੂਰੀ ਵੱਟੀ। ਫਿਰ ਭੂਰੇ ਵਾਲਾਂ ਵਾਲੇ ਬੰਦੇ ਵੱਲ ਝੱਪਟਿਆ। ਭੂਰੇ ਵਾਲਾਂ ਵਾਲਾ ਬੰਦਾ ਇਹ ਕਹਿੰਦਾ ਪਿੱਛੇ ਹਟ ਗਿਆ, "ਕਲਾਸਕੀ ਚੀਨੀ ਭਾਸ਼ਾ 'ਕਾਲੇ ਚਮਕਦਾਰ ਹੀਰੇ' ਨੂੰ ਤਾਇ ਵੀ ਕਿਹਾ ਜਾਂਦਾ ਹੈ।"

ਚਿੰਨ ਇਹ ਗੱਲ ਸੁਣ ਕੇ ਖਿੜ-ਖਿੜਾ ਹੱਸ ਪਈ। ਨੌਜਵਾਨ ਨੇ ਉਸ ਵੱਲ੍ਹ ਗੁੱਸੇ ਨਾਲ ਦੇਖਿਆ ਤੇ ਭੂਰੇ ਵਾਲਾਂ ਵਾਲੇ ਪਿੱਛੇ ਦੌੜਿਆ। ਭੂਰੇ ਵਾਲਾਂ ਵਾਲਾ ਝੁੱਕੀ ਦੇ ਕੇ ਇਕ ਖੰਭੇ ਪਿੱਛੇ ਚਲਾ ਗਿਆ। ਉਹ ਉਸ ਕਾਲੇ ਨੌਜਵਾਨ 'ਤੇ ਵਿਅੰਗ ਕੱਸਦਿਆਂ ਬੋਲਿਆ, "ਹੁਣ ਜੇ ਤੂੰ ਨੰਬਰ ਇੱਕ ਦੇ ਬਰਾਅ ਲਈ ਆ ਈ ਗਿਆਂ, ਤਾਂ ਉਸਨੂੰ ਸ਼ਾਦੀ ਕਰਾਉਣ ਲਈ ਕਹਿ ਦੇ। ਉਹ ਤੈਨੂੰ ਜ਼ਰੂਰ ਸਵੀਕਾਰ ਲਵੇਗੀ।"

"ਚੁੱਪ ਰਹਿ, ਨਈਂ ਤਾਂ ਮੈਂ ਤੇਰੀ ਖੱਲ ਉਧੇੜ ਦਿਆਂਗਾ"। ਭੂਰੇ ਵਾਲਾਂ ਵਾਲੇ ਨੇ ਵੀ ਅਗੇ ਤਣ ਕੇ ਆਖਿਆ," ਹੈ ਹਿੰਮਤ....।"

ਉਹ ਦੋਨੋਂ ਦੂਜੇ ਨੌਜਵਾਨਾਂ ਸਮੇਤ ਕਤਾਰ ਦੇ ਪਿਛਲੇ ਸਿਰੇ ਜਾ ਖੜੋਏ। ਉਹਨਾਂ ਦੇ ਹੱਥਾਂ ਵਿਚ ਦਸ -ਦਸ ਰੁਪਏ ਦੇ ਨੋਟ ਸਨ। ਪਰ ਉਹਨਾਂ ਦੇ ਚਿਹਰਿਆਂ 'ਤੇ ਗੁਸੈਲੀ ਮੁਸਕਰਾਹਟ ਸੀ।

ਮੈਨੂੰ ਅੰਦਰੋ-ਅੰਦਰ ਚਿੰਨ ਦੀ ਚਿੰਤਾ ਹੋ ਰਹੀ ਸੀ। ਮੈਂ ਆਪ ਵੀ ਸੇਲਜ਼ ਗਰਲ ਰਹਿ ਚੁੱਕੀ ਸਾਂ। ਅਜਿਹੀ ਸਥਿਤੀ ਵੇਲੇ ਮੇਰੇ ਹੱਥ-ਪੈਰ ਕੰਬ ਜਾਂਦੇ ਸਨ। ਪਰ, ਉਹ ਤਾਂ ਉਹਨਾਂ ਵੱਲ ਇਉਂ ਦੇਖ ਰਹੀ ਸੀ ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ। ਜਦ ਉਸ ਨੌਜਵਾਨ ਦੀ ਵਾਰੀ ਆਈ ਤਾਂ ਉਸਨੇ ਬੜੀ ਨਿਮਰਤਾ ਨਾਲ ਪੁੱਛਿਆ-"ਕੀ ਸੇਵਾ ਕਰਾਂ?"

ਉਹ ਅੱਗੋਂ ਸ਼ਰਮਿੰਦਾ ਹੋ ਗਿਆ। ਭੂਰੇ ਵਾਲਾਂ ਵਾਲੇ ਨੇ ਉਸਦੇ ਪਿੱਛੇ ਖੜ੍ਹੇ ਨੇ ਚਿੰਨ ਤੋਂ ਪੁੱਛਿਆ, "ਕਿਹੜੀ ਮਠਿਆਈ ਸਭ ਤੋਂ ਚੰਗੀ ਐ? ਮੈਨੂੰ ਸਾਰੀਆਂ ਦੀ ਵਿਸ਼ੇਸਤਾ ਦੱਸੋ, ਤਾਂ ਕਿ ਮੈਂ ਉਹੀ ਵੰਡ ਸਕਾਂ।" ਚਿੰਨ ਨੇ ਸਿਰ ਹਿਲਾਉਂਦਿਆਂ ਸਾਰੇ ਗਾਹਕਾਂ ਨੂੰ ਸੁਣਾ ਕੇ ਕਿਹਾ, " ਇਹ ਤਾਂ ਆਪਣੀ ਆਪਣੀ ਪਸੰਦ ਐ, ਵੈਸੇ ਆਮ ਤੌਰ 'ਤੇ ਉੱਤਰੀ ਭਾਗ ਦੀਆਂ ਮਠਿਆਈਆਂ ਦੱਖਣੀ ਮਠਿਆਈਆਂ ਨਾਲੋਂ ਵੱਧ ਮਿੱਠੀਆਂ ਹੁੰਦੀਆਂ। ਉੱਤਰ-ਪੂਰਬੀ ਸਭ ਤੋਂ ਜ਼ਿਆਦਾ ਮਿੱਠੀਆਂ ਹੁੰਦੀਆਂ। ਜੇ ਤੁਸੀ ਮਿੱਠਾ ਖਾਣ ਦੇ ਸ਼ੌਕੀ ਓ ਤਾਂ ਪੇਏਚਿੰਗ ਭਾਵ ਉੱਤਰ-ਪੂਰਬ ਦੀਆਂ ਬਣੀਆਂ ਮਠਿਆਈ ਖਰੀਦੋ। ਦੱਖਣ ਵਿਚ ਜਿੱਥੇ ਗੰਨਾ ਦੀ ਕਾਸ਼ਤ ਬਹੁਤੀ ਹੁੰਦੀ ਐ, ਲੋਕ ਮਠਿਆਈ ਦੀ ਬਜਾਏ ਉਸ ਵਿਚ ਪਾਉਣ ਵਾਲੀਆਂ ਵਸਤੂਆਂ ਤੇ ਉਹਨਾਂ ਸੁਗੰਧੀ ਦੀ ਨੂੰ ਬਹੁਤ ਪਸੰਦ ਕਰਦੇ ਨੇ। ਪੇਏਚਿੰਗ, ਆਪਣੇ ਮੱਖਣ ਦੇ ਪੇੜਿਆਂ ਤੇ ਫਲਾਂ ਦੀਆਂ ਬਣਦੀਆਂ ਮਠਿਆਈਆਂ ਲਈ ਪ੍ਰਸਿੱਧ ਹੈ। ਥਏਨਚਿੰਗ ਦੀ 'ਛੀਡਲਿੰਗ ਕੰਨਫੇਸ਼ਨਰੀ" ਦੀ ਕਾਫੀ ਦੀ ਸੁਗੰਧੀ ਦੀ ਮਠਿਆਈ ਤੇ ਸ਼ਰਾਬ ਦੀ ਸੁਗੰਧ ਵਾਲੇ ਚਾਕਲੇਟ ਲਈ ਬਹੁਤ ਪ੍ਰਸਿੱਧ ਐ। ਛਾਂਗ ਹਾਏ ਦੀਆਂ ਟਾਫੀਆਂ ਵੀ ਓਨੀਆਂ ਪ੍ਰਸਿੱਧ ਹਨ। ਛੁੰਗਛਿੰਗ ਵਿੱਚ ਵੀ ਚੰਗੀਆਂ ਮਠਿਆਈਆਂ ਬਣਦੀਆਂ ਅਤੇ ਕਵਾਗਤੰਗ ਦੇ ਲੈਮਨ-ਡਰਾਪ ਇਸ ਦੇਸ਼ ਵਿਚ ਸਭ ਤੋਂ ਚੰਗੇ ਮੰਨੇ ਜਾਂਦੇ ਹਨ।..... ਸਾਡੇ ਪਾਸ ਵੀਹ ਤੋਂ ਜ਼ਿਆਦਾ ਕਿਸਮਾਂ ਦੀਆਂ ਤਾਂ ਸਿਰਫ਼ ਟਾਫੀਆਂ ਹੀ ਨੇ...। ਹੁਣ ਦੱਸੋ ਤੁਹਾਨੂੰ ਕੀ ਚਾਹੀਦਾ....?" ਲੱਗ ਰਿਹਾ ਸੀ ਕਿ ਉਹ ਸ਼ੁੱਧ ਪੇਏਚਿੰਗ-ਉਚਾਰਣ ਵਿਚ ਤੇ ਸੰਗੀਤ ਆਤਮਿਕ ਸੁਰ ਵਿਚ ਕਵਿਤਾ ਪਾਠ ਕਰ ਰਹੀ ਸੀ। ਵਿਸਥਾਰ ਨਾਲ ਦਿੱਤੇ ਉਸਦੇ ਵੇਰਵੇ ਨਾਲ ਸਾਰੇ ਗਾਹਕ ਪ੍ਰਭਾਵਿਤ ਹੋ ਗਏ। ਜਦੋਂ ਤੱਕ ਨੌਜਵਾਨ ਦੇ ਸਾਥੀਆਂ ਨੇ ਉਸ ਮੁੰਡੇ ਵੱਲ ਨੂੰ

ਤਿੱਖੀਆਂ ਨਜ਼ਰਾਂ ਨਾਲ ਨਹੀਂ ਦੇਖਿਆ, ਉਹ ਅਵਾਕ ਜਿਹਾ ਹੋਇਆ ਖੜ੍ਹਾ ਰਿਹਾ। ਫਿਰ ਉਸਨੂੰ ਇਕਦਮ ਹੋਰ ਗੱਲ ਸੁਝ ਪਈ। ਉਸਨੇ ਕਿਹਾ, "ਸਾਰੀਆਂ ਮਠਿਆਈਆਂ ਇਕ-ਇਕ ਔਂਸ ਦੇ ਦਿਓ...।"

"ਸਾਰੀਆਂ ਇਕੋ ਲਿਫਾਫੇ 'ਚ ਪਾ ਦਿਆਂ, ਚਿੰਨ ਨੇ ਪੁੱਛਿਆ। N.P. "ਨਈਂ ਜੀ, ਕੱਲੇ ਕੱਲੇ ਲਿਫਾਫ਼ੇ 'ਚ ...।" ਉਸਦਾ ਉੱਤਰ ਸੁਣ ਕੇ ਭੀੜ 'ਚੋਂ ਸਾਰੇ ਕੁਝ ਨਾ ਕੁਝ ਬੋਲ ਉੱਠੇ "ਐਹੋ ਜਿਹੀ ਖ਼ਰੀਦਦਾਰੀ ਕਰਦਾ ਹੁੰਨਾਂ....ਸਿਰਫ਼ ਪ੍ਰੇਸ਼ਾਨ ਕਰਨ ਲਈ ਅਗਲੇ ਨੂੰ " ਇਕ ਬਿਰਧ ਨੇ ਕਿਹਾ।

"ਕੁਛ ਵੀ ਨਾ ਦਿਓ ਏਨੂੰ...", ਇਕ ਹੋਰ ਜਣਾ ਬੋਲਿਆ।

ਨੌਜਵਾਨ ਘਬਰਾ ਗਿਆ। ਪਰ, ਭੂਰੇ ਵਾਲਾ ਤੱਕੜੀ ਨੂੰ ਫੜ ਕੇ ਆਖਣ ਲੱਗਾ, "ਤੁਹਾਨੂੰ ਇਸ ਨਾਲ ਕੀ ਵਾਸਤਾ! ਉਹਦਾ ਜਿਵੇਂ ਦਾ ਜੀ ਕਰੂ ਉਹ ਉਹੋ ਜਿਹਾ ਸਮਾਨ ਖਰੀਦੂ..।"

ਭੂਰੇ ਵਾਲਾਂ ਵਾਲੇ ਨੂੰ ਸਮਝਾਉਣ ਲਈ ਇਕ ਹੋਰ ਬੰਦਾ ਅੱਗੇ ਵਧਿਆ। ਉਸਦੇ ਨਾਲ ਉਹਦੀ ਟੋਲੀ ਦੇ ਹੋਰ ਬੰਦੇ ਵੀ ਆ ਗਏ। ਹੁਣ ਲੱਗਦਾ ਸੀ ਕਿ ਝਗੜਾ ਹੋਵੇਗਾ। ਮੈਂ ਬਚ-ਬਚਾ ਕਰਾਉਣ ਲਈ ਅੱਗੇ ਆਈ। ਮੈਨੂੰ ਦੇਖ ਕੇ ਚਿੰਨ ਮੁਸਕਰਾ ਪਈ। ਉਸਨੇ ਬਹੁਤ ਹੀ ਸ਼ਾਂਤੀ-ਪੂਰਵਕ ਢੰਗ ਨਾਲ ਗਾਹਕਾਂ ਨੂੰ ਆਖਿਆ- ਤੁਸੀਂ ਲੋਕੀ ਘਬਰਾਓ ਨਈਂ, ਮੈਨੂੰ ਸਿਰਫ਼ ਇਕ ਮਿੰਟ ਲੱਗਣਾ ਇਹਨੂੰ ਤੋਰਨ ਲਈ।"

ਰੌਲਾ-ਰੱਪਾ ਠੰਡਾ ਹੋਇਆ ਤਾਂ ਉਸਨੇ ਹੋਰਨਾ ਗਾਹਕਾਂ ਨੂੰ ਪੁੱਛਿਆ, "ਹੁਣ ਤੁਸੀਂ ਦੱਸੋ, ਕੀ-ਕੀ ਚਾਹੀਦਾ..?"

'ਸਾਨੂੰ ਵੀ ਉਸੇ ਤਰ੍ਹਾਂ ਦਿਓ ਸਾਰੀਆਂ, ਅਸੀਂ ਵੀ ਸੁਆਦ ਦੇਖੀਏ ਸਾਰੀਆਂ ਮਠਿਆਈਆਂ ਦਾ...।"

"ਇਕ-ਇਕ ਔਂਸ!" ਚਿੰਨ ਨੇ ਪੁੱਛਿਆ "ਨਹੀਂ ਦੋ-ਦੋ ਔਂਸ, ਇਕ ਲਿਫਾਫੇ 'ਚ ਚਾਰ ਔਂਸ" ਭੂਰੇ ਵਾਲਾਂ ਵਾਲੇ ਨੇ ਕਿਹਾ।

"ਤਿੰਨ-ਤਿੰਨ ਔਂਸ...ਇਕ ਲਿਫਾਫੇ 'ਚ ਨੌਂ ਔਂਸ," ਉਸਦੇ ਤੀਜੇ ਸਾਥੀ ਨੇ ਕਿਹਾ।

"ਚਾਰ-ਚਾਰ ਔਂਸ, ਹਰ ਲਿਫਾਫ਼ੇ 'ਚ ਇਕ ਪੌਂਡ ਦੋ ਔਂਸ", ਉਹਨਾਂ ਦੇ ਚੌਥੇ ਜੋਟੀਦਾਰ ਨੇ ਕਿਹਾ।

ਉਹ-ਹੋਅ ਇਸਦਾ ਮਤਲਬ ਏਹ ਹੋਇਆ, ਕਿ ਉਸਨੂੰ ਕਿੰਨੀ ਹੀ ਬਾਰ ਮਠਿਆਈ ਤੋਲਣੀ ਪਵੇਗੀ ਤੇ ਏਨੇ ਹੀ ਲਿਫਾਫੇ ਬੰਨਣੇ ਪੈਣਗੇ। ਫਿਰ ਵਿਚਾਰੀ ਹਿਸਾਬ ਕਿੱਦਾਂ ਕਰੂ! ਟੁੱਟੇ ਪੈਸੇ ਛੇਤੀ-ਛੇਤੀ ਵਾਪਿਸ ਕਿੱਦਾਂ ਕਰੇਗੀ!?

ਉਸਨੇ ਉਸ ਟੋਲੀ ਦੇ ਪੰਜਵੇਂ ਮੈਂਬਰ ਨੂੰ ਪੁਛਿਆ, "ਤੇ ਤੁਸੀਂ! ਤੁਸੀਂ ਸ਼ਾਇਦ ਹਰ ਵੰਨਗੀ ਅੱਧਾ-ਅੱਧਾ ਪੌਂਡ ਲਵੋਗੇ! ਵੀਹ ਤੋਂ ਵੱਧ ਕਿਸਮ ਦੀਆਂ ਮਠਿਆਈਆਂ ਹਨ। ਤੁਸੀਂ ਤੀਹ ਰੁਪਏ ਕੱਢ ਲਓ।"

ਉਸ ਨੌਜਵਾਨ ਨੇ ਆਪਣੀ ਜੇਬ ਫਰੋਲੀ ਤੇ ਛਿੱਥਾ ਜਿਹਾ ਪੈਂਦੇ ਨੇ ਕਿਹਾ, "ਮੈਨੂੰ ਮਠਿਆਈ ਦਾ ਬਹੁਤ ਸ਼ੌਕ ਨਹੀਂ, ਮੈਨੂੰ ਤਾਂ ਹਰ ਵੰਨਗੀ ਸਿਰਫ਼ ਇਕ ਦਸ਼ਮਲਵ ਤਿੰਨ (1.3) ਔਂਸ ਦੇ ਹਿਸਾਬ ਹੀ ਦੇ ਦਿਓ।"

"ਹੇ ਖ਼ੁਦਾਈ ਨਾ ਹੋਵੇ ਤਾਂ", ਦੂਜੇ ਨੌਜਵਾਨ ਉਸ ਨਾਲ ਧੱਕਮ-ਧੱਕਾ ਕਰਨ ਲੱਗੇ, ਨਾਲ ਦੀ ਨਾਲ ਉਹ ਕਹਿੰਦੇ ਗਏ, "ਛੇਤੀ ਕਰੋ ਜੀ ਛੇਤੀ"।

"ਠੀਕ ਹੈ", ਚਿੰਨ ਨੇ ਤੱਕੜੀ ਸਾਂਭਦਿਆਂ ਕਿਹਾ। ਕੁਝ ਉਤਸੁਕਤ ਕੁਝ ਪ੍ਰੇਸ਼ਾਨ ਤੇ ਥੋੜ੍ਹੇ ਕੁ ਜਿੰਨੇ ਗੁੱਸੇ ਨਾਲ ਗਾਹਕ ਚਿੰਨ ਦੇ ਕੰਮ ਨੂੰ ਬੜੇ ਧਿਆਨ ਨਾਲ ਦੇਖਦੇ ਰਹੇ। ਪਲਾਂ ਵਿਚ ਹੀ ਉਸਨੇ ਚਮਤਕਾਰ ਕਰ ਦਿਖਾਇਆ। ਉਹ ਆਪਣੇ ਖੱਬੇ ਹੱਥ ਪਏ ਛੋਟੇ-ਛੋਟੇ ਲਿਫਾਫਿਆਂ 'ਚ ਕਾਉਂਟਰ 'ਤੇ ਪਈ ਮਠਿਆਈ ਪਾ ਕੇ ਰੱਖਦੀ ਰਹੀ ਤੇ ਸੱਜੇ ਨਾਲ ਮਠਿਆਈਆਂ ਤੱਕੜੀ ਵਿਚ ਤੋਲਦੀ ਰਹੀ, ਫਿਰ ਖੱਬੇ ਹੱਥ ਨਾਲ ਇਕ ਇਕ ਕਰਕੇ ਲਿਫਾਫਿਆਂ ਨੂੰ ਮਿੰਟਾਂ-ਸਕਿੰਟਾਂ ਅੰਦਰ ਹੀ ਬੰਨ੍ਹ ਦਿੱਤਾ। ਗਾਹਕਾਂ ਨੂੰ ਸੁਖ ਦਾ ਸਾਹ ਆਇਆ ਤੇ ਮੈਂ ਹੈਰਾਨ ਹੋਈ ਸੋਚਦੀ ਰਹੀ ਕਿ ਉਸ ਵਿਚ ਏਨੀ ਫੁਰਤੀ ਕਿੱਥੋਂ ਆ ਗਈ ਹੈ? ਉਸਦੇ ਹੱਥਾਂ ਦੀ ਕਿਰਿਆ ਏਨੀ ਸੁਚਾਰੂ ਤੇ ਫੁਰਤੀਲੀ ਸੀ ਕਿ ਇਸ ਸਮੇਂ ਉਹ ਦੇਖਣ ਨੂੰ ਸੇਲਜ਼ ਗਰਲ ਨਹੀਂ ਸਗੋਂ ਇਕ ਨਰਤਕੀ ਲੱਗ ਰਹੀ ਸੀ, ਪਰੰਤੂ ਇਸ ਨਾਲੋਂ ਵੀ ਵੱਡੀ ਹੈਰਾਨੀ ਭਰੀ ਗੱਲ ਹਾਲੀ ਅਜੇ ਬਾਕੀ ਸੀ, ਉਹ ਵੱਖ-ਵੱਖ ਵੰਨਗੀਆਂ ਦਾ ਭਾਰ ਤੇ ਕੀਮਤ ਦੱਸਦੀ ਨਾਲੋਂ-ਨਾਲ ਜੋੜ ਕਰੀ ਜਾ ਰਹੀ ਸੀ। ਉਸਦਾ ਹਿਸਾਬ ਇਕਦਮ ਸਹੀ ਨਿਕਲ ਰਿਹਾ ਸੀ। ਪੈਸੇ ਲੈਣ ਪਿੱਛੋਂ ਉਹ ਗਾਹਕ ਨੂੰ ਮੋੜੇ ਪੈਸੇ ਦਾ ਹਿਸਾਬ ਵੀ ਦੱਸਦੀ ਗਈ। ਉਹ ਸਾਰੇ ਦੁਸ਼ਟ ਕਿਸਮ ਦੇ ਗਾਹਕਾਂ ਨੂੰ ਭੁਗਤਾ ਕੇ ਹਿਮਾਲਿਆ ਵਾਂਗ ਸ਼ਾਂਤ ਚਿੱਤ ਹੋ ਕੇ ਖੜ੍ਹੀ ਹੋ ਗਈ।



ਇਸ ਸਾਰੇ ਕਾਂਡ ਪਿੱਛੋਂ ਉਹ ਗਾਹਕ ਜਿਹੜੇ ਥੋੜ੍ਹਾ ਕੁ ਰੋਸੇ ਗੁੱਸੇ 'ਚ ਖੜ੍ਹੇ ਸਨ ਉਹਨਾਂ ਨੇ ਤਾੜੀਆਂ ਮਾਰ ਕੇ ਉਸ ਦੀ ਉਵੇਂ ਪ੍ਰਸੰਸਾ ਕੀਤੀ ਜਿਵੇਂ ਉਹਨਾਂ ਕਿਸੇ ਨਾਟਕ ਦਾ ਕੋਈ ਵਿਸ਼ੇਸ਼ ਸੀਨ ਦੇਖਿਆ ਹੋਵੇ।

ਉਹ ਉਸ ਕਾਲੇ ਨੌਜਵਾਨ ਵੱਲ ਓਨਾ ਚਿਰ ਟਿਕਟਿਕੀ ਲਾ ਕੇ ਦੇਖਦੀ ਰਹੀ ਜਿੰਨਾ ਚਿਰ ਉਹ ਸ਼ਰਮਿੰਦਾ ਜਿਹਾ ਮਹਿਸੂਸ ਨਾ ਕਰਨ ਲੱਗ ਪਿਆ। ਉਸਦੇ ਸਾਰੇ ਸਾਥੀ ਇਕਦਮ ਚੁੱਪ-ਚਾਪ ਖੜ੍ਹੇ ਸਨ।

ਸਾਰੀ ਟੋਲੀ ਨੂੰ ਇਕ ਥਾਂ ਬੁੱਤ ਬਣੀ ਖੜ੍ਹੀ ਦੇਖ ਕੇ ਚਿੰਨ ਨੇ ਪੁੱਛਿਆ, "ਹੋਰ ਦੱਸੋ ਕੀ ਚਾਹੀਦਾ ਤੁਹਾਨੂੰ! ਸਾਡੇ ਪਾਸ ਚਾਕਲੇਟ ਬਾਰ, ਡੱਬਾ ਬੰਦ ਮਠਿਆਈਆਂ, ਹਰ ਤਰ੍ਹਾਂ ਦੀਆਂ ਟੋਫੀਆਂ ਜੈਲੀ-ਡਰਾਪ, ਤਿਲਾਂ ਦੀਆਂ ਬਣੀਆਂ ਮਠਿਆਈਆਂ, ਮਿੰਟ-ਡਰਾਪ ....।" ਫਿਰ ਉਸਨੇ ਗੰਭੀਰ ਹੋ ਕੇ ਬੱਚਿਆਂ ਨੂੰ ਦੇਣ ਵਾਲੇ ਪੰਜ ਚੂਪੇ ਕੱਢੇ। ਦੇਖਣ ਵਾਲੇ ਸਾਰੇ ਹੱਸ ਪਏ ਤੇ ਭੂਰੇ ਵਾਲਾਂ ਵਾਲਾ ਤੇ ਉਸਦੀ ਸਾਰੀ ਟੋਲੀ ਉਥੋਂ ਦੌੜ ਗਈ।

ਬੜੀ ਹੁਸ਼ਿਆਰੀ ਨਾਲ ਚਿੰਨ ਨੇ ਉਹਨਾਂ ਨੌਜਵਾਨਾਂ ਨੂੰ ਮੂਰਖ ਬੱਚੇ ਸਿੱਧ ਕਰ ਦਿੱਤਾ ਸੀ। ਕਿੰਨੀ ਹਾਜ਼ਰ ਜਵਾਬ ਹੈ ਇਹ ਲੜਕੀ। ਮੈਨੂੰ ਪੱਕਾ ਵਿਸ਼ਵਾਸ ਹੋ ਗਿਆ ਕਿ ਇਹ ਟੋਲੀ ਉਸ ਨੂੰ ਅੱਗੇ ਤੋਂ ਕਦੀ ਵੀ ਪ੍ਰੇਸ਼ਾਨ ਨਹੀਂ ਕਰੇਗੀ।

ਮੈਨੂੰ ਪਤਾ ਵੀ ਨਹੀਂ ਸੀ ਲੱਗਾ ਕਿ ਮੈਂ ਉਹਦੀ ਵੱਲ ਦੇਖ ਕੇ ਮੁਸਕਰਾ ਰਹੀ ਹਾਂ।

5.

ਆਪਣੇ ਦਫ਼ਤਰ ਵਾਪਸ ਆ ਕੇ ਮੈਂ ਚਿੰਨ ਦੇ ਕਮਰੇ 'ਚ ਉਸਦੇ ਨਾਲ ਰਹਿਣ ਵਾਲੀ ਲੜਕੀ ਰੰਨ-ਸੁਆਉਮੇਂ ਨੂੰ ਬੁਲਾਇਆ ਤੇ ਉਸਤੋਂ ਪੁੱਛਿਆ ਕਿ ਇਹ ਸੱਚੀ ਗੱਲ ਐ ਕਿ ਚਿੰਨ ਅਕਸਰ ਲੜਕਿਆਂ ਨੂੰ ਆਪਣੇ ਕਮਰੇ 'ਚ ਬੁਲਾ ਕੇ ਮਠਿਆਈ ਖੁਆਉਂਦੀ ਐ! ਪਤਾ ਨਹੀਂ ਕਿਉਂ ਮੈਂ ਇਹ ਸ਼ੱਕ ਵੀ ਦੂਰ ਕਰ ਲੈਣਾ ਚਾਹੁੰਦੀ ਸਾਂ! ਪਰ ਰੰਨ ਦਾ ਉੱਤਰ ਸੁਣ ਕੇ ਮੈਂ ਖੁਸ਼ ਹੋ ਗਈ। ਉਸਨੇ ਦੱਸਿਆ ਕਿ ਚਿੰਨ ਅਕਸਰ ਲੜਕਿਆਂ ਨੂੰ ਗਾਉਣ ਲਈ ਅਤੇ ਵਾਜਾਂ-ਵਜਾਉਣ ਲਈ ਸੱਦਦੀ ਹੈ। ਹੁਣ ਤੱਕ ਉਹਨਾਂ ਨੂੰ ਦੋ ਸੌ ਤੋਂ ਵੱਧ ਕਿਸਮ ਦੀਆਂ ਮਠਿਆਈਆਂ ਖੁਆ ਚੁੱਕੀ ਹੈ। ਇਹ ਮਠਿਆਈਆਂ ਉਹ ਆਪ ਖ਼ਰੀਦ ਕੇ ਲਿਆਉਂਦੀ ਰਹੀ ਹੈ ਤੇ ਖੁਆਉਣ ਪਿੱਛੋਂ ਇਹਨਾਂ ਦੇ ਸੁਆਦ ਵੀ ਉਹਨਾਂ ਪਾਸੋਂ ਇਕ ਕਾਪੀ 'ਤੇ ਦਰਜ ਕਰਵਾਉਂਦੀ ਰਹੀ ਹੈ।

ਮੈਨੂੰ ਉਸ ਬਾਰੇ ਪਿਆ ਭੁਲੇਖਾ ਦੂਰ ਹੋ ਗਿਆ ਸੀ। ਮੈਂ ਮਠਿਆਈ ਦੇ ਕਾਉਂਟਰ ਦੇ ਪ੍ਰਧਾਨ ਨੂੰ ਉਲ੍ਹਾਮਾ ਦੇਣ ਚੱਲੀ ਹੀ ਸੀ ਕਿ ਉਸਨੇ ਮੈਨੂੰ ਹੁਣ ਤੱਕ ਚਿੰਨ ਦੇ ਐਨੇ ਚੰਗੇ ਵਿਵਹਾਰ ਬਾਰੇ ਦੱਸਿਆ ਕਿਉਂ ਨਹੀਂ, ਪਰ ਉਸੇ ਵੇਲੇ ਮੈਨੂੰ ਯਾਦ ਆ ਗਿਆ ਕਿ ਉਸਨੇ ਹੀ ਤਾਂ ਆਪਣੇ ਕੰਮ 'ਚ ਵਧੀਆ ਮਿਸਾਲ ਕਾਇਮ ਕਰਨ ਲਈ ਚਿੰਨ ਦਾ ਨਾਂ ਪੇਸ਼ ਕੀਤਾ ਸੀ, ਮੈਂ ਹੀ ਸਾਂ ਜਿਸ ਨੇ ਉਸਦੇ ਨਾਂ ਤੇ ਲੀਕ ਮਾਰੀ ਸੀ ਕਿਉਂਕਿ.....ਮੇਰੀ ਅੰਤਰ ਆਤਮਾ ਨੇ ਮੈਨੂੰ ਇਉਂ ਕਰਨ ਲਈ ਮਜਬੂਰ ਕੀਤਾ ਸੀ।

ਉਸੇ ਸ਼ਾਮ ਸਟੋਰ ਦੇ ਸਾਰੇ ਵਰਕਰਾਂ ਦੀ ਬੈਠਕ 'ਚ ਮੈਂ ਆਪਣੀ ਜਾਂਚ-ਪੜਤਾਲ ਦਾ ਬਿਉਰਾ ਪੇਸ਼ ਕੀਤਾ ਤੇ ਪਾਰਟੀ ਸਕੱਤਰ ਕਵੋ ਨੇ ਇਸ ਦੀ ਸ਼ਲਾਘਾ ਕੀਤੀ। ਇਹ ਫੈਸਲਾ ਹੋਇਆ ਕਿ ਵੋਟਿੰਗ ਦਾ ਨਤੀਜਾ ਅਗਲੇ ਦਿਨ ਸਵੇਰੇ ਘੋਸ਼ਤ ਕਰ ਦਿੱਤਾ ਜਾਵੇਗਾ ਤੇ ਪਹਿਲਾਂ ਮਿੱਥੀ ਮਿਤੀ 'ਤੇ ਸਭਾ ਦੀ ਇਕਤਰਤਾ ਹੋਵੇਗੀ। ਚਿੰਨ ਨੂੰ ਭਾਸ਼ਨ ਤਿਆਰ ਕਰਨ ਵਿਚ ਸਹਾਇਤਾ ਕਰਨ ਲਈ ਮੈਂ ਸਵੈ-ਇੱਛਾ ਨਾਲ ਆਪਣਾ ਨਾਮ ਪੇਸ਼ ਕਰ ਦਿੱਤਾ ਤਾਂ ਕਿ ਮੈਨੂੰ ਉਸ ਨਾਲ ਹੋਰ ਖੁੱਲ੍ਹ ਕੇ ਗੱਲਾਂ ਕਰਨ ਦਾ ਮੌਕਾ ਮਿਲ ਸਕੇ।

ਅਗਲੇ ਦਿਨ ਸਵੇਰੇ ਗਾਹਕਾਂ ਵਲੋਂ ਚੁਣੇ ਗਏ ਵਰਕਰਾਂ ਦੀ ਫੋਟੋਆਂ ਗੇਟ ਲਾਗੇ ਰੱਖੇ ਬੋਰਡ 'ਤੇ ਲੱਗ ਗਈਆਂ। ਜਿੱਤਣ ਕਾਰਨ ਚਿੰਨ ਸਭ ਲਈ ਖਿੱਚ ਦਾ ਕੇਂਦਰ ਬਣ ਗਈ ਸੀ, ਪਰੰਤੂ ਪ੍ਰਸਿੱਧੀ ਪ੍ਰਾਪਤ ਕਰਕੇ ਉਦਾਸ ਹੋਈ, ਉਹ ਹਰ ਰੋਜ਼ ਵਾਂਗ ਆਪਣਾ ਕੰਮ ਕਰਦੀ ਰਹੀ। ਹਮੇਸ਼ਾ ਵਾਂਗ ਅੱਜ ਵੀ ਉਸਨੇ ਫੈਸ਼ਨੇਬਲ ਕੱਪੜੇ ਪਾਏ ਹੋਏ ਸਨ। ਕੀ ਉਸਨੂੰ ਇਹ ਪਤਾ ਨਹੀਂ ਸੀ ਕਿ ਇਕ ਆਦਰਸ਼-ਕਾਮੇ ਨੂੰ ਬਹੁਤੇ ਭੜਕੀਲੇ ਕੱਪੜੇ ਨਹੀਂ ਪਾਉਣੇ ਚਾਹੀਦੇ? ਮੈਨੂੰ ਲੱਗਾ ਕਿ ਛੇਤੀ ਹੀ ਮੈਨੂੰ ਇਸ ਸਬੰਧੀ ਗੱਲ ਬਾਤ ਕਰਨੀ ਚਾਹੀਦੀ ਹੈ। ਜਿਸ ਵੇਲੇ ਸਟੋਰ ਬੰਦ ਹੋਇਆ ਮੈਂ ਸਿੱਧੀ ਉਸਦੇ ਕਮਰੇ ਵਿਚ ਪਹੁੰਚ ਗਈ।

ਉਸਨੇ ਹੋਰ ਵੀ ਸੁੰਦਰ ਕੱਪੜੇ ਪਾਏ ਹੋਏ ਸਨ ਤੇ ਆਪਣੀ ਜੁੱਤੀ ਪਾਲਿਸ਼ ਕਰ ਰਹੀ ਸੀ।

ਮੈਂ ਪੁਛਿਆ-"ਤੂੰ ਕਿਧਰੇ ਬਾਹਰ ਚੱਲੀ ਐ?" ਉਹ ਹੱਸ ਪਈ। ਉਸਨੇ ਮੈਨੂੰ ਆਪਣੇ ਬਿਸਤਰੇ 'ਤੇ ਬਿਠਾਇਆ। ਜਦੋਂ ਮੈਂ ਉਸ ਨੂੰ ਵਧਾਈ ਦਿੱਤੀ, ਤਾਂ ਉਹ ਹੋਰ ਵੀ ਉਦਾਸ ਹੋ ਗਈ। ਮੈਂ ਉਸਨੂੰ ਕਿਹਾ

ਕਿ ਸਭਾ ਵਿਚ ਤੂੰ ਭਾਸ਼ਣ ਦੇਣਾ ਹੈ, ਕੀ ਬੋਲੇਂਗੀ?

"ਨਾ, ਨਾ ਮੈਨੂੰ ਭਾਸ਼ਣ ਦੇਣਾ ਨਹੀਂ ਆਉਂਦਾ" ਉਸਨੇ ਸ਼ਰਮਾ ਕੇ ਸਿਰ ਹਿਲਾਉਦੀ ਨੇ ਕਿਹਾ।

"ਉਸ ਦਿਨ ਕਾਉਂਟਰ 'ਤੇ ਖੜ੍ਹੀ ਤਾਂ ਤੂੰ ਬਹੁਤ ਚੰਗਾ ਬੋਲ ਰਹੀ ਸੀ" ਮੈਂ ਕਿਹਾ, "ਵੋਟਿੰਗ 'ਚ ਤੂੰ ਪਹਿਲੇ ਨੰਬਰ 'ਤੇ ਆਈ ਏ ਸੋ ਭਾਸ਼ਨ ਤਾਂ ਤੈਨੂੰ ਦੇਣਾ ਹੀ ਪਵੇਗਾ, ਇਹ ਸਾਡੇ ਸਕੱਤਰ ਦਾ ਫੈਸਲਾ ਐ।" ਉਸਨੇ ਲਾਚਾਰ ਜਿਹੀ ਹੋ ਕੇ ਮੇਰੇ ਵੱਲ ਦੇਖਿਆ ਤੇ ਕਿਹਾ, " ਤਾਂ ਮੈਨੂੰ ਕੁਝ ਨਾ ਕੁਝ ਬੋਲਣਾ ਈ ਪਊ......।"

ਮੈਂ ਧੌਣ ਹਿਲਾਈ,

"ਚੰਗਾ ਫਿਰ...।"

ਜਦ ਮੈਂ ਉਸਨੂੰ ਭਾਸ਼ਣ ਲਿਖਣ ਵਿਚ ਸਹਾਇਤਾ ਦੇਣੀ ਚਾਹੀ ਤੇ ਉਸਨੇ ਕਿਹਾ, "ਤੁਹਾਡਾ ਮਤਲਬ ਐ, ਸਮੇਂ ਤੋਂ ਪਹਿਲਾਂ ਮੈਨੂੰ ਭਾਸ਼ਣ ਤਿਆਰ ਕਰ ਲੈਣਾ ਚਾਹੀਦਾ....।"

"ਘੱਟ ਤੋਂ ਘੱਟ ਉਸਦੀ ਰੂਪ-ਰੇਖਾ ਲਿਖ ਲੈ, ਤਾਂ ਕਿ ਬੋਲਣ ਸਮੇਂ ਕੋਈ ਘਾਟ- ਬਾਧ ਨਾ ਹੋ ਜਾਏ", ਮੈਂ ਸੁਝਾ ਦਿੱਤਾ।

ਉਸਨੇ ਸਪਾਟ ਉੱਤਰ ਦਿੱਤਾ, "ਨਹੀਂ ਉਸ ਵੇਲੇ ਜੋ ਮੇਰੇ ਦਿਮਾਗ਼ 'ਚ ਹੋਵੇਗਾ , ਬੋਲ ਦਿਆਂਗੀ।"

"ਇਸ ਨਾਲ ਕੰਮ ਨਈਂ ਚੱਲੇਗਾ" ਮੈਂ ਕਿਹਾ।

ਮੈਂ ਉਹਦੀ ਵਲੋਂ ਭਾਸ਼ਣ ਲਿਖ ਦੇਣਾ ਚਾਹੁੰਦੀ ਸਾਂ। ਪਰ, ਇਸ ਤੋਂ ਪਹਿਲਾਂ ਉਸਦੇ ਵਿਚਾਰ ਜਾਨਣੇ ਜ਼ਰੂਰੀ ਸਨ। ਮੈਂ ਉਸਨੂੰ ਇਹ ਤਾਂ ਨਹੀਂ ਦੱਸ ਸਕਦੀ ਸੀ ਕਿ ਮੈਂ ਉਸਨੂੰ ਛੱਤ 'ਤੇ ਨੱਚਦੀ ਨੂੰ ਦੇਖ ਲਿਆ ਸੀ, ਇਸ ਲਈ ਮੈਂ ਉਸਨੂੰ ਸਮਝਾਉਂਦੀ ਜਿਹੀ ਦਿੰਦਿਆਂ ਕਿਹਾ, "ਕੀ ਤੇਰੇ ਦਿਮਾਗ਼ 'ਤੇ ਪਿਛਲੇ ਕੁਝ ਦਿਨਾਂ ਤੋਂ ਕੋਈ ਬੋਝ ਪਿਆ ਹੋਇਆ ਐ"?

ਹੈਰਾਨ ਹੁੰਦੀ ਨੇ ਉਸਨੇ ਉੱਤਰ ਦਿੱਤਾ, "ਕਿਉਂ, ਨਹੀਂ ਤਾਂ .....।"

"ਕੱਲ੍ਹ ਸਵੇਰੇ....", ਉਸ ਦੀਆਂ ਅੱਖਾਂ ਅੱਡੀਆਂ ਗਈਆਂ।

ਮੈਂ ਸੋਚ ਰਹੀ ਸੀ ਕਿ ਉਸ ਨਾਲ ਇਹ ਗੱਲ ਕਿਸ ਢੰਗ ਨਾਲ ਕੀਤੀ ਜਾਵੇ ਕਿ ਕਿਸੇ ਨੇ ਦਰਵਾਜ਼ੇ 'ਤੇ ਖੱਟਖੱਟ ਕੀਤੀ।

ਉਸਨੇ ਕਿਹਾ, "ਅੰਦਰ ਆ ਜਾਓ।"

ਦਰਵਾਜ਼ਾ ਬੰਦ ਹੀ ਰਿਹਾ, ਖੁਲ੍ਹਿਆ ਨਾ, ਉਹ ਉੱਠੀ ਤੇ ਉਚੀ ਸੁਰ ਵਿਚ ਬੋਲੀ, "ਕੌਣ ਐ, ਅੰਦਰ ਕਿਉਂ ਨਹੀਂ ਆਉਂਦੇ?" ਫਿਰ ਉਸਨੇ ਆਪ ਉੱਠ ਕੇ ਦਰਵਾਜ਼ਾ ਖੋਲਿਆ। ਉਹ ਹੈਰਾਨ-ਪ੍ਰੇਸ਼ਾਨ ਹੋ ਗਈ। ਦਰਵਾਜ਼ੇ ਤੋਂ ਬਾਹਰ ਉਹੀ ਕਾਲਾ ਨੌਜਵਾਨ ਖੜ੍ਹਾ ਸੀ। ਉਸਦਾ ਚਿਹਰਾ ਸ਼ਰਮਸਾਰ ਹੋਇਆ ਪਿਆ ਸੀ। ਉਸਨੇ ਆਪਣਾ ਲੰਮਾ ਸਰੀਰ ਝੁਕਦਾ ਕੀਤਾ ਹੋਇਆ ਸੀ। ਉਹ ਬੇ-ਹੱਦ ਝਿਜਕਦਾ ਝਿਜਕਦਾ ਬੋਲਿਆ, "ਮੈਨੂੰ ਬਹੁਤ ਅਫ਼ਸੋਸ ਐ ਨੰਬਰ 163, ਕਾਮਰੇਡਾ ਚਿੰਨ ਲੂ। ਮੈਨੂੰ ਤੁਹਾਡੇ ਨਾਂ ਦਾ ਸਨਮਾਨ ਬੋਰਡ ਤੋਂ ਪਤਾ ਚੱਲਿਆ।"

ਚਿੰਨ ਨੂੰ ਹੋਈ ਹੈਰਾਨੀ ਥੋੜ੍ਹੀ ਜਿਹੀ ਰੁੱਖੀ ਰੌਂ 'ਚ ਬਦਲ ਗਈ, ਫਿਰ ਵੀ ਉਸਨੂੰ ਬੜੇ ਸਨੇਹ ਨਾਲ ਅੰਦਰ ਆਉਣ ਲਈ ਕਿਹਾ। ਪਰ ਸ਼ਰਮਸਾਰ ਦਿਸਦੇ ਨੌਜਵਾਨ ਨੇ ਹੋਰ ਪਿੱਛੇ ਹਟਦੇ ਨੇ ਕਿਹਾ, "ਨਹੀਂ -ਨਹੀਂ ਮੈਂ ਤੁਹਾਡੀ ਗੱਲ-ਬਾਤ 'ਚ ਕੋਈ ਰੋਕ-ਟੋਕ ਨਹੀਂ ਪਾਉਣੀ ਚਾਹੁੰਦਾ, ਮੈਂ ਤਾਂ ਸਿਰਫ਼ ਇਹ ਕਹਿਣ ਆਇਆ ਸੀ ਕਿ....।"

ਮੇਰੇ ਕੁਆਰੇ ਦਿਲ ਦੀ ਧੜਕਣ ਹੋਰ ਵੀ ਵਧ ਗਈ, ਪਰ ਚਿੰਨ ਬੇਹੱਦ ਪ੍ਰਖ਼ਤਾ ਨਜ਼ਰ ਨਾਲ ਉਸ ਵੱਲ ਦੇਖਦੀ ਮੁਸਕਰਾ ਰਹੀ ਸੀ। ਘਬਰਾਹਟ ਅਤੇ ਸੰਕੋਚ ਅੰਦਰ ਘਿਰੇ ਨੌਜਵਾਨ ਨੇ ਥੋੜ੍ਹਾ ਕੁ ਹੱਸਦਿਆਂ ਹਿੰਮਤ ਕੀਤੀ ਤੇ ਚਿੰਨ ਦੇ ਹੱਥਾਂ 'ਚ ਇਕ ਪੈਕਟ ਫੜਾ ਦਿੱਤਾ। ਤਦ ਮੈਂ ਦੇਖਿਆ ਕਿ ਉਸ ਨੌਜਵਾਨ ਨੇ ਸ਼ੇਵ ਕੀਤੀ ਹੋਈ ਸੀ, ਵਾਲ ਕਟਵਾਏ ਹੋਏ ਸਨ ਤੇ ਊਨੀ ਜੈਕਟ ਵਿਚ ਉਹ ਬਹੁਤ ਸੁੰਦਰ ਲੱਗ ਰਿਹਾ ਸੀ।

ਪੈਕਟ ਨੂੰ ਬਿਨਾਂ ਖੋਲ੍ਹਿਆਂ ਚਿੰਨ ਨੇ ਇਸ ਨੂੰ ਆਪਣੇ ਹੱਥਾਂ 'ਤੇ ਇਉਂ ਰੱਖ ਲਿਆ ਜਿਵੇਂ ਉਹ ਉਸਦਾ ਭਾਰ ਤੋਲ ਰਹੀ ਹੋਵੇ।

"ਇਸ ਵਿਚ ਕੀ ਐ, ਬੱਬ!" ਅੱਖਾਂ 'ਚ ਢੇਰ ਸਾਰੀ ਚਮਕ ਭਰਦੀ ਨੇ ਉਸਨੇ ਪੁੱਛਿਆ।

"ਜੀ ਹਾਂ ਹਿੰਮਤ ਐ ਤਾਂ ਖੋਲ੍ਹ ਲਓ", ਨੌਜਵਾਨ ਨੇ ਉਲਟਾ ਪ੍ਰਸ਼ਨ ਕਰ ਦਿੱਤਾ।



ਚਿੰਨ ਨੇ ਇਕਦਮ ਪੈਕਟ ਖੋਲ੍ਹ ਦਿੱਤਾ। ਇਸ ਵਿਚ ਉਹ ਮਠਿਆਈਆਂ ਭਰੀਆਂ ਹੋਈਆਂ ਸਨ ਜਿਹੜੀਆਂ ਨੌਜਵਾਨ ਨੇ ਉਸ ਦਿਨ ਖਰੀਦੀਆਂ ਸਨ। ਉਸਨੇ ਕਿਹਾ, "ਮੇਰੇ ਵਲੋਂ ਛੋਟਾ ਜਿਹਾ ਤੋਹਫ਼ਾ। ਮੈਂ ਆਪਣਾ ਨਾਂ ਵੀ ਲਿਖਿਆ ਹੋਇਆ ਐਥੇ", ਉਸਨੇ ਰੈਪਰ ਵੱਲ ਇਸ਼ਾਰਾ ਕਰਦਿਆਂ ਕਿਹਾ ਤੇ ਝੱਟ ਉਥੋਂ ਚਲਾ ਗਿਆ।

"ਓ..ਓ.. ਗੱਲ ਸੁਣ" ਚਿੰਨ ਉਸਦੇ ਪਿੱਛੇ ਗਈ, ਪਰ ਉਦੋਂ ਤੱਕ ਉਹ ਪੌੜੀਆਂ ਉੱਤਰ ਗਿਆ ਸੀ।

ਬੇ-ਬਸੀ 'ਚ ਚਿੰਨ ਦਾ ਹੱਥ ਚੁੱਕਿਆ ਰਹਿ ਗਿਆ। ਮੈਂ ਰੈਪਰ ਖੋਲ੍ਹਿਆ ਇਹ ਸਟੀਲ ਰੋਲਿੰਗ ਮਿੱਲ ਵਲੋਂ ਵਿਸ਼ੇਸ਼ ਕਾਮਿਆਂ ਨੂੰ ਦਿੱਤਾ ਜਾਣ ਵਾਲਾ ਪ੍ਰਸੰਸਾ ਪੱਤਰ ਸੀ। ਉਸ ਨੌਜਵਾਨ ਦਾ ਨਾਮ ਸ਼ੀ-ਯੁੰਗਲੀ ਸੀ।

ਰੈਪਰ ਨੂੰ ਪਏ ਵਲ ਪੱਧਰੇ ਕਰਦੀ ਚਿੰਨ ਬੋਲੀ, "ਜੀ ਹਾਂ, ਨੌਜਵਾਨ ਸਭਾ ਦੀ 'ਮਹਾਨ ਸਕੱਤਰ ਮਹੋਦੇ' ਇਸ ਨੂੰ ਪਸੰਦ ਨਹੀਂ ਕਰਦੀ। ਪਰ ਮੈਨੂੰ ਅਜਿਹੇ ਲੋਕ ਬਹੁਤ ਪਸੰਦ ਹਨ ਜੋ ਸਨਮਾਨ ਅਤੇ ਸਿਫ਼ਤ ਉਸਤਤ ਨੂੰ ਬਹੁਤ ਮਹੱਤਵ ਨਹੀਂ ਦਿੰਦੇ।

'ਪਸੰਦ' ਸ਼ਬਦ ਦੀ ਉਸ ਵਲੋਂ ਕੀਤੀ ਵਰਤੋਂ ਸੁਣ ਕੇ ਮੇਰਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ। ਮੇਰੇ ਵਿਚਾਰਾਂ ਨੂੰ ਭਾਂਪਦਿਆਂ ਉਸਨੇ ਮੁਸਕਰਾਉਂਦੀ ਨੇ ਕਿਹਾ, "ਮੈਂ ਪਸੰਦ ਸ਼ਬਦ ਦਾ ਪ੍ਰਯੋਗ ਇਸਦੇ ਵਿਆਪਕ ਅਰਥਾਂ 'ਚ ਕੀਤਾ ਐ।"

ਮੈਂ ਉਸਨੂੰ ਕੁਝ ਹੋਰ ਸਲਾਹ ਦੇਣ ਲੱਗੀ ਸੀ ਕਿ ਉਹ ਪਹਿਲਾਂ ਹੀ ਬੋਲ ਪਈ, "ਬੰਦੇ ਅਕਸਰ ਪੇਚੀਦਾ ਹੁੰਦੇ ਹਨ। ਕਈ ਵਿਸ਼ੇਸ਼ ਤੇ ਉੱਘੇ ਦਿਸਣ ਵਾਲਿਆਂ ਅੰਦਰ ਵੀ ਕਈ ਸਾਰੇ ਔਗੁਣ ਭਰੇ ਪਏ ਹੁੰਦੇ।" ਇਹ ਕਹਿੰਦਿਆਂ ਉਹ ਅਚਾਨਕ ਰੁਕੀ ਤੇ ਸ਼ਰਮ ਦੀ ਮਾਰੀ ਦਰਵਾਜ਼ਿਓਂ ਬਾਹਰ ਚਲੀ ਗਈ। ਸਭਾ ਵਿਚ ਉਹ ਕੀ ਬੋਲੇਗੀ। ਅਜੇ ਤੱਕ ਇਸ ਦੀ ਮੈਨੂੰ ਕੋਈ ਸਮਝ ਨਹੀਂ ਲੱਗੀ।

6.

ਭਾਵੇਂ ਇਕੱਤਰਤਾ ਅਗਲੇ ਦਿਨ ਹੀ ਹੋਈ ਸੀ, ਪਰ ਚਿੰਨ ਨੇ ਅਜੇ ਤੱਕ ਆਪਣਾ ਭਾਸ਼ਨ ਨਹੀਂ ਸੀ ਲਿਖਿਆ। ਪਹਿਲੀ ਪ੍ਰਥਾ ਅਨੁਸਾਰ ਮੈਂ ਫੈਸਲਾ ਕੀਤਾ ਕਿ ਸਾਰੇ ਭਾਸ਼ਨਕਰਤਾਵਾਂ ਨੂੰ ਸ਼ਾਮ ਦੇ ਸਮੇਂ ਇਕ ਥਾਂ 'ਤੇ ਬਿਠਾ ਕੇ, ਉਹਨਾਂ ਦਾ ਭਾਸ਼ਨ ਸੁਣ ਲਿਆ ਜਾਏ। ਮੈਂ ਇਹ ਦੇਖਣਾ ਸੀ ਕਿ ਉਹਨਾਂ ਦੇ ਭਾਸ਼ਣ ਰਾਜਨੀਤਿਕ ਦ੍ਰਿਸ਼ਟੀ "ਤੇ ਸਹੀ ਤੇ ਭਰੋਸੇਯੋਗ ਹਨ ਕਿ ਨਹੀਂ!

ਮੈਨੂੰ ਚਿੰਨ ਲੱਭਦੀ ਲੱਭਦੀ ਆਈ ਤੇ ਮੁਆਫ਼ੀ ਮੰਗ ਕੇ ਕਹਿਣ ਲੱਗੀ ਕਿ ਉਸਨੇ ਕਿਸੇ ਹੋਰ ਥਾਂ ਬਹੁਤ ਜ਼ਰੂਰੀ ਜਾਣਾ ਹੈ। "ਕੀ ਕਿਹਾ? ਤੂੰ ਐਨੀ ਮਹੱਤਵਪੂਰਨ ਬੈਠਕ ਤੋਂ ਗੈਰਹਾਜ਼ਰ ਰਹਿਣ ਦੀਆਂ ਆਗਿਆ ਮੰਗ ਰਹੀ ਏਂ !" ਮੈਂ ਤਲਖ਼ ਹੁੰਦਿਆ ਕਿਹਾ।

'ਮੈਂ ਸੰਸਕ੍ਰਿਤਕ ਕੇਂਦਰ ਦੀ ਇਕ ਡਰੈੱਸ ਰੀਹਰਸਲ ਵਿਚ ਹਿੱਸਾ ਲੈਣਾ ਐ, ਇਸ ਲਈ ਮੈਂ ਤੁਹਾਡੀ ਡਰੈੱਸ ਰੀਹਰਸਲ ਵਿਚ ਨਹੀਂ ਆ ਸਕਦੀ।"

ਉਹ ਥੋੜ੍ਹੀ ਕੁ ਨਿਰਾਸ਼ ਹੋ ਗਈ ਤੇ ਕਹਿਣ ਲੱਗੀ, " ਮੈਂ ਜੋ ਕੁਝ ਭਾਸ਼ਣ ਵਿਚ ਬੋਲਣਾ ਉਹ ਹੁਣੇ ਦੱਸ ਦਿੰਨੀ ਆਂ। ਪਰ ਕਿਉਂਕਿ ਉਸ ਨਾਟਕ ਵਿਚ ਮੇਰੀ ਭੂਮਿਕਾ ਮੁੱਖ ਐ, ਇਸ ਲਈ ਮੈਂ ਉੱਥੇ ਤਾਂ ਜਾਣਾ ਹੀ ਜਾਣਾ!"

"ਕਿਹੜੇ ਪਾਤਰ ਦੀ ਭੂਮਿਕਾ ਐ ਤੇਰੀ" ਮੈਂ ਆਪਣੀ ਗੱਲ 'ਤੇ ਅੜੀ ਰਹੀ।

"ਇਕ ਐਸੀ ਲੜਕੀ ਜਿਸ ਨੂੰ ਆਪਣੇ ਜੀਵਨ ਲਕਸ਼ ਦਾ ਪਤਾ ਨਹੀਂ ਲੱਗ ਰਿਹਾ ਤੇ ਇਸ ਲਈ ਆਪਣਾ ਸਮਾਂ ਬਣ-ਸੰਵਾਰ ਕੇ ਰਹਿੰਦਿਆਂ, ਨੱਚਦਿਆਂ-ਗਾਉਂਦਿਆਂ ਬਿਤਾਉਂਦੀ.....।"

ਹੁਣ ਮੈਨੂੰ ਉਸਦਾ ਛੱਤ 'ਤੇ ਚੜ੍ਹ ਕੇ ਕੀਤਾ ਨਾਚ ਯਾਦ ਆ ਗਿਆ ਤੇ ਮੇਰੇ ਦਿਮਾਗ਼ ਵਿਚ ਸਾਰੀ ਸਥਿਤੀ ਸਾਫ਼ ਹੋ ਗਈ, "ਬਹੁਤ ਛੇਤੀ ਮੇਰਾ ਚਿਹਰਾ ਝੁਰੜੀਆਂ ਨਾਲ ਭਰ ਜਾਵੇਗਾ, ਮੇਰੇ ਵਾਲ ਸਫੇਦ ਹੋ ਜਾਣਗੇ" ਮੈਂ ਉਸਦੀ ਡਾਇਲਾਗ ਨੂੰ ਦੁਹਰਾਇਆ।

ਉਸਨੇ ਮੇਰੇ ਹੱਥ ਫੜ ਲਏ। ਉਸਦੇ ਨੈਣਾਂ 'ਚ ਚਮਕ ਸੀ, "ਤੁਸੀਂ ਮੈਨੂੰ ਰੀਹਰਸਲ ਕਰਦੀ ਨੂੰ ਦੇਖਿਆ....।"

"ਮੈਂ....ਮੈਂ ਏਹਦੇ ਬਾਰੇ ਸੁਣਿਆ ਐ..." ਮੈਂ ਹਿਚਕਚਾਉਂਦੀ ਨੇ ਕਿਹਾ "ਤਾਂ ਤੂੰ ਉਸ ਸਵੇਰੇ ਆਪਣੇ ਸੰਵਾਦ ਦੁਹਰਾ ਰਹੀ ਸੀ", ਮੈਂ ਉਸਦਾ ਹੱਥ ਥਪਥਪਾਉਂਦਿਆਂ ਕਹਿ ਦਿੱਤਾ, "ਠੀਕ ਐ, ਤੂੰ ਆਪਣੇ ਨਾਟਕ ਵਿਚ ਜਾਹ.....।"

ਉਹ ਮੇਰੇ ਨਾਲ ਚਿੰਮੜ ਗਈ ਤੇ ਮੈਨੂੰ ਨਾਲ ਘੁੱਟ ਕੇ ਕਮਰੇ ਵਿਚ ਘੁੰਮ-ਘੁੰਮ ਕੇ ਵਾਲਟੂਜ਼ ਨਾਚ ਦੀ ਇਕ ਘੁੰਮੇਟੀ ਕੱਢੀ। ਮੇਰੇ ਸਿਰ ਨੂੰ ਚੱਕਰ ਆ ਗਿਆ। ਮੈਂ ਉਸਨੂੰ ਮਸਾਂ ਰੋਕਿਆ।

"ਅੱਗੇ ਤੋਂ ਐਹੋ ਜਿਹੀਆਂ ਗਤੀਵਿਧੀਆਂ ਤੋਂ ਦੂਰ ਰਿਹਾ ਕਰ," ਮੈਂ ਕਿਹਾ। ਉਸਨੂੰ ਜਿਵੇ ਝਟਕਾ ਲੱਗਾ ਹੋਵੇ, "ਕਿਉਂ ਭਲਾ ....?"

ਮੈਨੂੰ ਉਸਦੀ ਪ੍ਰੇਸ਼ਾਨੀ ਸਮਝ ਨਾ ਆਈ, "ਹੁਣ ਤੂੰ ਇਕ ਆਦਰਸ਼ ਵਰਕਰ ਬਣ-ਗੀ ਏ ਇਸ ਲਈ ਤੈਨੂੰ ਹੁਣ ਕੰਮ ਕਰਦਿਆਂ ਆਪਣੇ-ਆਪ 'ਤੇ ਕਾਬੂ ਰੱਖਣਾ ਚਾਹੀਦਾ। ਆਪਣੇ ਕੰਮਕਾਰ ਦੇ ਨਾਲ ਨਾਲ ਆਪਣੇ ਆਚਰਣ ਦਾ ਵੀ ਧਿਆਨ ਰੱਖਣਾ ਪਵੇਗਾ।" ਮੈਂ ਉਸਦੇ ਪਹਿਨੇ ਕੱਪੜਿਆਂ 'ਤੇ ਅਰਥ-ਭਰਪੂਰ ਨਜ਼ਰਾਂ ਸੁੱਟਦਿਆਂ ਕਿਹਾ।

ਇਸ ਵੱਲ ਉਸਨੇ ਕੋਈ ਧਿਆਨ ਨਾ ਦਿੱਤਾ ਤੇ ਬੋਲੀ, "ਕੀ ਇਕ ਆਦਰਸ਼ ਵਰਕਰ ਦੇ ਆਪਣੇ ਕੋਈ ਸ਼ੌਕ ਨਹੀਂ ਹੋ ਸਕਦੇ?"

"ਜ਼ਰੂਰ ਹੋ ਸਕਦੇ ਹਨ, ਪਰ ਤੇਰਾ ਰਾਜਨੀਤਿਕ ਗੌਰਵ ਉਸ ਦੇ ਮੁਕਾਬਲੇ ਬਹੁਤ ਮਹੱਤਵਪੂਰਨ ਹੈ। ਇਸਦੀ ਰਾਖੀ ਲਈ ਤੈਨੂੰ ਸਖ਼ਤ ਮਿਹਨਤ ਕਰਨੀ ਪਵੇਗੀ ਨਹੀਂ ਤਾਂ ਤੂੰ ਇਕ ਵਾਰ ਚਮਕਾਰਾ ਮਾਰ ਕੇ ਸਦਾ ਲਈ ਬੁਝ ਜਾਏਂਗੀ।"

ਉਸਨੇ ਉੱਤਰ ਦਿੱਤਾ, "ਮੈਨੂੰ ਉਹਨਾਂ ਲੋਕਾਂ ਨਾਲ ਨਫ਼ਰਤ ਐ ਜੋ ਆਪਣਾ ਗੌਰਵ ਬਚਾਉਣ ਲਈ ਝੂਠੇ ਸਾਂਗ ਰਚਦੇ ਰਹਿੰਦੇ ਆ। ਮੈਂ ਤਾਂ ਕਦੀ ਸੋਚਿਆ ਵੀ ਨਹੀਂ ਸੀ ਕਿ ਮੈਂ ਕਿਸੇ ਦਿਨ ਆਦਰਸ਼ ਵਰਕਰ ਬਣ ਸਕਾਂਗੀ। ਮੈਨੂੰ ਇਹ ਵੀ ਨਹੀਂ ਪਤਾ ਕਿ ਇਸ ਤਮਗ਼ੇ ਨੂੰ ਸਾਰਾ ਜੀਵਨ ਗਲ 'ਚ ਪਾ ਕੇ ਲਟਕਾਈ ਰੱਖਣਾ ਜ਼ਰੂਰੀ ਐ......। ਹਾਂ ਇਸਨੂੰ ਆਪਣੇ ਪਾਸ ਰੱਖਣ ਲਈ ਮੈਂ ਭਰਵੀਂ ਮਿਹਨਤ ਕਰਦੀ ਰਹਾਂਗੀ। ਪਰ ਜੇ ਕਦੀ ਮੈਨੂੰ ਆਦਰਸ਼ ਵਰਕਰ ਤੇ ਅਭਿਨੇਤਰੀ ਦੋਨਾਂ ਵਿਚੋਂ ਇਕ ਦੀ ਚੋਣ ਕਰਨੀ ਪਵੇ ਤਾਂ ਮੈਂ ਅਭਿਨੇਤਰੀ ਬਣਨਾ ਜ਼ਿਆਦਾ ਪਸੰਦ ਕਰਾਂਗੀ।"

"ਇਹ ਤੂੰ ਕੀ ਕਹਿ ਰਹੀ ਐਂ।" ਮੈਨੂੰ ਆਪਣੇ ਕੰਨਾਂ 'ਤੇ ਵਿਸ਼ਵਾਸ ਨਹੀਂ ਸੀ ਹੋ ਰਿਹਾ ਤਾਂ ਵੀ ਮੈਂ ਆਪਣੇ ਭਾਵਾਂ ਨੂੰ ਕਾਬੂ ਕਰਦਿਆਂ ਉਸਨੂੰ ਸ਼ਾਂਤ ਕਰਨ ਲਈ ਕਿਹਾ, "ਮੇਰੇ ਕਹਿਣ ਦਾ ਮਤਲਬ ਏਹ ਨਹੀਂ ਸੀ।" ਉਹ ਖੁਸ਼ ਹੋ ਗਈ। ਮੇਰੇ ਲਾਗੇ ਬੈਠ ਕੇ ਬੜੇ ਆਦਰ ਸਹਿਤ ਉਸਨੇ ਪੁੱਛਿਆ, " ਸਾਡੇ ਨੇਤਾ ਮੇਰੇ ਤੋਂ ਹੋਰ ਕੀ ਆਸਾਂ ਰੱਖਦੇ ਹਨ?"

ਉਸਦੀ ਇਸ ਨਿਮਰ ਪੁੱਛ ਨਾਲ ਮੈਂ ਪ੍ਰਸੰਨ ਹੋ ਗਈ। ਉਸਦਾ ਸੁਨਹਿਰਾ ਕਲਿੱਪ ਉਸਦੇ ਵਾਲਾਂ 'ਚੋਂ ਕੱਢਦਿਆਂ, ਮੈਂ ਉਸਦੀ ਵੱਡੀ ਭੈਣ ਵਾਂਗ ਉਸਨੂੰ ਕਿਹਾ, "ਸਾਡੀ ਇਕਤੱਰਤਾ ਵਿਚ ਵੱਡੇ-ਵੱਡੇ ਨੇਤਾ ਲੋਕ ਤੇ ਮਹਿਮਾਨ ਆਉਣਗੇ, ਚੰਗਾ ਹੋਵੇ ਜੇ ਇਹ ਕਲਿੱਪ ਨਾ ਲਾਏਂ ਤਾਂ...।"

"ਕਿਉਂ"

"ਇਉਂ ਲਾਉਣਾ ਕੀ ਬਹੁਤ ਜ਼ਰੂਰੀ ਐ", ਮੈਂ ਮੁਸਕਰਾਉਂਦੀ ਨੇ ਕਿਹਾ।

"ਇਸ ਲਈ ਕਿ ਇਸਨੂੰ ਲਗਾ ਕੇ ਮੈਂ ਸੁੰਦਰ ਲੱਗਦੀ ਹਾਂ। ਇਹ ਲਾ ਕੇ ਮੈਨੂੰ ਇਕ ਗੱਲ ਦਾ ਹੋਰ ਵੀ ਚੇਤਾ ਰਹਿੰਦਾ ਕਿ ਸੌਦਾ ਦਿੰਦੇ ਵਕਤ ਮੈਂ ਆਪਣਾ ਸਿਰ ਗਾਹਕਾਂ ਸਾਹਮਣੇ ਨੀਵਾਂ ਨਹੀਂ ਕਰਨਾ। ਬਹੁਤ ਰੁੱਝੀ ਹੋਣ 'ਤੇ ਅਕਸਰ ਇਹ ਗੱਲ ਮੈਨੂੰ ਭੁੱਲ ਵੀ ਜਾਂਦੀ ਆ, ਜਦ ਵੀ ਕਿੱਧਰੇ ਸਿਰ ਨੀਵਾਂ ਹੋ ਜਾਵੇ, ਇਹ ਚੈਨੀ ਮੇਰੇ ਕੰਨਾਂ ਨੂੰ ਛੋਹ ਕੇ ਮੈਨੂੰ ਸੁਚੇਤ ਕਰ ਦਿੰਦੀ ਐ।"

"ਤਾਂ ਇਹ ਗੱਲ ਐ!" ਉਸ ਪਾਸ ਇਕੱਤਰਤਾ ਸਮੇਂ ਸਰੋਤਿਆਂ ਨੂੰ ਦੱਸਣ ਲਈ ਅਜਿਹੀਆਂ ਹੋਰ ਵੀ ਕੀ ਗੱਲਾਂ ਸਨ।

"ਠੀਕ ਐ, ਤੂੰ ਨੇਤਾਵਾਂ ਤੇ ਸਰੋਤਿਆਂ ਨੂੰ ਇਹ ਜ਼ਰੂਰ ਦੱਸੀਂ ਕਿ ਗਾਹਕਾਂ ਨੂੰ ਸਮਾਨ ਦਿੰਦਿਆਂ ਆਪਣਾ ਸਿਰ ਸਿੱਧਾ ਰੱਖਕੇ ਗਾਹਕਾਂ ਵੱਲ ਸਿੱਧਾ ਦੇਖਣਾ ਚਾਹੀਦਾ। ਪਰ ਇਹ ਨਾ ਕਹਿ ਦੇਣਾ ਕਿ ਚੈਨੀ ਮੈਂ ਸੁੰਦਰ ਦਿਸਣ ਲਈ ਪਹਿਨਦੀ ਆਂ"

"ਪਰ ਮੈਂ ਤਾਂ ਇਹ ਸੁੰਦਰ ਦਿਸਣ ਲਈ ਹੀ ਪਹਿਨਦੀ ਆਂ।

ਮੈਂ ਉਸਦਾ ਸਿਰ ਥਪਥਪਾਇਆ-ਪਗਲੀ ਲੜਕੀ, ਇਸ ਭੇਦ ਨੂੰ ਹੋਰਨਾਂ ਤੋਂ ਛੁਪਾ ਕੇ ਰੱਖ। ਭਲਾ ਭਰੀ ਸਭਾ ਵਿਚ ਇਹ ਗੱਲ ਕਿੱਦਾਂ ਕਹਿ ਦੇਵੇਂਗੀ।" "ਕਿਉਂ ਨਈਂ ਕਹਿ ਸਕਦੀ" ਉਹ ਥੋੜ੍ਹਾ ਥੋੜ੍ਹਾ ਹੱਸਦੀ ਬੋਲੀ, "ਮੈਂ ਤਾਂ ਹਰ ਇੱਕ ਨੂੰ ਇਹ ਗੱਲ ਕਹਿਣਾ ਚਾਹੁੰਦੀ ਆਂ ਕਿ ਮੈਨੂੰ ਸੁੰਦਰ ਬਣਨਾ ਚੰਗਾ ਲੱਗਦਾ ਐ। ਜਿਹੜੇ ਲੋਕੀ ਜ਼ਿੰਦਗੀ ਨੂੰ ਪਿਆਰ ਕਰਦੇ ਨੇ ਕੇਵਲ ਉਹ ਹੀ ਆਪਣੇ ਰੰਗ-ਰੂਪ ਦਾ ਖਿਆਲ ਰੱਖ ਸਕਦੇ ਆ।"



ਮੈਂ ਸੋਚਿਆ ਕਿ ਠੀਕ ਸਾਰੀਆਂ ਐਕਟਰੈਸਾਂ ਇਵੇਂ ਦੀਆਂ ਹੀ ਹੁੰਦੀਆਂ। ਮੈਂ ਪੁੱਛਿਆ, "ਦੱਸ ਤੂੰ ਕੱਲ੍ਹ ਨੂੰ ਕੀ ਬੋਲੇਂਗੀ?" ਉਹ ਮੇਰੇ ਪ੍ਰਸ਼ਨ ਬਾਰੇ ਸੋਚਣ ਲੱਗ ਪਈ। ਮੈਂ ਫਿਰ ਕਿਹਾ- "ਮੈਨੂੰ ਤੂੰ ਸਿਰਫ ਏਨਾ ਦੱਸ ਦੇ ਕਿ ਤੈਨੂੰ ਆਪਣੇ ਕੰਮ ਨਾਲ ਏਨਾ ਪਿਆਰ ਕਿੱਦਾਂ ਹੋਇਆ।" ਉਸਨੇ ਇਕ ਹਉਕਾ ਭਰਿਆ ਤੇ ਬੋਲੀ, " ਬੜੀ ਲੰਮੀ-ਚੌੜੀ ਕਥਾ ਐ। ਮੈਂ ਤਾਂ ਇਕ ਐਕਟਰੈਸ ਬਣਨਾ ਚਾਹੁੰਦੀ ਸੀ, ਪਰ ਮੈਥੋਂ ਉਹ ਵੇਲਾ ਖੁੰਝ ਗਿਆ। ਹੁਣ ਐਕਟਰੈਸ ਬਣਨ ਦੀ ਮੇਰੀ ਉਮਰ ਨਹੀਂ ਰਹੀ।"

"ਪਰ ਤੂੰ ਆਪਣਾ ਕੰਮ ਤਾਂ ਬੜੀ ਨਿਪੁੰਨਤਾ ਨਾਲ ਕਰਦੀ ਏਂ।"

"ਇਹ ਗੱਲ ਮੇਰੀ ਸਮਝ 'ਚ ਆ ਗਈ ਐ ਕਿ ਹਰ ਕਿਸੇ ਨੂੰ ਵਿਕਸਤ ਦੇਸ਼ਾਂ ਵਿਚ ਵੀ ਆਪਣੇ ਮਨਪਸੰਦ ਦਾ ਕੰਮ ਨਈ ਮਿਲਦਾ। ਸਾਡੇ ਵਰਗੇ ਦੇਸ਼ ਦੀ ਤਾਂ ਗੱਲ ਈ ਹੋਰ ਐ।"

"ਫਿਰ ਤੈਨੂੰ ਆਪਣੇ ਕੰਮ ਨਾਲ ਪਿਆਰ ਕਿੱਦਾਂ ਗਿਆ?"

ਉਸਦੇ ਉੱਤਰ ਨੇ ਇਕ ਵਾਰ ਫਿਰ ਮੈਨੂੰ ਹੈਰਾਨ-ਪਰੇਸ਼ਾਨ ਕਰ ਦਿੱਤਾ। ਉਸਦਾ ਕਹਿਣਾ ਸੀ, "ਆਪਣੀ ਹਰ ਵਸਤੂ ਨੂੰ ਮਨੁੱਖ ਪਸੰਦ ਕਰਨ ਲੱਗ ਪੈਂਦਾ। ਅਸੀਂ ਕੋਈ ਵੀ ਕੰਮ ਕਿਉਂ ਨਾ ਕਰੀਏ, ਇੱਕਵਾਰ ਉਸਦੀ ਆਦਤ ਬਣ ਜਾਏ। ਫਿਰ ਉਸ ਨਾਲ ਪਿਆਰ ਪੈ ਹੀ ਜਾਂਦਾ।"

"ਹਰ ਨੌਜਵਾਨ ਤੇਰੇ ਵਰਗਾ ਨਈਂ ਹੁੰਦਾ", ਮੈਂ ਆਪਣਾ ਸਿਰ ਨਾਂਹ ਵਾਚੀ ਢੰਗ ਨਾਲ ਹਿਲਾਉਂਦਿਆਂ ਕਿਹਾ, "ਏਹ ਦੱਸ ਤੂੰ ਆਪਣੇ ਗਾਹਕਾਂ ਨਾਲ ਏਨਾ ਦਿਆਲੂ ਵਰਤਾਓ ਕਿਉਂ ਕਰਦੀ ਏਂ......? "

ਉਹ ਇਕ ਪਲ ਸੋਚਦੀ ਰਹੀ, ਫਿਰ ਕਹਿਣ ਲੱਗੀ, "ਪਹਿਲਾਂ ਮੈਂ ਤੁਹਾਨੂੰ ਇਹ ਗੱਲ ਦੱਸਾਂਗੀ ਕਿ ਗਾਹਕਾਂ ਨੇ ਮੇਰੀ ਸਹਾਇਤਾ ਕਿੱਦਾਂ ਕੀਤੀ।" "ਤੇਰੀ ਸਹਾਇਤਾ ਗਾਹਕਾਂ ਨੇ ਕੀਤੀ.......।"

"ਮੇਰੇ ਪੱਕੇ ਗਾਹਕਾਂ ਨੂੰ ਲਓ", ਉਹ ਬੋਲੀ, "ਇਕ ਅੱਧ-ਖੜ ਉਮਰ ਦੀ ਅਧਿਆਪਕਾ ਸੀ। ਉਸਦਾ ਚਿਹਰਾ ਚਾਦਰ ਵਰਗਾ ਉਦਾਸ ਰਹਿੰਦਾ ਸੀ। ਹਰ ਮਹੀਨੇ ਤਨਖਾਹ ਮਿਲਣ ਵਾਲੇ ਦਿਨ ਉਹ ਕੁਝ ਮਠਿਆਈ ਖ਼ਰੀਦਣ ਆਉਂਦੀ ਸੀ। ਪਰ ਇਕ ਮਹੀਨੇ ਆਈ ਨਾ। ਉਸਦੀ ਥਾਂ ਉਸਦੀ ਸੱਸ ਤੇ ਉਸਦੀ ਛੋਟੀ ਜਿਹੀ ਬੱਚੀ ਆਈਆਂ। ਹੰਝੂ ਕੇਰਦੀ ਉਸ ਬੁੱਢੀ ਇਸਤਰੀ ਨੇ ਮੈਨੂੰ ਦੱਸਿਆ ਕਿ ਉਹ ਆਪਣੇ ਅੱਠ ਵਰਗ ਗਜ਼ ਦੇ ਕਮਰੇ ਵਿਚ ਹਰ ਰਾਤ ਸਵੇਰੇ ਪੜ੍ਹਾਉਣ ਵਾਲੇ ਪਾਠ ਦੀ ਤਿਆਰੀ ਕਰਦੀ ਰਹਿੰਦੀ ਸੀ। ਉਸਦੀ ਤਨਖਾਹ ਬਹੁਤ ਘੱਟ ਸੀ। ਉਹ ਕੇਵਲ ਮੇਰੇ ਲਈ ਤੇ ਬੱਚਿਆਂ ਲਈ ਹੀ ਮਠਿਆਈ ਖਰੀਦਦੀ ਸੀ। ਹੁਣ ਉਹ 'ਹਾਈਪਗਲਾਈ ਸੀਮਿਆਂ' ਦੀ ਬੀਮਾਰੀ ਕਾਰਨ ਹਸਪਤਾਲ ਦਾਖ਼ਲ ਐ। ਇਸ ਲਈ ਮੈਂ ਉਸ ਲਈ ਮਠਿਆਈ ਖ਼ਰੀਦਣ ਆਈ ਆਂ। ਇਸ ਬੀਮਾਰੀ 'ਚ ਉਸ ਲਈ ਮਠਿਆਈ ਖਾਣੀ ਬਹੁਤ ਜ਼ਰੂਰੀ ਐ।"

ਉਸਨੇ ਅੱਗੇ ਦੱਸਿਆ , "ਇਕ ਬੁੱਢਾ ਮਜ਼ਦੂਰ ਹਰ ਰੋਜ਼ ਆਪਣੇ ਪੋਤਰੇ ਨਾਲ ਆਇਆ ਕਰਦਾ ਐ ਜੋ ਹਰ ਰੋਜ਼ ਚਾਕਲੇਟ ਹੀ ਖ਼ਰੀਦਦਾ ਐ। ਉਹ ਆਪਣੇ ਪੋਤਰੇ ਨੂੰ ਕਿਹਾ ਕਰਦਾ ਐ, ਤੂੰ ਚੰਗੇ ਭਾਗਾਂ ਨੂੰ ਚੰਗੇ ਵੇਲਿਆਂ 'ਚ ਪੈਦਾ ਹੋਇਆਂ। ਮੈਨੂੰ ਤਾਂ ਵੀਹ ਵਰ੍ਹੇ ਲੰਘ ਜਾਣ 'ਤੇ ਚਾਕਲੇਟ ਤਾਂ ਕੀ, ਕਦੇ ਮਠਿਆਈ ਵੀ ਨਹੀਂ ਸੀ ਜੁੜੀ। ਇਵੇਂ ਹੀ ਕਈ ਜੁਆਨ ਲੜਕੇ ਯੂਨੀਵਰਸਿਟੀ 'ਚ ਦਾਖਲ ਹੋਣ ਪਿੱਛੋਂ ਮਠਿਆਈ ਖਰੀਦਣ ਆਉਂਦੇ ਨੇ। ਜਿਹਨਾਂ ਨੂੰ ਦਾਖਲਾ ਨਹੀਂ ਮਿਲਦਾ ਉਹ ਕਹਿਣ ਆਉਂਦੇ ਆ, ਅਸੀਂ ਤੁਹਾਨੂੰ ਅਗਲੇ ਸਾਲ ਖੁਆਵਾਂਗੇ। ਇਸ ਵਰ੍ਹੇ ਦੋ ਹੋਰਾਂ ਨੂੰ ਦਾਖ਼ਲਾ ਮਿਲ ਗਿਆ। ਫਿਰ ਵੀ ਜਿਹੜਾ ਰਹਿ ਗਿਆ ਉਹਨੇ ਆਖਿਆ-ਅਗਲੇ ਸਾਲ ਤੁਸੀਂ ਮੈਥੋਂ ਮਠਿਆਈ ਜ਼ਰੂਰ ਖਾਇਓ।"

ਉਸਦੀਆਂ ਅੱਖਾਂ 'ਚ ਅੱਥਰੂ ਆ ਗਏ ਸਨ। "ਇਹਨਾਂ ਲੋਕਾਂ ਨੇ ਮੈਨੂੰ ਜ਼ਿੰਦਗੀ ਦੇ ਵਿਸ਼ੇ 'ਤੇ ਬਹੁਤ ਕੁਝ ਸਿਖਾਇਆ ਐ। ਇਹਨਾਂ ਵਰਗੇ ਸਾਧਾਰਨ ਲੋਕਾਂ ਦੀ ਸੇਵਾ ਕਰਦਿਆਂ ਮੈਨੂੰ ਬਹੁਤ ਖੁਸ਼ੀ ਹੁੰਦੀ ਐ।"

ਉਹ ਜਿਵੇਂ ਆਪਣੇ ਆਪ ਨਾਲ ਗੱਲਾਂ ਕਰੀ ਜਾ ਰਹੀ ਸੀ। ਫਿਰ ਉਹ ਖਿੜਕੀ ਤੋਂ ਬਾਹਰ ਝਾਕਣ ਲੱਗ ਪਈ। ਡੁੱਬਦੇ ਸੂਰਜ ਦੇ ਚਾਨਣ ਵਿਚ ਉਸਦੇ ਹੰਝੂ ਚਮਕ ਰਹੇ ਸਨ।

ਮੈਨੂੰ ਪਤਾ ਲੱਗ ਗਿਆ ਸੀ ਕਿ ਇਕਤੱਰਤਾ ਵਿਚ ਉਹ ਕਿਹੜੇ ਵਿਸ਼ੇ 'ਤੇ ਭਾਸ਼ਣ ਦੇਵੇਗੀ ਇਹ ਭਾਸ਼ਣ ਹੋਵੇਗਾ ਲੋਕਾਂ ਬਾਰੇ, ਜੀਵਨ ਬਾਰੇ, ਸੁੰਦਰਤਾ ਬਾਰੇ ਤੇ ਪਿਆਰ ਦੇ ਬਾਰੇ।

ਮੈਂ ਉਸਨੂੰ ਗਲਤ ਸਮਝਿਆ ਸੀ। ਆਪਣੀ ਕਠੋਰ ਮਨੋਵਿਰਤੀ ਅਤੇ ਸੰਕੀਰਨ ਵਿਚਾਰਾਂ ਨੂੰ ਚੇਤੇ ਕਰਕੇ ਮੈਂ ਬਹੁਤ ਸ਼ਰਮਸਾਰ ਹੋ ਗਈ।

"ਤੂੰ ਬਹੁਤ ਵਧੀਆ ਗੱਲ ਕੀਤੀ ਐ, ਧੰਨਵਾਦ ਤੇਰਾ", ਕਹਿੰਦਿਆਂ-ਕਹਿੰਦਿਆਂ ਮੇਰਾ ਗੱਚ

ਭਰਿਆ ਗਿਆ।

ਥੋੜਾ ਕੁ ਸ਼ਰਮਿੰਦੀ ਜਿਹੀ ਉਹ ਕਾਗਜ਼ ਦੇ ਇਕ ਟੁਕੜੇ 'ਤੇ ਕੁਝ ਸ਼ਬਦ ਝਰੀਟਣ ਲੱਗ ਪਈ। ਮੈਂ ਉਸ ਨੂੰ ਕਿਹਾ, "ਇਹ ਰਹਿਣ ਦੇ ਤੂੰ ਜਾਹ...।"

ਉਸਨੇ ਮੇਰੀ ਵੱਲ ਧੰਨਵਾਦੀ ਮੁਸਕਾਨ ਨਾਲ ਦੇਖਿਆ।

ਮੈਂ ਉਸਨੂੰ ਪੁੱਛਿਆ "ਕੀ ਮੈਂ ਤੇਰਾ ਨਾਟਕ ਦੇਖਣ ਆ ਸਕਦੀ ਆਂ......?" ਖੁਸ਼ੀ ਤੇ ਹੈਰਾਨੀ ਵਿਚ ਪੂਰੀ ਤਰ੍ਹਾਂ ਡੁੱਬੀ ਨੇ ਉਸਨੇ ਮੈਨੂੰ ਟਿਕਟਾਂ ਫੜਾ ਦਿੱਤੀਆਂ, " ਕੱਲ੍ਹ ਨੂੰ ਸਾਡਾ ਪਹਿਲਾ ਸ਼ੋਅ ਹੋਵੇਗਾ ਉਮੀਦ ਐ ਤੁਸੀਂ ਨਾਟਕ ਬਾਰੇ ਆਪਣੀ ਰਾਇ ਜ਼ਰੂਰ ਮੈਨੂੰ ਦੱਸੋਗੇ!"

"ਧੰਨਵਾਦ" ਮੈਂ ਉਸਨੂੰ ਦਰਵਾਜ਼ੇ ਤੱਕ ਤੋਰਨ ਆਈ। ਮੈਂ ਸ਼ਾਇਦ ਉਸਨੂੰ ਕੁਝ ਹੋਰ ਵੀ ਕਹਿਣਾ ਚਾਹੁੰਦੀ ਸਾਂ। ਪਰ ਮੈਂ ਉਸਨੂੰ ਕੇਵਲ ਏਨਾ ਹੀ ਪੁੱਛਿਆ, "ਤੂੰ ਹਮੇਸ਼ਾ ਏਨੀ ਖੁਸ਼ ਕਿਉਂ ਰਹਿੰਦੀ ਏ!"

ਉਹ ਇਕ ਪਲ ਲਈ ਚੁੱਪ ਰਹੀ ਫਿਰ ਹੱਸ ਪਈ, "ਮੈਨੂੰ ਨਈਂ ਪਤਾ ਉਂਝ ਜ਼ਿਦਗੀ ਮੈਨੂੰ ਬੜੀ ਮਿੱਠੀ ਤੇ ਪਿਆਰੀ ਲੱਗਦੀ ਐ!" ਉਹ ਚਲੀ ਗਈ। ਬਰਾਂਡੇ 'ਚ ਕਿਸੇ ਨੂੰ ਮਿਲ ਪੈਣ 'ਤੇ ਉਸ ਦਾ ਹਾਸਾ ਮੈਨੂੰ ਫਿਰ ਸੁਣਾਈ ਦਿੱਤਾ।

ਮੈਂ ਕਾਗਜ਼ ਦਾ ਉਹ ਟੁਕੜਾ ਚੁੱਕ ਲਿਆ। ਉਸ ਉੱਤੇ ਇਕ ਹਿਰਨ ਦਾ ਚਿੱਤਰ ਬਣਿਆ ਹੋਇਆ ਸੀ। ਜਿਸ ਦੇ ਸਿੰਗਾਂ 'ਤੇ ਗੁਲਾਬ ਦਾ ਇਕ ਫੁੱਲ ਤਾਜ ਵਾਂਗ ਸਜਿਆ ਹੋਇਆ ਸੀ।

ਮੇਰੇ ਮੂਹੋਂ ਸਹਿਵਾਨ ਨਿਕਲ ਗਿਆ, " ਜ਼ਿੰਦਗੀ ਬੜੀ ਮਿੱਠੀ ਲੱਗਦੀ ਐ। ਗੁਲਾਬੀ ਸੁਗੰਧਾਂ ਨਾਲ ਭੂਰੇ ਹਿਰਦੇ ਵਾਲਾ ਹਿਰਨ, ਸੰਸਾਰ ਵਿਚ ਦ੍ਰਿੜ ਕਦਮੀਂ ਚੁੰਗੀਆਂ ਭਰੇਗਾ.......।"

**ਪੰਜਾਬੀ ਅਨੁਵਾਦ : ਲਾਲ ਸਿੰਘ**

---

*ਨਜ਼ਮਾਂ* :

## ਜੋਗੋ ਭੰਗਲ

**1. ਗਲੋਬ**

ਮੇਰੇ ਸਾਹਮਣੇ ਗਲੋਬ ਹੈ
ਗਲੋਬ ਮੈਨੂੰ ਦਿਸ ਰਿਹਾ
ਇਕ ਗੋਲ ਤਲਾਬ
ਤਲਾਬ ਵਿਚ ਤੈਰ ਰਹੇ ਨੇ ਮੁਲਕ
ਸੱਪਾਂ, ਬਤਖਾਂ, ਮੁਰਗਾਬੀਆਂ, ਡੱਡੂਆਂ,
ਮੱਛਲੀਆਂ, ਮਗਰਮੱਛਾਂ ਵਾਂਗ
ਇਕ ਦੂਜੇ ਨੂੰ ਖਾਂਦੇ ਖਹਿੰਦੇ।
ਅਸੀਂ ਬੰਦ ਕਰ ਦਿੱਤਾ ਸੰਸਾਰ
ਜਿਉਂ ਇਕ ਤਲਾਬ ਵਿਚ।
ਸਿਰਫ ਮੁਲਕ ਦਿਸਦੇ ਨੇ
ਆਦਮੀ ਤਾਂ ਦਿਸਦਾ ਹੈ
ਸਿਰਫ ਕਿਸੇ ਖੁਰਦਬੀਨ ਨਾਲ ਮਸਾਂ।
ਫੈਲ-ਫੈਲ ਕੇ ਅਸੀਂ
ਐਸੇ ਸੁੰਗੜੇ
ਕਿ ਗਲੋਬਲ ਹੋਏ
ਸੰਸਾਰ ਇਕ ਕਮਰੇ 'ਚ ਬੰਦ ਕਰ ਲਿਆ
ਹੁਣ ਸੇਧ ਲਏ ਹਨ ਆਪਣੇ ਰਾਕਟ
ਬ੍ਰਹਿਮੰਡ ਵੱਲ।

**2. ਘੁਮਾਰ-ਕੀੜੇ**

ਲਾਲ ਪੀਲੇ
ਘੁਮਾਰ-ਕੀੜੇ
ਇਕ ਦੂਜੇ 'ਤੇ ਚੜ੍ਹੇ
ਇਕ ਦੀਵਾਰ ਜਿਹੀ ਉਸਰੀ।
ਬੱਚੇ ਆਉਂਦੇ
ਘੁਮਾਰ-ਘੁਮਾਰ ਕਹਿ ਛੇੜਦੇ
ਦੀਵਾਰ ਖਿਲਰ ਜਾਂਦੀ
ਖਿਲਰੇ-ਖਿਲਰੇ ਉਹ ਫਿਰ ਜੁੜਦੇ
ਜਿਵੇਂ ਇੱਟ-ਇੱਟ ਜੁੜ ਕੇ ਦੀਵਾਰ ਬਣਦੀ
ਉਹ ਛੇੜੀ ਜਾਂਦੇ
ਉਹ ਖਿਲਰੀ ਜਾਂਦੇ
ਮੁੜ-ਮੁੜ ਦੀਵਾਰ ਬਣੀ ਜਾਂਦੇ।
ਛੇੜ ਜਾਰੀ ਹੈ
ਉਸਾਰੀ ਜਾਰੀ ਹੈ।



*ਸਿਮ੍ਰਤੀਆਂ :*

# ਨਾਜ਼ਿਮ ਹਿਕਮਤ - ਮੁਕੱਦਮਾ-ਅਪੀਲਾਂ ਤੇ ਦਲੀਲਾਂ

*ਹਰਭਜਨ ਸਿੰਘ ਹੁੰਦਲ*

**1.**

ਇਹ ਵਰ੍ਹੇ ਸੰਸਾਰ ਪੱਧਰ 'ਤੇ ਫਾਸ਼ਿਜ਼ਮ ਦੀ ਚੜ੍ਹਤ ਦੇ ਵਰ੍ਹੇ ਸਨ ਤੇ ਨਾਜ਼ਿਮ ਅਤੇ ਉਸ ਦੇ ਸਾਥੀਆਂ ਨੂੰ ਦਿੱਤੀਆਂ ਗਈਆਂ ਲੰਮੀਆਂ ਸਜ਼ਾਵਾਂ ਕਮਿਊਨਿਸਟ ਘਿਰਣਾ ਦਾ ਸਪੱਸ਼ਟ ਸਿੱਟਾ ਸਨ। ਏਸੇ ਸਾਲ ਜਰਮਨੀ ਨੇ ਆਸਟਰੀਆ 'ਤੇ ਹਮਲਾ ਕਰਕੇ ਉਸਨੂੰ ਕਬਜ਼ੇ ਹੇਠ ਲੈ ਲਿਆ ਸੀ। ਇਹਨਾਂ ਘਟਨਾਵਾਂ ਦਾ ਪ੍ਰਭਾਵ ਫੌਜੀ ਲੀਡਰਸ਼ਿਪ 'ਤੇ ਵੀ ਪੈ ਰਿਹਾ ਸੀ। ਅਫਸਰਸ਼ਾਹੀ ਵਿਚ ਸਭ ਤੋਂ ਉੱਘਾ ਨਾਂ ਫੇਵਜੀ ਚਕਮਾਨ ਦਾਸੀ ਜਿਹੜਾ ਜਰਮਨੀ ਵਿਚੋਂ ਫੌਜੀ ਟਰੇਨਿੰਗ ਲੈ ਕੇ ਆਇਆ ਸੀ ਤੇ ਫੌਜ ਵਿਚ ਕਮਿਊਨਿਸਟਾਂ ਦੇ ਫੈਲਣ ਵਾਲੇ ਪ੍ਰਭਾਵਾਂ ਨੂੰ ਖਤਮ ਕਰ ਦੇਣਾ ਚਾਹੁੰਦਾ ਸੀ। ਇਹ 1925 ਵਿਚ ਫੌਜ ਦਾ ਚੀਫ਼-ਆਫ-ਬਣਿਆ ਸੀ ਤੇ 68 ਸਾਲ ਦੀ ਉਮਰ ਵਿਚ 1944 ਵਿਚ ਜਾ ਕੇ ਰਿਟਾਇਰ ਹੋਇਆ ਸੀ। ਉਸ ਦੇ ਮਨ ਵਿਚ ਫੌਜ ਵਿਚਲੇ ਅਨੁਸ਼ਾਸਨ ਦਾ ਸੰਕਲਪ ਪੂਰੀ ਤਰ੍ਹਾਂ ਜਰਮਨੀ ਫਾਸਿਸਟ ਸਟੇਜ਼ ਵਾਲਾ ਸੀ। ਅਜਿਹੀ ਅਫਸਰਸ਼ਾਹੀ ਦੇ ਹੁੰਦਿਆਂ, ਅਪੀਲਾਂ ਕਰਕੇ, ਇਨਸਾਫ ਪ੍ਰਾਪਤ ਕਰਨਾ ਸੰਭਵ ਹੀ ਨਹੀਂ ਸੀ।

ਹਾਲੀ ਨਾਜ਼ਿਮ ਤੇ ਉਸਦੇ ਹੋਰ ਸਾਥੀ ਸੈਨਿਕ ਜੇਲ੍ਹ ਵਿਚ ਹੀ ਸਨ। ਜੇਲ੍ਹ ਦੇ ਸਾਹ-ਘੁਟਵੇਂ ਮਾਹੌਲ ਵਿਚ ਦੋ ਗੱਲਾਂ ਮਨ ਨੂੰ ਕੁਝ ਸੁਖ ਦਾ ਸਾਹ ਦੇਣ ਵਾਲੀਆਂ ਸਨ। ਕਵਿਤਾਵਾਂ ਦੀ ਰਚਨਾ ਤੇ ਪਤਨੀ 'ਪਿਰਾਏ' ਦੇ ਪਿਆਰ-ਭਰੇ ਖ਼ਤ।

ਅਪੀਲ ਦੇ ਪਹਿਲੇ ਮਹੀਨਿਆਂ ਵਿਚ ਨਾਜ਼ਿਮ ਮਾਨਸਿਕ ਤੌਰ 'ਤੇ ਬੜਾ ਪ੍ਰੇਸ਼ਾਨ ਅਨੁਭਵ ਕਰ ਰਿਹਾ ਸੀ। ਉਸ ਨੂੰ ਰਾਤ ਸਮੇਂ ਬੜੇ ਭਿਆਨਕ ਸੁਪਨੇ ਆਉਂਦੇ ਤੇ ਉਹ ਚੀਕਾਂ ਮਾਰ ਕੇ ਉੱਠ ਖਲੋਂਦਾ। ਆਪਣੀਆਂ ਨਾੜੀਆਂ ਦੇ ਤਣਾਅ ਨੂੰ ਘੱਟ ਕਰਨ ਲਈ, ਉਸ ਨੇ ਚਿੱਤਰਕਾਰੀ ਸ਼ੁਰੂ ਕਰ ਦਿੱਤੀ। ਇਹਨਾਂ ਦਿਨਾਂ ਵਿਚ ਕੀਤੀ ਗਈ ਅਪੀਲ ਦਾ ਫੈਸਲਾ ਹੋਣ ਵਾਲਾ ਸੀ ਤੇ ਕੈਦੀ ਹਰ ਰੋਜ਼ ਕਿਸੇ ਚੰਗੀ ਖ਼ਬਰ ਦੀ ਉਡੀਕ ਵਿਚ ਸਨ, ਪਰ ਇਹ ਉਡੀਕ ਗਿਰਝਾਂ ਦੇ ਆਹਲਣਿਆਂ ਵਿੱਚੋਂ ਮਾਸ ਲੱਭਣ ਵਰਗੀ ਸੀ। ਅਖੀਰ 28 ਮਈ ਦਾ ਦਿਨ ਆ ਗਿਆ ਤੇ ਟੈਲੀਫੋਨ ਖੜਕਿਆ, ਤਿੰਨ ਕੈਦੀਆਂ ਦੇ ਮੁਕੱਦਮੇ ਤੇ ਨਜ਼ਰਸਾਨੀ ਕਰਨੀ ਮੰਨੀ ਗਈ ਪਰ. ਨਾਜ਼ਿਮ ਦੀ ਸਜ਼ਾ ਪਹਿਲਾਂ ਵਾਲੀ ਹੀ ਰਹੀ। ਨਾਜ਼ਿਮ ਨੇ ਇਹ ਖ਼ਬਰ ਸੁਣੀ ਤੇ ਹੈਰਾਨ ਰਹਿ ਗਿਆ।

ਪ੍ਰੇਸ਼ਾਨੀ ਦੀ ਹਾਲਤ ਵਿਚ ਨਾਜ਼ਿਮ ਦੀ ਮਾਂ ਤੇ ਪਤਨੀ ਦੇ ਖ਼ਤ ਉਸ ਨੂੰ ਢਾਰਸ ਦਿੰਦੇ। ਐਸੀ ਮਾਨਸਿਕ ਕਸ਼ਮਕਸ਼ ਵਿਚ ਉਸਨੇ ਆਪਣੀ ਪਤਨੀ ਨੂੰ ਤਲਾਕ ਦੇਣ ਤੇ ਉਸ ਨੂੰ ਨਵਾਂ ਜੀਵਨ ਆਰੰਭ ਕਰਨ ਦੀ ਸਲਾਹ ਦਿੱਤੀ। ਪਰ 'ਪਿਰਾਏ' ਦਾ ਉੱਤਰ ਸੀ "ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਜੇ ਤੈਨੂੰ 101 ਸਾਲ ਦੀ ਵੀ ਸਜ਼ਾ ਹੋ ਜਾਵੇ ਮੈਂ ਤੁਹਾਡੇ ਨਾਲ ਖੜ੍ਹੀ ਰਹਾਂਗੀ।"

ਨਾਜ਼ਿਮ ਨੂੰ ਹੁਣ ਸੈਨਿਕ ਜੇਲ੍ਹ ਤੋਂ ਸਿਵਿਲ ਜੇਲ੍ਹ ਵਿਚ ਤਬਦੀਲ ਕਰਕੇ ਇਸਤੇ ਬੋਲ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ ਤੇ ਉਸ ਦੀ ਜਾਨ ਹੁਣ ਅੱਗੇ ਨਾਲੋਂ ਕੁਝ ਸੌਖੀ ਹੋ ਗਈ ਸੀ। ਪਰ ਹਾਲੀ ਵੀ ਇਕ ਹੋਰ ਖਤਰਾ ਸਿਰ ਤੇ ਚੱਕਰ ਲਾ ਰਿਹਾ ਸੀ।

ਦੇਸ਼ ਵਿਚ ਸੈਨਿਕ ਅਧਿਕਾਰੀਆਂ ਦੀ ਅਗਵਾਈ ਚੀਫ਼-ਆਫ ਆਰਮੀ ਤੇ ਨੇਵੀ ਫੇਵਜੀ ਚਕਮਾਨ ਕਰ ਰਿਹਾ ਸੀ। ਉਸ ਨੇ ਕਮਿਊਨਿਸਟ ਵਿਚਾਰਾਂ ਵਾਲੇ ਬੁੱਧੀਜੀਵੀਆਂ ਦੀ ਤਲਾਸ਼ ਲਈ ਨਵੇਂ ਹੁਕਮ ਜਾਰੀ ਕਰ ਦਿੱਤੇ। ਕਾਨੂੰਨ ਧਾਰਾ ਦੀ 141 ਤੇ 142 ਨੂੰ ਬਦਲ ਕੇ ਸਮਾਜਵਾਦੀ ਵਿਚਾਰ ਰੱਖਣੇ ਫੌਜਦਾਰੀ, ਜੁਰਮ ਕਰਾਰ ਦੇ ਦਿੱਤਾ। ਇਸਤੰਬੋਲ ਦੀ ਜੇਲ੍ਹ ਤੋਂ ਸਮੁੰਦਰੀ ਕਿਸ਼ਤੀ ਰਾਹੀਂ ਨਾਜ਼ਿਮ ਨੂੰ ਮਾਰਮਾਰ ਦੇ ਸਾਗਰ ਵਿਚ ਖਲੋਤੇ ਸਮੁੰਦਰੀ ਜਹਾਜ਼ ਜ਼ਾਵੂਜ (Yawuz) ਵਿਚ ਲਿਆ ਡੱਕਿਆ ਤੇ ਜਹਾਜ਼ ਦੇ ਹੇਠਲੇ ਹਿੱਸੇ ਵਿਚ ਉਸ ਜਗ੍ਹਾ ਕੈਦ ਕਰ ਦਿੱਤਾ ਜਿੱਥੇ ਸੂਰ ਤਾੜੇ ਜਾਂਦੇ ਸਨ। ਉਹ ਤਹਿਖਾਨਾ ਪਾਣੀ ਦੀ ਤਹਿ ਦੇ ਹੇਠਾਂ ਸੀ, ਜਿੱਥੋਂ ਨਾ ਹਵਾ ਤੇ ਨਾ ਰੌਸ਼ਨੀ ਜਾਂਦੀ ਸੀ। ਜਹਾਜ਼ ਕੈਦੀਆਂ ਨਾਲ ਤੂੜਿਆ ਪਿਆ ਸੀ। ਇਸ ਜਹਾਜ਼ ਦੇ ਭਰ ਜਾਣ 'ਤੇ ਇਕ ਹੋਰ ਜਹਾਜ਼ ਇਰਕਿਨ (Erkin) ਵੀ ਲਾਗੇ ਲੈ ਆਂਦਾ ਗਿਆ। ਏਥੇ ਹੀ ਅਦਾਲਤ ਲੱਗਦੀ ਸੀ। ਤਸੀਹੇ ਦੇ ਕੇ ਹਰ ਸ਼ੱਕੀ ਦੋਸ਼ੀ ਨੂੰ ਕੁਝ ਵੀ ਮਨਾਇਆ ਜਾ ਸਕਦਾ ਸੀ। ਹੁਣ ਇਨਸਾਫ਼ ਧਰਤੀ 'ਤੇ ਨਹੀ, ਸਮੁੰਦਰ ਵਿਚ ਹੋ ਰਿਹਾ ਸੀ। ਅਤੇ ਜਲ -ਸੈਨਾ, ਰਾਜਸੀ ਕੰਟਰੋਲ ਤੋਂ ਮੁਕਤ ਹੋ ਕੇ ਮਨਮਾਨੀਆਂ ਕਰ ਰਹੀ ਸੀ।

ਫ਼ੌਜੀਆਂ ਨਾਲ ਕੀਤੇ ਜਾਂਦੇ ਦੁਰ-ਵਿਹਾਰ ਬਾਰੇ ਕਵੀ ਨਾਜ਼ਿਮ ਨੇ, ਚਿੱਲੀ ਦੇ ਆਪਣੇ ਮਿੱਤਰ ਕਵੀ ਨਾਲ ਕਈ ਸਾਲ ਬਾਅਦ ਗੁਫਤਗੂ ਕਰਦਿਆਂ ਲਿਖਿਆ ਸੀ।

"ਤੁਰਕੀ ਦੀ ਜਲ-ਸੈਨਾ ਨੂੰ ਭੜਕਾਉਣ ਦੇ ਦੋਸ਼ ਹੇਠ ਨਾਜ਼ਿਮ ਨੂੰ ਸਾਰੀਆਂ ਨਰਕੀ ਸਜ਼ਾਵਾਂ ਤੇ ਕਸ਼ਟ ਦਿੱਤੇ ਗਏ। ਉਸਦਾ ਮੁਕੱਦਮਾ ਇਕ ਜੰਗੀ ਸਮੁੰਦਰੀ ਜਹਾਜ਼ ਵਿਚ ਚੱਲਿਆ। ਉਸ ਨੇ ਮੈਨੂੰ ਦੱਸਿਆ ਕਿ ਕਿਵੇਂ ਉਸ ਨੂੰ ਡੈਕ ਉੱਤੇ ਉਦੋਂ ਤੀਕ ਤੁਰਨ ਲਈ ਮਜਬੂਰ ਕੀਤਾ ਜਾਂਦਾ ਸੀ, ਜਦੋਂ ਤੀਕ ਉਹ ਥੱਕ ਕੇ ਚੂਰ ਨਹੀਂ ਸੀ ਹੋ ਜਾਂਦਾ। ਫੇਰ ਉਸਨੂੰ ਹੇਠਲੇ ਤਹਿਖਾਨੇ ਵਿਚ ਡੱਕ ਦਿੱਤਾ ਜਾਂਦਾ, ਜਿੱਥੇ ਮਨੁੱਖੀ ਗੰਦਗੀ ਇੱਕ ਮੀਟਰ ਡੂੰਘੀ ਹੁੰਦੀ ਸੀ। ਮੁਸ਼ਕ ਨਾਲ ਉਹਦਾ ਸਿਰ ਚਕਰਾਉਣ ਲੱਗਦਾ। ਇਹ ਤ੍ਰੈਹ ਸਮਾਂ ਸੀ, ਜਦੋਂ ਉਹ ਆਪਣੇ ਆਪ ਨੂੰ ਆਖਦਾ, "ਕਾਤਲ ਮੇਰੇ ਤੇ ਅੱਖ ਰੱਖ ਰਹੇ ਹਨ। ਉਹ ਮੈਨੂੰ ਡਿਗਦਾ ਵੇਖਣਾ ਚਾਹੁੰਦੇ ਨੇ, ਉਹ ਮੇਰੀਆਂ ਤਕਲੀਫਾਂ ਵੇਖਣਾ ਚਾਹੁੰਦੇ ਹਨ। ਮਾਣ ਨਾਲ ਉਸ ਦੀ ਸ਼ਕਤੀ ਵਾਪਸ ਪਰਤ ਆਉਂਦੀ। ਉਹ ਗਾਉਣ ਲੱਗਦਾ। ਉਹ ਸਾਰੀਆਂ ਪਿਆਰ ਕਵਿਤਾਵਾਂ ਜੋ ਉਸ ਨੂੰ ਯਾਦ ਸਨ। ਉਸ ਦੀਆਂ ਆਪਣੀਆਂ ਕਵਿਤਾਵਾਂ ਕਿਸਾਨਾਂ ਦੀਆਂ ਵਾਰਾਂ ਤੇ ਆਪ ਲੋਕਾਂ ਦੇ ਜੰਗ ਨਾਲ ਸਬੰਧਤ ਗੀਤ। ਉਸ ਨੂੰ ਜੋ ਕੁਝ ਵੀ ਪਤਾ ਸੀ, ਉਹ ਗਾਉਂਦਾ। ਇਸ ਤਰ੍ਹਾਂ ਉਸ ਨੇ ਆਪਣੇ ਤਸੀਹੇ ਦੇਣਵਾਲਿਆਂ ਅਤੇ ਗੰਦਗੀ ਤੇ ਜਿੱਤ ਪ੍ਰਾਪਤ ਕੀਤੀ"

(ਪਾਬਲੋ ਨੇਰੂਦਾ ਜੀਵਨ-ਯਾਦਾਂ,ਪੰਜਾਬੀ ਅਨੁਵਾਦ ਪੰਨਾ-189)

ਕਵਿਤਾ ਨੇ ਉਸ ਦੇ ਮਨੋਬਲ ਨੂੰ ਅਵੱਸ਼ ਤਕੜਾ ਕੀਤਾ ਹੋਵੇਗਾ, ਪਰ ਗਲਤ ਦੂਸ਼ਣਾਂ ਦੇ ਆਧਾਰ 'ਤੇ ਲੰਮੀ ਕੈਦ ਦੀ ਸਜ਼ਾ ਦੇ ਦੇਣਾ ਕਿਸੇ ਵੀ ਤਰ੍ਹਾਂ ਯੋਗ ਨਹੀਂ ਸੀ ਕਿਹਾ ਜਾ ਸਕਦਾ।

ਜਹਾਜ਼ ਸਮੁੰਦਰ ਵਿਚ ਅੱਗੇ ਪਿੱਛੇ ਹੁੰਦੇ ਰਹਿੰਦੇ ਸਨ ਤੇ ਉਹਨਾਂ ਨੂੰ ਲੱਭਣਾ ਸੌਖਾ ਨਹੀਂ ਸੀ ਹੁੰਦਾ, ਇਕ ਵਾਰ ਨਾਜ਼ਿਮ ਦੀ ਮਾਂ ਨੇ, ਆਪਣੀ ਪੁਰਾਣੀ ਖਾਨਦਾਨੀ ਸ਼ੋਹਰਤ ਵਰਤ ਕੇ ਨਾਜ਼ਿਮ ਨਾਲ ਸਮੁੰਦਰੀ ਵਿਚ ਮੁਲਾਕਾਤ ਦੀ ਕੋਸ਼ਿਸ਼ ਕੀਤੀ ਸੀ। ਪਰ ਕਾਰਜ ਬੜਾ ਲੰਮਾ ਤੇ ਕਠਨ ਸੀ। ਨਾਜ਼ਿਮ ਨੇ ਆਪਣੀ ਪਤਨੀ ਨੂੰ ਚਿੱਠੀ ਵਿਚ ਲਿਖਦਿਆਂ ਉਹਨਾਂ ਜੀਵਨ ਹਾਲਤਾਂ ਦਾ ਜ਼ਿਕਰ ਕੀਤਾ, ਜਿਹਨਾਂ ਵਿਚ ਦੀ ਉਸ ਨੂੰ ਲੰਘਣਾ ਪੈ ਰਿਹਾ ਸੀ, "ਮੈਂ ਆਪਣੇ ਦਿਨ ਇਕੱਲਾ-ਕਾਰਾ ਗੁਜ਼ਾਰਦਾ ਹਾਂ। ਜਹਾਜ਼ ਦੇ ਨਿੱਕੇ ਭਾਗ ਵਿਚਲੀ ਇੱਕ ਮੋਰੀ ਥਾਣੀ ਬਾਹਰ ਵੇਖਦਾ ਰਹਿੰਦਾ ਤੇ ਇਹ ਆਸ ਕਰਦਾ ਹੋਇਆ ਕਿ ਰਾਤ ਪਵੇਗੀ ਤੇ ਮੈਂ ਤੇਰੇ ਬਾਰੇ ਸੁਪਨਾ ਲੈ ਸਕਾਂਗਾ।"

ਜਲ-ਸੈਨਾ ਦਾ ਮੁਕੱਦਮਾ 10 ਅਗਸਤ ਨੂੰ ਸ਼ੁਰੂ ਹੋਇਆ ਤੇ 19 ਦਿਨ ਚਲਦਾ ਰਿਹਾ। ਦੋਸ਼ੀਆਂ ਦੀ ਗਿਣਤੀ 30 ਸੀ। ਇੱਕ ਫੌਜੀ ਬਰਗੇਡੀਅਰ ਤੇ ਇੱਕ ਜੱਜ ਕੇਸ ਨੂੰ ਸੁਣ ਰਹੇ ਸਨ। ਹੈਰਾਨੀ ਹੁੰਦੀ ਹੈ ਇਹ ਪੜ੍ਹ ਕੇ ਕਿ ਜਿਹੜੀਆਂ ਕਿਤਾਬਾਂ ਤੁਰਕੀ ਦੇ ਬੁੱਕ ਸਟਾਲਾਂ ਉੱਤੇ ਵਿਕ ਰਹੀਆਂ ਸਨ ਅਤੇ ਜਿਹਨਾਂ ਉੱਤੇ ਸਰਕਾਰ ਨੇ ਕੋਈ ਪਾਬੰਦੀ ਨਹੀਂ ਸੀ ਲਾਈ ਹੋਈ। ਉਹਨਾਂ ਨੂੰ ਪੜ੍ਹਨ ਤੇ ਰੱਖਣ ਦੇ ਦੋਸ਼ ਹੇਠ ਮੁਕੱਦਮਾ ਚਲਾਇਆ ਜਾ ਰਿਹਾ ਸੀ ਤੇ ਜੱਜ ਕਹਿ ਰਿਹਾ ਸੀ, "ਸੱਪ ਦਾ ਸਿਰ ਉਦੋਂ ਹੀ ਫੇਹ ਦੇਣਾ ਚਾਹੀਦਾ ਹੈ, ਜਦੋਂ ਉਹ ਨਿੱਕਾ ਹੀ ਹੋਵੇ", ਨਾਲ ਹੀ ਉਸਨੇ ਕਿਹਾ ,"ਅਸੀਂ ਬੇਵਕੂਫ ਨਹੀਂ ਕਿ ਇਸ ਕੇਸ ਵਿਚ ਸਬੂਤ ਲੱਭਦੇ ਫਿਰੀਏ, ਜੇ ਉਹਨਾਂ ਹਾਲੀ ਕੋਈ ਗੁਨਾਹ ਨਹੀਂ ਕੀਤਾ ਤਾਂ ਉਹ ਅਵੱਸ਼ ਹੀ ਭਵਿੱਖ ਵਿਚ ਅਜਿਹਾ ਕਰਨਗੇ ਮੁਕੱਦਮੇ ਦੀ ਹੁੰਦੀ ਅਜਿਹੀ ਕਾਰਵਾਈ ਵੇਖ ਕੇ ਬਰਗੇਡੀਅਰ ਗੋਕਡੀਨਜ਼ੀਰਨ ਨੇ ਕਿਹਾ, "ਤੁਸੀਂ ਉਹਨਾਂ ਨੌਜਵਾਨਾਂ ਨੂੰ ਬਰਬਾਦ ਕਰ ਰਹੇ ਹੋ। ਉਹਨਾਂ ਨੇ ਜਲ-ਸੈਨਾ ਨੂੰ ਨੁਕਸਾਨ ਪਹੁੰਚਾਣ ਲਈ ਕੁਝ ਨਹੀਂ ਕੀਤਾ। ਪਰ ਜੋ ਕੁਝ ਤੁਸੀਂ ਕਰ ਰਹੇ ਹੋ,ਉਹ ਜਲ-ਸੈਨਾ ਦਾ ਨੁਕਸਾਨ ਕਰਨ ਵਾਲਾ ਕੰਮ ਹੈ।"

ਨਤੀਜਾ ਇਹ ਹੋਇਆ ਕਿ ਇਸ ਸੈਨਿਕ ਅਫਸਰ ਨੂੰ ਬਦਲ ਕੇ ਇਕ ਹੋਰ ਨੂੰ ਲਾ ਦਿੱਤਾ ਗਿਆ ਜੋ ਵਧੇਰੇ ਨਿਰਦਈ ਸਮਝਿਆ ਜਾਂਦਾ ਸੀ। ਜਲ-ਸੈਨਾ ਵਾਲੇ ਕੇਸ ਵਿਚ ਨਾਜ਼ਿਮ ਦੇ ਵਿਰੁੱਧ ਸੈਨਾ ਨੂੰ ਭੜਕਾਉਣ ਦਾ ਕੋਈ ਵੀ ਸਬੂਤ ਨਹੀਂ ਸੀ, ਪਰ ਉਸ ਨੂੰ ਸੰਭਾਵੀ ਬਗਾਵਤ ਦੇ ਦੋਸ਼ ਅਧੀਨ ਦੋਸ਼ੀ ਮੰਨ ਲਿਆ ਗਿਆ।

ਉੱਚੇ ਅਹੁਦਿਆਂ 'ਤੇ ਲੱਗੇ ਅਜਿਹੇ ਕਈ ਅਫਸਰ ਤੇ ਵਜ਼ੀਰ ਸਨ ਜੋ ਸਮਝਦੇ ਸਨ ਕਿ ਇੱਕ ਚੰਗੇ ਕਵੀ ਨਾਲ ਸੈਨਿਕ ਅਫਸਰਾਂ ਵੱਲੋਂ ਧੱਕਾ ਕੀਤਾ ਜਾ ਰਿਹਾ ਸੀ, ਪਰ ਅਜਿਹੇ ਸ਼ੁੱਭ-ਚਿੰਤਕ ਹਾਲਾਤ ਦੇ ਕਹਿਰ ਦਾ ਸ਼ਿਕਾਰ ਸਨ ਤੇ ਕੁਝ ਵੀ ਕਰਨੋਂ ਅਸਮਰੱਥ ਸਨ। ਗ੍ਰਹਿ -ਵਿਭਾਗ ਦੇ ਵਜ਼ੀਰ ਨੇ ਦੋਸਤਾਂ ਰਾਹੀਂ ਸੁਝਾਅ ਭੇਜਿਆ ਕਿ ਨਾਜ਼ਿਮ ਨੂੰ ਆਪਣੀ ਰਹਿਮ ਦੀ ਅਪੀਲ ਸਿੱਧੀ ਰਾਸ਼ਟਰਪਤੀ ਨੂੰ ਭੇਜਣੀ



ਚਾਹੀਦੀ ਹੈ। ਨਾਜ਼ਿਮ ਦਾ ਵਿਚਾਰ ਸੀ ਉਹ ਦਾਨ ਨਹੀਂ ਮੰਗਦਾ। ਇਨਸਾਫ਼ ਦੀ ਮੰਗ ਕਰਦਾ ਹੈ। ਮੁਕੱਦਮੇ ਤੋਂ ਇੰਝ ਪ੍ਰਤੀਤ ਹੁੰਦਾ ਸੀ ਕਿ ਨਾਜ਼ਿਮ ਦੀ ਸਜ਼ਾ ਘੱਟ ਦੀ ਥਾਂ ਹੋਰ ਵਧ ਸਕਦੀ ਹੈ। ਰਾਸ਼ਟਰਪਤੀ ਇਹਨਾਂ ਦਿਨਾਂ ਵਿਚ ਬੀਮਾਰ ਸੀ, ਪਰ ਫੇਰ ਵੀ ਦੋਸਤਾਂ ਦੇ ਆਖਣ 'ਤੇ ਜੋ ਅਪੀਲ ਨਾਜ਼ਿਮ ਨੇ ਲਿਖ ਭੇਜੀ, ਉਹ ਇਸ ਤਰ੍ਹਾਂ ਸੀ। "ਫੌਜ ਨੂੰ ਬਗ਼ਾਵਤ ਲਈ ਭੜਕਾਉਣ ਦੇ ਦੋਸ਼ ਹੇਠ ਮੈਨੂੰ ਪੰਦਰਾਂ ਸਾਲ ਕੈਦ ਦੀ ਸਜ਼ਾ ਸੁਣਾਈ ਗਈ, ਹੁਣ ਮੇਰੇ ਉੱਤੇ ਨੇਵੀ ਨੂੰ ਭੜਕਾਉਣ ਦਾ ਦੋਸ਼ ਲਾਇਆ ਜਾ ਰਿਹਾ ਹੈ।

ਮੈ ਤੁਰਕੀ ਕਰਾਂਤੀ ਦੀ ਅਤੇ ਤੁਹਾਡੇ ਨਾਂ ਦੀ ਸਹੁੰ ਖਾ ਕੇ ਆਖਦਾ ਹਾਂ ਕਿ ਮੈਂ ਬੇਗੁਨਾਹ ਹਾਂ।

ਮੈਂ ਫੌਜ ਨੂੰ ਬਗਾਵਤ ਲਈ ਨਹੀਂ ਉਕਸਾਇਆ। ਮੈਂ ਅੰਨ੍ਹਾ ਨਹੀਂ ਹਾਂ ਮੈਂ ਹਰ ਉਸ ਕਦਮ ਦੀ ਪ੍ਰਸੰਸਾ ਕਰਦਾ ਹਾਂ ਜੋ ਤੁਸੀਂ ਤਰੱਕੀ ਲਈ ਚੁੱਕਦੇ ਹੋ. ਮੇਰਾ ਵੀ ਦਿਲ ਹੈ ਜੋ ਆਪਣੇ ਦੇਸ਼ ਨੂੰ ਪਿਆਰ ਕਰਦਾ ਹੈ।

ਮੈਂ ਤੁਰਕੀ ਭਾਸ਼ਾ ਦਾ ਕਵੀ ਹਾਂ, ਜਿਹੜਾ ਤੁਹਾਡੇ ਅਤੇ ਤੁਹਾਡੇ ਕੰਮ ਵਿਚ ਯਕੀਨ ਰੱਖਦਾ ਹਾਂ।

ਮੈਂ ਕੇਮਲਵਾਦ ਅਤੇ ਤੁਹਾਡੇ ਕੋਲੋਂ ਇਨਸਾਫ ਦੀ ਮੰਗ ਕਰਦਾ ਹਾਂ

ਮੈਂ ਤੁਰਕੀ ਦੇ ਇਨਕਲਾਬ ਤੇ ਤੁਹਾਡੇ ਨਾਂ ਦੀ ਸਹੁੰ ਖਾ ਕੇ ਆਖਦਾ ਹਾਂ ਕਿ ਮੈਂ ਬੇਗੁਨਾਹ ਹਾਂ।"

ਪਰ ਇਸ ਖ਼ਤ ਦਾ ਵੀ ਕੋਈ ਅਸਰ ਨਹੀਂ ਸੀ ਹੋਣਾ ਕਿਉਂਕਿ ਸੱਜ-ਪਿਛਾਖੜੀ ਤਾਕਤਾਂ ਤੇ ਸੈਨਾ ਦੇ ਉੱਚ ਅਧਿਕਾਰੀ ਨਾਜ਼ਿਮ ਦੇ ਕੇਸ ਵਿਚ ਕੋਈ ਵੀ ਨਰਮਾਈ ਵਰਤੇ ਜਾਣ ਦੇ ਵਿਰੁੱਧ ਸਨ। ਨਾਲ ਹੀ ਨਵੰਬਰ ਵਿਚ ਰਾਸ਼ਟਰਪਤੀ ਦੀ ਮੌਤ ਹੋ ਗਈ ਤੇ ਰਹਿੰਦੀ ਖੂੰਹਦੀ ਆਸ ਵੀ ਖਤਮ ਹੋ ਗਈ।

ਮੁਕੱਦਮੇ ਦੇ ਫੈਸਲੇ ਦੀ ਤਾਰੀਖ ਨੇੜੇ ਆ ਗਈ ਸੀ। ਫੈਸਲੇ ਦੇ ਅਨੁਸਾਰ ਵਧੇਰੇ ਦੋਸ਼ੀ ਰਿਹਾਅ ਕਰ ਦਿੱਤੇ ਗਏ ਪਰ 12 ਜਣਿਆਂ ਨੂੰ ਲੰਮੀਆਂ ਸਜ਼ਾਵਾਂ ਸੁਣਾਈਆਂ ਗਈਆਂ। ਨਾਜ਼ਿਮ ਨੂੰ ਸੁਣਾਈ ਕੈਦ ਏਨੀ ਲੰਮੀ ਅਤੇ ਸਖਤ ਸੀ ਕਿ ਪੜ੍ਹ ਕੇ ਹੈਰਾਨੀ ਹੁੰਦੀ ਹੈ। ਇਹ ਸਜ਼ਾ ਤੁਰਕੀ ਦੇ ਸਭ ਤੋਂ ਪ੍ਰਤਿਭਾਸ਼ੀਲ ਕਵੀ ਨੂੰ ਸਦਾ ਲਈ ਚੁੱਪ ਕਰਾਉਣ ਲਈ ਦਿੱਤੀ ਗਈ ਸੀ। ਉਸ ਨੂੰ 20 ਸਾਲ ਦੀ ਨਵੀਂ ਸਜ਼ਾ ਸੁਣਾਈ ਗਈ। "ਉਸ ਦੀ ਪਿਛਲੀ ਸਜ਼ਾ ਤੋਂ ਸਪੱਸ਼ਟ ਹੈ ਕਿ ਉਹ ਕਮਿਊਨਿਸਟ ਹੈ ਅਤੇ ਰਾਜ ਦੀ ਸੁਰੱਖਿਆ ਲਈ ਖਤਰਾ ਹੈ। ਇਸ ਲਈ ਸਜ਼ਾ ਵਧਾ ਕੇ ਅਠਾਈ ਸਾਲ ਚਾਰ ਮਹੀਨੇ ਕੀਤੀ ਜਾਂਦੀ ਹੈ।" ਝੂਠੇ ਸਬੂਤਾਂ ਦੇ ਅਧਾਰ ਤੇ ਉਸਾਰੇ ਇਸ ਨਾਟਕੀ ਭਾਂਤ ਦੇ ਮੁਕੱਦਮੇ ਅਤੇ ਸੁਣਾਈ ਸਜ਼ਾ ਤੋਂ, ਸਪੱਸ਼ਟ ਹੋ ਗਿਆ ਸੀ ਕਿ ਤੁਰਕੀ ਵਿਚ ਕਿਸੇ ਅਪੀਲ ਤੇ ਦਲੀਲ ਦਾ ਕੋਈ ਮਹੱਤਵ ਨਹੀਂ ਰਹਿ ਗਿਆ ਸੀ। ਇਸ ਸਥਿਤੀ ਵਿਚ ਅਪੀਲ ਕਰਨ ਦਾ ਕੋਈ ਮਤਲਬ ਹੀ ਨਹੀਂ ਸੀ।

31 ਅਗਸਤ 1938 ਨੂੰ ਕੈਦੀਆਂ ਨੂੰ ਜਹਾਜ਼ ਵਿਚੋਂ ਤਬਦੀਲ ਕਰਕੇ ਇਸਤੰਬੋਲ ਦੀ ਸੁਲਤਾਨ-ਅਹਿਮਤ ਜੇਲ੍ਹ ਵਿਚ ਭੇਜ ਦਿੱਤਾ ਗਿਆ।

ਤੁਰਕੀ ਦੇ ਹੋਣਹਾਰ ਕਵੀ ਨੇ ਹੁਣ ਕਈ ਸਾਲ ਜੇਲ੍ਹ ਦੇ ਕਸ਼ਟ ਝੱਲਣੇ ਸਨ। ਸ਼ਾਇਦ ਇਸ ਲੰਮੀ ਕੈਦ ਨੇ ਹੀ ਉਸ ਦੀ ਕਵਿਤਾ ਤੇ ਪਸਿੱਧੀ ਨੂੰ ਦੁਨੀਆ ਦੇ ਕਈ ਦੇਸ਼ਾਂ ਤਕ ਲੈ ਜਾਣ ਦਾ ਕਾਰਨ ਬਣਨਾ ਸੀ। ਪਰ ਕਿੰਨਾ ਵੱਡਾ ਮੁੱਲ ਤਾਰ ਕੇ ਇਹ ਵਿਸ਼ਵ ਪ੍ਰਸਿੱਧੀ ਪ੍ਰਾਪਤ ਹੋਣੀ ਸੀ।

## *2. ਕੈਦ ਦੀ ਲੰਮੀ ਸੁਰੰਗ*

ਅਠਾਈ ਸਾਲ ਚਾਰ ਮਹੀਨੇ ਦੀ ਕੈਦ! ਸੁਣ ਕੇ ਹੈਰਾਨੀ ਹੁੰਦੀ ਹੈ। ਪੰਜਾਬ ਦੇ ਸਿਆਣੇ ਅਜਿਹੀ ਅਸਚਰਜ ਤੇ ਹੌਲਨਾਕ ਗੱਲ ਨੂੰ ਸੁਣ ਕੇ ਆਖਦੇ ਨੇ, '28 ਸਾਲ ਕਹਿਣ ਦੀਆਂ ਗੱਲਾਂ ਹਨ। ਕੱਟਣੀ ਪਵੇ ਤਾਂ ਪਤਾ ਲੱਗੇ'। ਤਾਂ ਹੀ ਤਾਂ ਧਨੀ ਰਾਮ ਚਾਤ੍ਰਿਕ ਨੇ ਆਖਿਆ ਸੀ।

ਬੰਦੀ-ਜਨ ਦੇ ਹਲਵੇ ਨਾਲੋਂ
ਟੁਕੜੇ ਭਲੇ ਫਕੀਰਾਂ ਦੇ!

ਕਦੋਂ ਮੁੱਕੇਗੀ ਏਨੀ ਲੰਮੀ ਕੈਦ! ਸੁਣ ਤੇ ਸੋਚ ਕੇ ਕਲੇਜਾ ਮੂੰਹ ਨੂੰ ਆਉਂਦਾ ਹੈ। ਨਾਜ਼ਿਮ ਨੇ ਏਨੀ ਲੰਮੀ ਕੈਦ ਸੁਣ ਕੇ ਕਿਹਾ ਸੀ, "ਬਵੰਜਾ ਸਾਲ ਦਾ ਬੁੱਢਾ! ਲੂਲਾ-ਲੰਗੜਾ ਤੇ ਦਿਮਾਗ ਮੁਰਦਾ।"

ਨਾਜ਼ਿਮ ਦੀ ਖੁਸ਼ ਕਿਸਮਤੀ ਕਿ ਨਵੀਂ ਜੇਲ੍ਹ ਵਿਚ ਉਸ ਦਾ ਕਮਰਾ ਲੇਖਕ-ਮਿੱਤਰ ਕੋਮਲ ਤਾਹੀਰ (Komal Tahir) ਨਾਲ ਸਾਂਝਾ ਸੀ। ਤਾਹੀਰ ਨੂੰ 15 ਸਾਲ ਕੈਦ ਦੀ ਸਜ਼ਾ ਹੋਈ ਸੀ। ਰਾਤ ਨੂੰ ਆਪਣੀਆਂ ਤਲਾਈਆਂ ਹੇਠ ਵਿਛਾ, ਕਿਤਾਬਾਂ ਪੜ੍ਹਦੇ, ਵਿਚਰਦੇ ਤੇ ਆਪਣੀਆਂ ਪਤਨੀਆਂ ਦੇ ਆਏ ਖਤਾਂ ਨੂੰ ਬਾਰ ਬਾਰ ਪੜ੍ਹਦੇ ਰਹਿੰਦੇ।

ਜੇਲ੍ਹ ਵਿਚ ਵੀ ਬਾਹਰਲੇ ਜੀਵਨ ਵਾਲੇ ਅਮੀਰੀ ਗਰੀਬੀ ਦੇ ਪਾੜੇ ਕਾਇਮ ਸਨ। ਕੁਝ ਕੈਦੀ ਅੰਨ੍ਹੇ-ਵਾਹ ਜੂਆ ਖੇਡਦੇ ਆਪਣਾ ਸਭ ਕੁਝ ਦਾਅ 'ਤੇ ਲਾ ਦਿੰਦੇ। ਕਈ ਵਾਰ ਬਿਸਤਰੇ ਤੇ ਕੱਪੜੇ ਵੀ ਤੇ ਅਖੀਰ ਨੰਗ-ਧੜੰਗੇ ਫਰਸ਼ 'ਤੇ ਸੌਂ ਜਾਂਦੇ। ਅਮੀਰ ਕੈਦੀ ਸੋਹਣੀਆਂ ਦਰੀਆਂ ਤੇ ਬਿਸਤਰੇ ਵਿਛਾ ਕੇ ਆਪਣੀ ਅਮੀਰੀ ਦਾ ਦਿਖਾਵਾ ਕਰਦੇ।

ਰਾਸ਼ਟਰਪਤੀ 31 ਤੁਰਕ ਦੀ 10 ਨਵੰਬਰ 1938 ਦੀ ਹੋਈ ਮੌਤ ਨੇ ਆਮ ਰਿਹਾਈ ਦੀ ਹਲਕੀ ਜਹੀ ਆਸ ਬੰਨ੍ਹਾਈ ਪਰ ਨਿਸਫਲ। ਅਖੀਰ ਇਕ ਰਾਹ ਕੱਢਿਆ ਗਿਆ ਬਾਹਰ ਦੀ ਹਵਾ ਖਾਣ ਦਾ। ਡਾਕਟਰਾਂ ਨਾਲ ਮਿਲ ਕੇ ਕਿਸੇ ਬੀਮਾਰ ਕੈਦੀ ਦਾ ਥੁੱਕ ਟੈਸਟ ਲਈ ਭੇਜ, ਬੀਮਾਰੀ ਅਥਵਾ ਤਪਦਿਕ ਦਾ ਬਹਾਨਾ ਬਣਾ ਇਲਾਜ ਲਈ ਬਾਹਰ ਜਾਣ ਦੀ ਜੁਗਤ ਕੱਢੀ। ਇਹ ਗੱਲ ਬੀਮਾਰੀ ਕਾਰਨ ਛੇਤੀ ਹੀ ਸਿਰੇ ਚੜ੍ਹ ਗਈ। ਸ਼ਰਤ ਇਹ ਸੀ ਇਸ ਬੀਮਾਰੀ ਕਾਰਨ ਨਾਜ਼ਮ ਘਰ ਰਹਿ ਕੇ ਇਲਾਜ ਕਰਵਾਏਗਾ। ਪਰ ਛੇਤੀ ਹੀ ਨਾਜ਼ਿਮ ਦੇ ਪੈਰਾਂ ਦੀਆਂ ਤਲੀਆਂ, ਬਾਹਰ ਫਿਰਨ ਤੁਰਨ ਲਈ ਤਪਣ ਲੱਗ ਪਈਆਂ। ਉਸ ਨੇ ਰੂਸ ਵੱਲ ਭੱਜ ਜਾਣ ਦਾ ਵੀ ਸੋਚਿਆ, ਪਰ ਪਾਰਟੀ ਸਰਕਾਰੀ ਤਸ਼ੱਦਦ ਕਾਰਨ ਏਨੀ ਸਮਰੱਥ ਨਹੀਂ ਰਹਿ ਗਈ ਸੀ। ਦੋ ਢਾਈ ਮਹੀਨੇ ਬਾਅਦ ਬਾਹਰ ਫਿਰਨ ਕਾਰਨ ਸਰਕਾਰ ਕੋਲ ਨਾਜ਼ਿਮ ਦੀ ਸ਼ਿਕਾਇਤ ਹੋ ਗਈ ਤੇ ਉਸ ਦੀ ਪੈਰੋਲ ਰੱਦ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ। ਉਸ ਦਾ ਦੁਬਾਰਾ ਡਾਕਟਰੀ ਮੁਆਇਨਾ ਕੀਤਾ ਗਿਆ ਤੇ ਸਾਬਿਤ ਹੋ ਗਿਆ ਕਿ ਉਸ ਨੂੰ ਹੁਣ ਕੋਈ ਬੀਮਾਰੀ ਨਹੀਂ ਸੀ।

ਉਸ ਦੀ ਪਤਨੀ 'ਪੀਰਾਏ' ਨੂੰ ਜੋ ਦੁੱਖ ਇਸ ਘਟਨਾ ਤੋਂ ਉਹ ਹੋਇਆ, ਉਹ ਉਸ ਦੇ ਇਕ ਖ਼ਤ ਤੋਂ ਪਤਾ ਲੱਗਦਾ ਹੈ।

"ਇਹ ਪਹਿਲਾ ਮੌਕਾ ਹੈ ਕਿ ਮੈਂ ਲੋਹੇ ਦੀਆਂ ਸੀਖਾਂ ਪਿੱਛੇ ਤੇਰੇ ਹੰਝੂ ਵੇਖੇ ਹਨ। ਮੈਂ ਤੈਨੂੰ ਹੁਣ ਤਕੜਾ ਹੋਣ ਲਈ ਵੀ ਨਹੀਂ ਕਹਿ ਸਕਦੀ। ਇਹ ਤੂੰ ਹੀ ਹੁੰਦਾ ਸੀ, ਜੋ ਮੈਨੂੰ ਤਕੜਾ ਰਹਿਣ ਲਈ ਆਖਦਾ ਹੁੰਦਾ ਸੀ, ਜਦੋਂ ਕਦੇ ਵੀ ਅਸੀਂ ਮੁਸ਼ਕਿਲ ਸਥਿਤੀਆਂ ਦਾ ਸਾਹਮਣਾ ਕਰਦੇ ਹੁੰਦੇ ਸੀ ਤੇ ਜਿੱਥੇ ਤਾਕਤ ਦੀ ਲੋੜ ਹੁੰਦੀ ਸੀ। ਇਹ ਅਸਚਰਜ ਗੱਲ ਹੈ ਕਿ ਇਸ ਵਾਰ, ਤੇਰੇ ਅਥਰੂ ਹਨ, ਜਿਹਨਾਂ ਮੈਨੂੰ ਫੌਲਾਦ ਦੀ ਤਾਕਤ ਬਖ਼ਸ਼ੀ ਹੈ।"

ਮੇਰਾ ਯਕੀਨ ਹੈ ਕਿ ਸਾਡੀ ਮੁਸੀਬਤ ਹੁਣ ਸਭ ਤੋਂ ਭਿਆਨਕ ਨੁਕਤੇ 'ਤੇ ਪਹੁੰਚ ਗਈ ਹੈ ਤੇ ਸਿਰਫ਼ ਮੌਤ ਦੀ ਖ਼ਬਰ ਹੀ ਮੇਰੇ ਉੱਤੇ ਕੋਈ ਅਸਰ ਕਰ ਸਕਦੀ ਹੈ। ਜਦੋਂ ਕੋਈ ਮੁਸੀਬਤ ਆਪਣੀ ਸਿਖਰ ਤੇ ਪਹੁੰਚਦੀ ਹੈ, ਇਸਦਾ ਅਵੱਸ਼ ਹੀ ਉਲਟਾ ਅਸਰ ਹੋਣ ਲੱਗਦਾ ਹੈ।"

ਹੌਲੀ-ਹੌਲੀ ਸਰਕਾਰ ਨੇ ਕੈਦੀਆਂ ਨੂੰ ਪ੍ਰਾਂਤਕ ਜੇਲ੍ਹਾਂ ਵਿਚ ਖਿੰਡਾਉਣਾ ਆਰੰਭ ਕਰ ਦਿੱਤਾ। ਨਾਜ਼ਿਮ ਤੇ ਕੋਮਲ ਤਾਹੀਰ ਨੂੰ ਕੇਂਦਰੀ ਜੇਲ੍ਹ ਭੇਜ ਦਿੱਤਾ ਗਿਆ।

ਜੇਲ੍ਹ ਤੋਂ ਬਾਹਰ ਦੂਸਰੀ ਸੰਸਾਰ ਜੰਗ ਭਿਆਨਕ ਰੂਪ ਧਾਰਦੀ ਜਾ ਰਹੀ ਸੀ। ਜਰਮਨ ਫੌਜਾਂ ਦੀ ਚੜ੍ਹਤ ਜਾਰੀ ਸੀ। ਯੂ.ਕੇ. ਤੇ ਫਰਾਂਸ ਹਰ ਮੋਰਚੇ 'ਤੇ ਮਾਰ ਖਾ ਰਹੇ ਸੀ, ਪਰ ਹਾਲੀ ਵੀ ਤੁਰਕੀ ਦੀ ਸਰਕਾਰ ਨਿਰਪੱਖ ਰਹਿਣ 'ਤੇ ਕਾਇਮ ਸੀ।

ਕੁਝ ਦੇਰ ਸ਼ਹਿਰ ਵਿਚ ਰਹਿ ਕੇ ਨਾਜ਼ਿਮ ਦੀ ਪਤਨੀ ਵਾਪਸ ਆਪਣੇ ਸ਼ਹਿਰ ਇਸਤੰਬੋਲ ਚਲੀ ਗਈ। ਇਸ ਦੀਆਂ ਆਪਣੀਆਂ ਘਰੇਲੂ ਸਮੱਸਿਆਵਾਂ ਸਨ। ਸਾਰੇ ਪ੍ਰਵਾਰ ਦਾ ਖਰਚਾ ਸਿਰ 'ਤੇ ਚਿੰਤਾ ਬਣਿਆ ਪਿਆ ਸੀ। ਕਰਦੀ ਤੇ ਕੀ ਕਰਦੀ! ਆਮਦਨ ਦਾ ਕੋਈ ਪੱਕਾ ਸਾਧਨ ਨਹੀਂ ਸੀ। ਉਸ ਸਮੇਂ ਦੀ ਉਸ ਦੀ ਅਵਸਥਾ ਉਸ ਚਿੱਠੀ ਤੋਂ ਸਪੱਸ਼ਟ ਹੁੰਦੀ ਹੈ।

"ਤੂੰ ਆਖਦਾ ਹੈ ਕਿ ਤੂੰ ਉਦਾਸ ਹੈ ਅਤੇ ਤੈਨੂੰ ਕੋਈ ਗੱਲ ਵੀ ਖੁਸ਼ੀ ਨਹੀਂ ਦਿੰਦੀ। ਇਹ ਮੇਰਾ ਹੀ ਕਸੂਰ ਹੈ। ਮੈਂ ਹੀ ਤੈਨੂੰ ਕੋਈ ਚਿੱਠੀ ਨਹੀਂ ਲਿਖ ਸਕੀ ਤੇ ਨਾ ਹੀ ਤੇਰੇ ਕਾਲੇ ਦਿਨਾਂ ਨੂੰ ਭਰਨ ਲਈ ਚਿੱਤਰਕਾਰੀ ਕਰ ਸਕੀ ਹਾਂ। ਕਾਸ਼! ਮੈਂ ਕੋਈ ਸ਼੍ਰੇਸ਼ਟ ਬੁੱਧੀ ਵਾਲਾ ਕਵੀ, ਚਿੱਤਰਕਾਰ ਜਾਂ ਸੰਗੀਤਕਾਰ ਹੁੰਦੀ ਤਾਂ ਕਿ ਇਕ ਪੰਗਤੀ, ਇਕ ਗੀਤ ਨਾਲ ਤੈਨੂੰ ਸ਼ਕਤੀ ਤੇ ਉਮੀਦ ਨਾਲ ਭਰ ਸਕਦੀ।"

ਹੁਣ ਨਾਜ਼ਿਮ ਕੋਲ ਕਵਿਤਾ ਵੱਲ ਪਰਤਣ ਤੋਂ ਬਗ਼ੈਰ ਕੋਈ ਰਸਤਾ ਨਹੀਂ ਸੀ। ਬਾਹਰੋਂ ਕਿਸੇ ਚੰਗੀ ਘਟਨਾ ਦੇ ਵਾਪਰਨ ਦੀ ਆਸ ਨਹੀਂ ਸੀ। ਹੁਣ ਤੇ ਕਈ ਸਾਲ ਅੰਦਰ ਹੀ ਰਹਿਣਾ ਪੈਣਾ ਸੀ। ਹੌਲੀ ਹੌਲੀ ਨਾਜ਼ਿਮ ਦਾ ਮਨ ਅੰਦਰਲੀਆਂ ਸਥਿਤੀਆਂ ਤੇ ਕੌੜੀਆਂ ਹਕੀਕਤਾਂ ਨਾਲ ਇਕ ਸੁਰ ਹੋਣ ਲੱਗਦਾ ਹੈ। ਜਦੋਂ ਬਾਹਰਲੀ ਝਾਕ ਖਤਮ ਹੋ ਜਾਵੇ ਤਾਂ ਕਵੀ-ਮਨ ਹੌਲੀ-ਹੌਲੀ ਅੰਦਰ ਦੇ ਅਤਿ ਦੇ ਦੁਖਾਂਤਕ ਹਾਲਾਤ ਨਾਲ ਵੀ ਇਕਸਰ ਹੋਣ ਦਾ ਯਤਨ ਕਰਦਾ ਹੈ। ਨਾਜ਼ਮ ਹੌਲੀ-ਹੌਲੀ ਆਪਣੀ ਪਤਨੀ ਨੂੰ ਚਿੱਠੀ ਲਿਖਣ ਬੈਠਦਾ ਹੈ, ਪਰ ਇਹ ਚਿੱਠੀ ਨਹੀਂ, ਕਵਿਤਾ ਬਣ ਜਾਂਦੀ ਹੈ। ਉਸ ਨੂੰ ਆਜ਼ਾਦ



ਵਾਤਾਵਰਣ ਵਿਚ ਆਪਣੀ ਪਤਨੀ ਨਾਲ ਬਿਤਾਏ ਸੁਹਾਵਣੇ ਦਿਨ ਯਾਦ ਆਉਂਦੇ ਹਨ ਤੇ ਉਹ ਬੀਤ ਗਏ ਵਕਤਾਂ ਨੂੰ ਯਾਦ ਕਰਦਾ ਆਪਣੇ ਮਨ ਨੂੰ ਤਸੱਲੀ ਦੇਣ ਦਾ ਯਤਨ ਕਰਦਾ ਹੈ। ਖਤਾਂ ਵਰਗੀਆਂ ਲਿਖੀਆਂ ਇਹਨਾਂ ਕਵਿਤਾਵਾਂ ਦੀ ਗਿਣਤੀ ਸੱਤ ਹੈ, ਜਿਹਨਾਂ ਨੂੰ "ਕੰਨਕੀਰੀ ਜੇਲ੍ਹ ਦੀਆਂ ਕਵਿਤਾਵਾਂ" ਆਖਿਆ ਜਾਂਦਾ ਹੈ।

ਮੈਂ ਇਕ ਸਥਾਨਕ ਕਹਾਵਤ ਨੂੰ ਯਾਦ ਕਰਦਾ ਹਾਂ,
ਜੋ ਮੈਂ ਕਦੇ ਤੇਰੇ ਕੋਲੋਂ ਸੁਣੀ ਸੀ,
ਜਦੋਂ ਸਨੋਬਰ ਦੇ ਫੁੱਲਦਾਰ ਗੁੱਛੇ ਖਿੜਨ ਲੱਗਣ,
ਤਾਂ ਰਸਭਰੀਆਂ ਵੀ ਪੱਕਣ ਤੇ ਆ ਜਾਂਦੀਆਂ ਨੇ,
'ਗਜ਼ਾਲੀ' ਵਿਚ ਵੇਲਾਂ ਮੌਲਦੀਆਂ ਨੇ
ਪਰ ਮਾਲਕ ਰਸ-ਭਰੀਆਂ ਨੂੰ ਪੱਕਦੇ ਨਹੀਂ ਵੇਖਦਾ
ਏਸੇ ਕਾਰਨ ਉਹ ਮੌਤ ਦੀ ਪੂਜਾ ਕਰਦਾ ਹੈ।

ਇਹਨਾਂ ਕਵਿਤਾਵਾਂ ਵਿਚ ਇਕ ਨਵੀਂ ਕਾਵਿ-ਸ਼ੈਲੀ ਦੇ ਵਿਕਸਤ ਹੋਣ ਦੇ ਸੰਕੇਤ ਵੀ ਮਿਲਦੇ ਹਨ। ਇਹਨਾਂ ਹੀ ਦਿਨਾਂ ਵਿਚ ਉਸ ਦੇ ਮਨ ਵਿਚ ਮਨੁੱਖੀ ਧਰਤ-ਦ੍ਰਿਸ਼ (Human Land-Scapes) ਲਿਖਣ ਦਾ ਖਿਆਲ ਆਉਣ ਲੱਗਦਾ ਹੈ, ਜਿਹੜਾ ਅਗਲੇ ਸਾਲਾਂ ਵਿਚ ਉਸ ਨੂੰ ਵਧੇਰੇ ਸਮਾਂ ਰੁਝਾਈ ਰੱਖਦਾ ਹੈ।

ਸੜਕ ਦੇ ਕਿਨਾਰੇ
ਚਿੱਟੇ ਘਰ ਦੇ ਸਾਹਮਣੇ
ਲੋਹੇ ਦੇ ਪੋਲ ਦੇ ਸਿਰੇ 'ਤੇ
ਗਲੀ ਦੀ ਬੱਤੀ ਚਮਕਦੀ ਹੈ
ਗਲੀ ਜਗਮਗਾ ਰਹੀ ਹੈ।
ਫੌਜੀ ਬੈਰਕਾਂ ਵਾਲੇ ਬਾਗ ਵਿਚ
ਹਥਿਆਰ ਹਨ ਤੇ ਬ੍ਰਿਖ
ਮੈਂ ਸ਼ਹਿਤੂਤ, ਕਿੱਕਰ ਤੇ ਅਲੂਚੇ ਦੇ
ਬੂਟਿਆਂ ਬਾਰੇ ਜਾਣਦਾਂ
ਜੋ ਗੁੱਸੇ ਨਾਲ ਦੰਦ ਪੀਂਹਦੇ ਨੇ
ਜੇਗੂਲ ਡਾਕ-ਗੱਡੀ ਨੇੜੇ ਆ ਰਹੀ ਹੈ।

ਪਤਨੀ ਨਾਲ ਚਿੱਠੀ-ਪੱਤਰ ਕਰਦਿਆਂ ਵਿਕਸਤ ਹੋ ਰਹੀ ਨਵੀਂ ਕਾਵਿ-ਸ਼ੈਲੀ ਰਾਹੀਂ ਕਵੀ ਅਸਲ ਵਿਚ ਵਧੇਰੇ ਯਥਾਰਥਵਾਦੀ ਕਾਵਿ-ਮੁਹਾਵਰੇ ਦੀ ਤਲਾਸ਼ ਵਿਚ ਸੀ। ਇਹ ਕਵਿਤਾਵਾਂ ਨਾਜ਼ਿਮ ਦੀਆਂ ਭਾਵਨਾਵਾਂ ਦਾ ਦਸਤਾਵੇਜ਼ੀ ਪ੍ਰਮਾਣ ਪ੍ਰਤੀਤ ਹੁੰਦੀਆਂ ਹਨ।

ਪਿੱਛੇ ਘਰ ਵਿਚ ਬੱਝਵੀਂ ਆਮਦਨ ਦਾ ਕੋਈ ਵਸੀਲਾ ਨਾ ਹੋਣ ਕਾਰਨ, 'ਪੀਰਾਏ' ਨੂੰ ਘਰ ਦਾ ਖਰਚਾ ਚਲਾਉਣ ਨੂੰ ਮੁਸ਼ਕਿਲ ਆ ਰਹੀ ਸੀ। ਨਾਜ਼ਿਮ ਤੇ ਉਸ ਦੀ ਮਾਂ ਦੀ ਕੋਸ਼ਿਸ਼ ਸੀ ਕਿ ਬਾਹਰੋਂ ਨਾਜ਼ਿਮ ਨੂੰ ਅਨੁਵਾਦ ਜਾਂ ਰਚਨਾਤਮਕ ਕੰਮ ਲੱਭ ਕੇ ਦਿੱਤਾ ਜਾਵੇ, ਜਿਸ ਦੀ ਆਮਦਨ ਨਾਲ ਘਰ ਚੱਲ ਸਕੇ। ਜੇ ਹੋਰ ਨਹੀਂ ਤਾਂ ਨਾਜ਼ਿਮ ਦੇ ਲਿਖੇ ਕਿਸੇ ਨਾਟਕ ਨੂੰ ਕੋਈ ਨਾਟ-ਮੰਡਲੀ ਖੇਡੇ ਤੇ ਕੁਝ ਆਮਦਨੀ ਹੋ ਸਕੇ। ਇਸ ਕਾਰਜ ਲਈ ਸਿੱਖਿਆ ਮੰਤਰੀ ਨੇ ਵੀ ਇਮਦਾਦ ਕਰਨ ਦੀ ਹਾਮੀ ਭਰੀ। ਨਾਜ਼ਿਮ ਨੂੰ ਇੱਕ ਨਾਟਕ ਦਾ ਤੁਰਕੀ ਰੁਪਾਂਤਰਨ ਕਰਨ ਦਾ ਕੰਮ ਭੇਜਿਆ ਗਿਆ ਹੈ। ਜੋ ਉਸ ਨੇ ਤੁਰੰਤ ਕਰ ਦਿੱਤਾ। ਨਜ਼ਰਬੰਦ ਲੇਖਕ ਦੇ ਨਾਂ ਦੇ ਭੇਤ ਨੂੰ ਲੁਕਾਉਣ ਲਈ ਉਸ ਉਤੇ ਕਿਸੇ ਹੋਰ ਲੇਖਕ ਦਾ ਨਾਂ ਦੇ ਦਿੱਤਾ ਗਿਆ। ਪਰ ਠੇਕੇ ਉੱਤੇ ਕੰਮ ਕਰਨ ਦਾ ਇਹ ਕਾਰਜ ਦੇਰ ਤੀਕ ਨਾ ਚੱਲ ਸਕਿਆ।

ਇਸ ਜੇਲ੍ਹ ਵਿਚ ਦੋ ਸਾਲ ਦੇ ਕਰੀਬ ਕੱਟਣ ਤੋਂ ਬਾਅਦ ਨਾਜ਼ਿਮ ਦੀ ਤਬਦੀਲੀ ਅੱਧ-ਦਸੰਬਰ 1940 ਵਿਚ ਬੁਰਸਾ ਜੇਲ੍ਹ ਵਿਚ ਕਰ ਦਿੱਤੀ ਗਈ।

(ਨੋਟ :- ਸੈਮੀ ਗੋਕਸ਼ੂ ਦੀ ਖੋਜ ਉੱਤੇ ਆਧਾਰਤ ਲੇਖ)

▲▲▲

*ਮੁਲਾਂਕਣ :*

# ਸਮਕਾਲੀ ਪੰਜਾਬੀ ਕਹਾਣੀ ਦੇ ਪੈਟਰਨ ਤੇ ਸਰੋਕਾਰ

*ਡਾ. ਸੁਖਵਿੰਦਰ ਸਿੰਘ ਰੰਧਾਵਾ*

ਸਮਕਾਲੀ ਪੰਜਾਬੀ ਕਹਾਣੀ ਉਸ ਜਟਿਲ ਵਸਤੂ-ਸਥਿਤੀ ਦੀ ਉਪਜ ਹੈ ਜਿਸਦੇ ਪਿਛੋਕੜ ਵਿਚ ਸਥਾਨਕ, ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਉੱਤੇ ਵਾਪਰੀਆਂ ਅਨੇਕ ਘਟਨਾਵਾਂ ਤੇ ਵਰਤਾਰੇ ਪਿਛਲੇ ਡੇਢ-ਦੋ ਦਹਾਕਿਆਂ ਦੇ ਵਕਫ਼ੇ ਵਿਚ ਫੈਲੇ ਹੋਏ ਦਿਸਦੇ ਹਨ। ਇਹ ਸਮਾਂ ਵਿਸ਼ਵ ਪੱਧਰ ਉੱਤੇ ਵਿਸ਼ਵੀਕਰਨ-ਉਦਾਰੀਕਰਨ ਦੀ ਪ੍ਰਕਿਰਿਆ ਦੇ ਤੇਜ਼ ਹੋਣ ਦਾ ਹੈ ਜਿਸਦੇ ਨਾਲ ਵਿਕਾਸ ਦਾ ਇਕ ਨਵਾਂ ਮਾਡਲ ਸਾਹਮਣੇ ਆਉਂਦਾ ਹੈ। ਸੋਵੀਅਤ ਯੂਨੀਅਨ ਦੇ ਵਿਗਠਨ ਉਪਰੰਤ ਸਮਾਜਵਾਦੀ ਮਾਡਲ ਦੀ ਸਿਧਾਂਤਕ-ਵਿਹਾਰਕ ਪ੍ਰਸੰਗਕਤਾ ਸਾਰਥਕਤਾ ਉੱਤੇ ਵੱਡਾ ਪ੍ਰਸ਼ਨ ਚਿੰਨ੍ਹ ਲੱਗਣ ਨਾਲ ਵਿਕਾਸ ਤੇ ਉਕਤ ਪੂੰਜੀਵਾਦੀ ਮਾਡਲ ਪੱਖੀ ਤਾਕਤਾਂ ਨੂੰ ਵਿਸ਼ੇਸ਼ ਹੁਲਾਸ ਤੇ ਬਲ ਮਿਲਦਾ ਹੈ। 1991 ਵਿਚ ਭਾਰਤ ਦੀ ਕੇਂਦਰੀ ਸਰਕਾਰ ਵਲੋਂ 'ਆਰਥਿਕ ਉਦਾਰੀਕਰਨ' ਦੇ ਨਾਂ ਹੇਠ ਵਿਸ਼ਵੀਕਰਨ-ਉਦਾਰੀਕਰਨ ਨੂੰ ਇਕ ਨੀਤੀਗਤ ਏਜੰਡੇ ਦੇ ਰੂਪ ਵਿਚ ਪ੍ਰਵਾਨ ਕਰ ਲਿਆ ਜਾਂਦਾ ਹੈ। ਇੰਜ, ਸਮੇਤ ਪੰਜਾਬ ਦੇਸ਼ ਦੇ ਸਭ ਭਾਗਾਂ ਵਿਚ ਸਮਾਜਿਕ, ਰਾਜਨੀਤਿਕ, ਆਰਥਿਕ, ਤਕਨੀਕੀ, ਸਾਹਿਤ ਅਤੇ ਸੱਭਿਆਚਾਰ ਆਦਿ ਭਿੰਨ-ਭਿੰਨ ਖੇਤਰਾਂ ਵਿਚ ਇਸ ਦਾ ਵਿਆਪਕ ਪ੍ਰਭਾਵ ਸਾਹਮਣੇ ਆਉਣ ਲੱਗਦਾ ਹੈ। ਲੋਕ ਮਾਨਸਿਕਤਾ ਵਿਚ ਸੂਚਨਾ, ਤਕਨੀਕ, ਮਲਟੀ ਮੀਡੀਆ, ਪੂੰਜੀ ਤੇ ਮੰਡੀ ਨਾਲ ਜੁੜੀਆਂ ਕੀਮਤਾਂ ਵਿਸ਼ੇਸ਼ ਥਾਂ ਲੈਣ ਲੱਗਦੀਆਂ ਹਨ। ਇਸੇ ਦੌਰਾਨ ਪੰਜਾਬੀ ਜਨ ਸਮੂਹ ਉਸ ਬੇਮਿਸਾਲ ਇਤਿਹਾਸਕ ਸੰਕਟ ਦੇ ਰੂ-ਬ-ਰੂ ਹੁੰਦਾ ਹੈ ਜਦੋਂ ਪੰਜਾਬੀ ਸ਼ਨਾਖਤ ਦਾ ਮੂਲ ਮੁੱਦਾ ਸਰਬ-ਪ੍ਰਥਮ ਚਿੰਤਾ ਦਾ ਵਿਸ਼ਾ ਬਣਕੇ ਉੱਭਰਦਾ ਹੈ। ਇਸ ਸੰਕਟੀ ਸਮੇਂ ਦੇ ਲੰਘ ਜਾਣ ਉਪਰੰਤ ਪੰਜਾਬ ਵਿਚ ਲੋਕਤੰਤਰੀ ਪ੍ਰਕਿਰਿਆ ਬਹਾਲ ਹੋ ਜਾਂਦੀ ਹੈ, ਅਤੇ ਦਾਨਿਸ਼ਵਰ-ਚਿੰਤਕ ਇਸ ਸਮੁੱਚੀ ਸੰਕਟ ਸਥਿਤੀ ਦਾ ਗਹਿਨ ਚਿੰਤਨ-ਮਨਨ ਕਰਨ ਲੱਗਦਾ ਹੈ। ਰਾਜਨੀਤਿਕ ਸਮੀਕਰਨਾਂ ਨੂੰ ਅਸਥ-ਵਿਅਸਥ ਕਰਨ ਵਾਲਾ ਦਲਿਤ ਰਾਜਨੀਤੀ ਦਾ ਪਰਿਪੇਖ ਵੀ ਸਮਕਾਲ ਦਾ ਅਹਿਮ ਵਰਤਾਰਾ ਬਣਕੇ ਉੱਭਰਦਾ ਹੈ। ਇਹ ਵਰਤਾਰਾ ਸਾਹਿਤ ਤੇ ਸੱਭਿਆਚਾਰਕ ਦਾਇਰਿਆਂ ਵਿਚ ਦਲਿਤ ਚੇਤਨਾ ਦੇ ਰੂਪ ਵਿਚ ਆਪਣੀ ਨਿੱਗਰ ਹੋਂਦ ਦਾ ਅਹਿਸਾਸ ਕਰਵਾਉਂਦਾ ਹੈ। ਅਜਿਹੇ ਅਨੇਕ ਵਰਤਾਰੇ ਉਸ ਜਟਿਲ ਵਸਤੂ-ਸਥਿਤੀ ਦੀ ਉਪਜ ਦਾ ਬਾਇਸ ਬਣਦੇ ਹਨ ਜਿਸਦਾ ਸਮਕਾਲੀ ਪੰਜਾਬੀ ਕਹਾਣੀ ਥੀਮਕੀ-ਰੂਪਕੀ ਸੰਰਚਨਾ ਅਤੇ ਬਿਰਤਾਂਤਕੀ ਪੈਟਰਨਾਂ ਉੱਤੇ ਹੈਰਾਨਕੁਨ ਪ੍ਰਭਾਵ ਪੈਂਦਾ ਹੈ। ਪੰਜਾਬੀ ਕਹਾਣੀ ਇਸ ਨਵੀਂ ਵਸਤੂ-ਸਥਿਤੀ ਅਨੁਕੂਲ ਨਵੀਂ ਕਥਾ-ਵਿਧੀ ਤੇ ਤਕਨੀਕ ਦੀ ਤਲਾਸ਼ ਨਾਲ ਜੁੜਦੀ ਹੈ।

ਸਾਹਿਤ ਤੇ ਸਮਾਜ ਦਾ ਵਿਕਾਸ ਬੇਸ਼ੱਕ ਸਮਾਨੰਤਰ ਰੂਪ ਵਿਚ ਨਹੀਂ ਚੱਲਦਾ ਪਰੰਤੂ ਸਮਾਜਿਕ-ਸੱਭਿਆਚਾਰ ਧਰਾਤਲ ਉੱਤੇ ਹੁੰਦੀ ਉਥਲ-ਪੁਥਲ ਤੇ ਕਦਰਾਂ-ਕੀਮਤਾਂ ਦੀ ਟੁੱਟ-ਭੱਜ ਨਾ ਕੇਵਲ ਵਸਤੂ ਪੱਧਰ ਉੱਤੇ ਸਗੋਂ ਵਿਧੀ-ਤਕਨੀਕ ਦੀ ਪੱਧਰ ਉੱਤੇ ਵੀ ਸਾਹਿਤਕ ਕਿਰਤਾਂ ਨੂੰ ਚੋਖਾ ਪ੍ਰਭਾਵਿਤ ਕਰਦੀ ਹੈ। ਵਿਸ਼ਵ ਪੂੰਜੀਵਾਦ ਦੇ ਸੰਕਲਪ ਅਤੇ ਸੂਚਨਾ ਤਕਨਾਲੋਜੀ ਵਿਚ ਆਈ ਕ੍ਰਾਂਤੀ ਨੇ ਸਾਰੇ ਸੰਸਾਰ ਨੂੰ ਇਕ ਪਿੰਡ ਦਾ ਰੂਪ ਦੇ ਦਿੱਤਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਜਨ ਸਮੂਹ ਭਾਵੇਂ ਦੁਨੀਆ ਦੇ ਕਿਸੇ ਵੀ ਖਿੱਤੇ ਵਿਚ ਵੱਸਦਾ ਹੈ, ਉਹ ਸੂਚਨਾ-ਸੰਸਾਰ ਤਕਨਾਲੌਜੀ ਦੇ ਵਿਰਾਟ ਪ੍ਰਸਾਰ-ਪ੍ਰਚਾਰ ਅਤੇ ਵਿਸ਼ਵੀਕਰਨ-ਉਦਾਰੀਕਰਨ ਜਾਂ ਵਿਸ਼ਵ ਪੂੰਜੀਵਾਦ ਵਰਗੇ ਵਿਸ਼ਵ ਵਿਆਪੀ ਸਮਾਜਿਕ-ਆਰਥਿਕ ਮੁੱਦਿਆਂ ਦੇ ਬੁਨਿਆਦੀ ਪ੍ਰਭਾਵਾਂ ਤੋਂ ਕਿਸੇ ਵੀ ਤਰ੍ਹਾਂ ਅਭਿੱਜ ਨਹੀਂ ਰਹਿ ਸਕਦਾ ਅਤੇ ਇਸ ਕਾਰਨ ਪੰਜਾਬੀ ਮਨੁੱਖ ਦੇ ਤਤਕਾਲ ਸਰੋਕਾਰਾਂ, ਲੋੜਾਂ, ਇਛਾਵਾਂ ਤੇ ਤਰਜੀਹਾਂ ਵਿਚ ਢੇਰ ਬਦਲਾਵ ਆਇਆ ਤੇ ਆ ਰਿਹਾ ਹੈ। ਇਸ ਬਦਲਾਵ ਨੂੰ ਬਰਨਾਲੇ-ਬਠਿੰਡੇ, ਦਿੱਲੀ, ਮੁੰਬਈ, ਲੰਡਨ ਜਾਂ ਟਰਾਂਟੋ ਬੈਠਾ ਕਥਾਕਾਰ ਕਿੰਜ ਗ੍ਰਹਿਣ ਕਰ ਰਿਹਾ ਹੈ, ਇਹ ਉਸਦੀ ਆਪਣੀ ਸਮਰੱਥਾ, ਦ੍ਰਿਸ਼ਟੀ ਤੇ ਅਨੁਭਵ-ਬੋਧ ਉੱਤੇ ਨਿਰਭਰ ਕਰਦਾ ਹੈ ਪਰ ਇਸ ਨਾਲ ਲੇਖਕ ਦੇ ਰਚਨਾਵੀ ਸਰੋਕਾਰਾਂ ਤੇ ਅਨੁਭਵਾਂ ਦਾ ਘੇਰਾ ਕਿਤੇ ਵਸੀਹ ਹੋਇਆ ਹੈ ਅਤੇ ਇਸਦੇ ਪ੍ਰਗਟਾਵੇ ਲਈ ਨਵੀਆਂ ਵਿਧੀਆਂ, ਜੁਗਤਾਂ ਤੇ ਪੈਟਰਨ ਸਾਹਮਣੇ ਆਏ ਹਨ। ਇਕਹਿਰੇ ਵਿਸ਼ੇ, ਇਕਹਿਰੇ ਅਨੁਭਵ, ਇਕਹਿਰੀਆਂ ਰਚਨਾ-ਜੁਗਤਾਂ ਤੇ ਪੈਟਰਨ, ਇਕਹਿਰੀਆਂ ਦ੍ਰਿਸ਼ਟੀਆਂ, ਇਕਹਿਰੇ ਸਰਲ ਹੱਲ ਆਦਿ ਨੂੰ ਪੰਜਾਬੀ ਦੇ ਨਵੇਂ ਕਥਾਕਾਰ ਨੇ ਇਕ ਤਰ੍ਹਾਂ ਦਰ ਕਿਨਾਰ ਕਰ ਦਿੱਤਾ ਹੈ ਅਤੇ ਉਸ ਦੀ ਦ੍ਰਿਸ਼ਟੀ ਹੁਣ ਯਥਾਰਥ ਦੀ ਉਸ ਜਟਿਲ ਹੋਂਦ ਉੱਤੇ ਟਿਕੀ ਹੋਈ ਹੈ ਜੋ ਬਹੁਤ ਤਰਲ, ਅਸਥੂਲ, ਅਨਿਸ਼ਚਿਤ ਤੇ ਵਿਰੋਧਾਤਮਕ ਸੁਭਾਅ ਵਾਲੀ ਹੈ। ਯਥਾਰਥ ਦੀ



ਇਸ ਜਟਿਲ ਵਸਤੂ- ਸਥਿਤੀ ਵਿਚ ਅੰਤਰਮੁਖੀ ਤੇ ਬਾਹਰਮੁਖੀ ਪ੍ਰਸਥਿਤੀਆਂ ਇਕ-ਦੂਜੀ ਵਿਚ ਉਲਝੀਆਂ, ਫਸੀਆਂ ਤੇ ਪਰਸਪਰ ਤਣਾਓ-ਸਥਿਤੀ ਵਿਚ ਹਨ। ਕਥਾਕਾਰ ਲਈ ਕਥਾ-ਵਸਤੂ ਦੇ ਨਾਲ -ਨਾਲ ਕਥਾ-ਸੰਚਾਰ ਵਿਚ ਇਕ ਪ੍ਰਮੁੱਖ ਰਚਨਾਵੀ ਸਰੋਕਾਰ ਬਣਦਾ ਹੈ। ਇਸ ਪ੍ਰਸੰਗ ਵਿਚ ਇਹ ਮੁੱਦਾ ਵੀ ਉੱਭਰਦਾ ਹੈ ਕਿ ਕੀ ਪੰਜਾਬੀ ਕਹਾਣੀ ਦੀ ਕੋਈ ਆਪਣੀ ਵਿਧੀ ਵੀ ਹੋ ਸਕਦੀ ਹੈ? ਕੀ ਸਾਰੀਆਂ ਹੀ ਭਾਸ਼ਾਵਾਂ ਦੀ ਕਹਾਣੀ ਦੀ ਇਕ ਹੀ ਵਿਧੀ ਹੋ ਸਕਦੀ ਹੈ? ਡਾ. ਸਤਿੰਦਰ ਸਿੰਘ ਨੂਰ ਵਿਧੀ ਨੂੰ ਵੱਥ ਤੇ ਵਿਰਸੇ ਨਾਲ ਸੰਬੰਧਿਤ ਕਰਕੇ ਪੰਜਾਬੀ ਕਹਾਣੀ ਦੀ ਵਿਧੀ ਦੀ ਗੱਲ ਕਰਦਾ ਹੈ। ਉਸਦਾ ਇਹ ਕਹਿਣਾ ਦਰੁਸਤ ਹੈ ਕਿ ਵਿਧੀ ਨੂੰ ਕੇਵਲ ਅਜਿਹੇ ਰੂਪ ਜਾਂ ਵਿਧੀ ਦੇ ਸੰਕਲਪ ਨਾਲ ਸੰਬੰਧਿਤ ਨਹੀਂ ਕੀਤਾ ਜਾ ਸਕਦਾ, ਜਿਸ ਨੂੰ ਵਿਸ਼ੇ ਜਾਂ ਵੱਥ ਤੋਂ ਬਿਲਕੁਲ ਵਿਛੁੰਨਿਆ ਜਾ ਸਕੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮਕਾਲੀ ਕਥਾਕਾਰ ਵਸਤੂ ਤੇ ਵਿਧੀ ਨੂੰ ਅਤੀ ਸਮੀਪ ਲੈ ਆਉਂਦਾ ਹੈ। ਮਨਮੋਹਨ ਬਾਵਾ ਵਰਗਾ ਅਨੁਭਵੀ ਕਥਾਕਾਰ ਮਿੱਥ-ਵਸਤੂ ਨੂੰ ਬਹੁਤ ਸਹਿਜੇ ਹੀ ਇਕ ਕਾਰਗਰ ਜੁਗਤ ਵਿਚ ਰੂਪਾਂਤਰਿਤ ਕਰ ਲੈਂਦਾ ਹੈ। ਬਾਅਜ਼ ਦਫਾ ਵਸਤੂ, ਵਿਧੀ ਵਿਚ ਹੀ ਰੂਪਾਂਤਰਿਤ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ, ਇਕ ਨਿਵੇਕਲਾ ਰਚਨਾ ਪੈਟਰਨ ਸਾਹਮਣੇ ਆਉਂਦਾ ਹੈ। ਤਕਨਾਲੋਜੀ ਦੇ ਇਸ ਯੁਗ ਵਿਚ ਕਹਾਣੀਕਾਰ ਢੁੱਕਵੀਂ ਕਥਾ-ਤਕਨੀਕ, ਢੁੱਕਵੀਆਂ ਸਾਰਥਕ ਵਿਧੀਆਂ-ਜੁਗਤਾਂ ਬਾਰੇ ਬੇਹੱਦ ਚੇਤੰਨਤਾ ਤੇ ਜਾਗਰੂਕਤਾ ਦਾ ਮੁਜ਼ਾਹਰਾ ਕਰਦਾ ਹੈ। ਸਮਰੱਥ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦਾ ਕਹਿਣਾ ਹੈ ਕਿ ਤਕਨੀਕ ਪੱਖੋਂ ਪੰਜਾਬੀ ਕਹਾਣੀ ਨੇ ਜਿੰਨਾ ਵਿਕਾਸ 1980 ਤੋਂ ਹੁਣ ਤੱਕ ਕੀਤਾ ਹੈ, ਉਹ ਪਿਛਲੀ ਅੱਧੀ ਸਦੀ ਵਿਚ ਵੀ ਨਹੀਂ ਕੀਤਾ।

ਪ੍ਰੇਮ ਪ੍ਰਕਾਸ਼ ਦਾ ਇਹ ਕਥਨ ਕੁਝ ਉਲਾਰ ਹੋ ਸਕਦਾ ਹੈ ਪਰ ਇਹ ਗੱਲ ਵੀ ਸਪੱਸ਼ਟ ਹੈ ਕਿ ਵਸਤੂ ਅਤੇ ਵਿਧੀ ਪੱਖੋਂ ਜਿੰਨੇ ਸਾਰਥਕ ਕਲਾ ਪ੍ਰਯੋਗ ਨਵੇਂ ਕਹਾਣੀਕਾਰਾਂ ਨੇ ਪਿਛਲੇ ਇੱਕ ਦਹਾਕੇ ਵਿਚ ਕੀਤੇ, ਇਸ ਨੇ ਕਹਾਣੀ ਵਿਧਾ ਦੀਆਂ ਨਵੀਆਂ ਸਿਰਜਣਾਤਮਕ ਸੰਭਾਵਨਾਵਾਂ ਨੂੰ ਜਗਾਇਆ ਹੈ। ਪੰਜਾਬੀ ਨਾਵਲ ਅਜਿਹੇ ਵਿਸ਼ਾਲ ਪ੍ਰਯੋਗਾਂ ਤੋਂ ਕੁਝ ਵਿਰਵਾ ਰਿਹਾ ਹੈ। ਪ੍ਰਯੋਗਸ਼ੀਲਤਾ ਸਮਕਾਲੀ ਕਹਾਣੀ-ਕਵਿਤਾ ਦੀ ਇਕ ਵਿਸ਼ੇਸ਼ ਪਛਾਣ ਬਣ ਕੇ ਉਭਰੀ ਹੈ। ਇਥੇ ਆ ਕੇ ਤੀਜੇ ਤੇ ਚੌਥੇ ਪੜਾਅ ਦੀ ਕਹਾਣੀ ਦੇ ਕਲਾਤਮਿਕ ਅੰਤਰ-ਨਿਖੇੜ ਦੇ ਕੁਝ ਬਿੰਦੂ ਵੀ ਸਪੱਸ਼ਟ ਹੋਣੇ ਸ਼ੁਰੂ ਹੋ ਜਾਂਦੇ ਹਨ। ਭਾਵੇਂ ਤੀਜੇ ਪੜਾਅ ਦੇ ਵਰਿਆਮ ਸੰਧੂ, ਅਤਰਜੀਤ, ਕਿਰਪਾਲ ਕਜ਼ਾਕ, ਦਲਬੀਰ ਚੇਤਨ, ਦਰਸ਼ਨ ਧੀਰ, ਗੁਰਪਾਲ ਲਿੱਟ ਵਰਗੇ ਕਥਾਕਾਰ ਵੀ ਆਪਣੇ ਕਲਾ ਪ੍ਰਤਿਮਾਨਾਂ ਨਾਲ ਚੌਥੇ ਪੜਾਅ ਦੀ ਕਹਾਣੀ ਦੀ ਬਰਾਬਰੀ ਦਾ ਅਕਸਰ ਦਮ ਭਰਦੇ ਹਨ ਪਰ ਸਮਕਾਲੀ ਕਹਾਣੀ ਵਿਚ ਜੋ ਕਥਾ- ਹਸਤਾਖ਼ਰ, ਨੁਮਾਇੰਦਾ ਰੂਪ ਵਿਚ ਉੱਭਰ ਕੇ ਸਾਹਮਣੇ ਆਏ ਹਨ, ਉਹਨਾਂ ਵਿਚ ਸੁਖਜੀਤ, ਜਰਨੈਲ ਸਿੰਘ, ਮਨਮੋਹਨ ਬਾਵਾ, ਜਿੰਦਰ, ਹਰਜੀਤ ਅਟਵਾਲ, ਪ੍ਰਵਜ਼ ਸੰਧੂ, ਵੀਨਾ ਵਰਮਾ, ਅਜਮੇਰ ਸਿੱਧੂ, ਭਗਵੰਤ ਰਸੂਲਪੁਰੀ, ਬਲਜਿੰਦਰ ਨਸਰਾਲੀ, ਦੇਸ ਰਾਜ ਕਾਲੀ, ਗੁਰਮੀਤ ਕੜਿਆਲਵੀ, ਬਲਵਿੰਦਰ ਗਰੇਵਾਲ ਤੇ ਬਲਦੇਵ ਢੀਂਡਸਾ ਆਦਿ ਪ੍ਰਮੁੱਖ ਹਨ।

ਸਮਕਾਲੀ ਕਹਾਣੀ ਦੇ ਮੌਜੂਦਾ ਰਚਨਾ-ਪੈਟਰਨ ਤੇ ਵਸਤੂ-ਸਥਿਤੀ ਨੂੰ ਜੇ ਸਮੁੱਚੀ ਪੰਜਾਬੀ ਕਹਾਣੀ ਦੇ ਵਿਕਾਸੀ ਅਮਲ ਦੇ ਸਮ ਵਿੱਥ ਰੱਖ ਕੇ ਦੇਖਿਆ ਜਾਵੇ ਤਾਂ ਵਧੇਰੇ ਪ੍ਰਮਾਣਿਕ ਸਿੱਟਿਆਂ ਦੀ ਸੰਭਾਵਨਾ ਹੋ ਸਕਦੀ ਹੈ। ਪੰਜਾਬੀ ਕਹਾਣੀ ਦਾ ਮੁੱਢਲਾ ਦੌਰ ਦ੍ਰਿਸ਼ਟੀਗਤ ਰੂਪ ਵਿਚ ਸਮਾਜਿਕ ਸਮੱਸਿਆ ਪ੍ਰਤਿ ਆਦਰਸ਼ਵਾਦੀ-ਸੁਧਾਰਵਾਦੀ ਦ੍ਰਿਸ਼ਟੀ ਤੋਂ ਪ੍ਰੇਰਿਤ ਹੈ। ਇਸ ਦ੍ਰਿਸ਼ਟੀ ਅਧੀਨ 'ਆਦਰਸ਼ ਪਾਤਰਾਂ' ਦੀ ਘਾੜਤ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਪੁਨਰ-ਸਥਾਪਤੀ ਉੱਤੇ ਵਿਸ਼ੇਸ਼ ਬਲ ਦਿੱਤਾ ਗਿਆ। ਲੇਖਕ ਦਾ ਰਚਨਾਵੀ ਦ੍ਰਿਸ਼ਟੀਕੋਣ ਪ੍ਰਤਿਮਾਨ ਮੂਲਕ, ਨਿਸ਼ਚੇਵਾਦੀ, ਮਨੋਰਥ ਮੂਲਕ ਤੇ ਆਦਰਸ਼ਕ ਹੋਣ ਕਾਰਨ ਇਸ ਕਹਾਣੀ ਦਾ ਪੈਟਰਨ ਵੀ ਇਕ ਸਰਲ, ਲਕੀਰੀ ਤੇ ਮੌਕਾ ਮੇਲ ਘਟਨਾਵਾਂ ਨਾਲ ਭਰਪੂਰ ਹੈ। ਪ੍ਰਗਤੀਵਾਦੀ ਦੌਰ ਵਿਚ ਨਿੱਕੀ ਕਹਾਣੀ ਦਾ ਪੈਟਰਨ ਉੱਭਰਦਾ ਹੈ ਅਤੇ ਕਥਾ ਦੇ ਕੇਂਦਰ ਵਿਚ 'ਆਦਰਸ਼' ਦੀ ਥਾਂ 'ਯਥਾਰਥ' ਆ ਜਾਂਦਾ ਹੈ। ਕਹਾਣੀ ਦਾ ਉਸਾਰ 'ਸੁਧਾਰ' ਜਾਂ 'ਸਦਾਚਾਰ' ਵਰਗੇ ਇਕਹਿਰੇ ਸੂਤਰ ਉੱਤੇ ਹੋਣ ਦੀ ਬਜਾਇ ਪ੍ਰਗਤੀ ਦੇ ਵਿਆਪਕ ਲਖਸ਼ ਨੂੰ ਆਪਣਾ ਉਦੇਸ਼ ਮਿਥਿਆ ਜਾਂਦਾ ਹੈ। ਪ੍ਰਗਤੀ ਦੇ ਵਿਆਪਕ ਲਖਸ਼-ਉਦੇਸ਼ ਇਸ ਕਹਾਣੀ ਦੇ ਮੂਲ ਵਿਚਾਰਧਾਰਾਈ ਸਰੋਕਾਰ ਹੀ ਨਹੀਂ ਬਣਦੇ ਸਗੋਂ ਇਸ ਦੇ ਸਿੱਟੇ ਵਜੋਂ ਰੂਪਾਤਮਕ-ਤਕਨੀਕੀ ਪੱਧਰ ਉਤੇ ਵੀ ਕਥਾ-ਪੈਟਰਨ ਵਿਚ ਮਹੱਤਵਪੂਰਨ ਬਦਲਾਵ ਆਉਂਦਾ ਹੈ। ਹੁਣ ਕਹਾਣੀ 'ਹੁਨਰੀ ਨਿੱਕੀ ਕਹਾਣੀ' ਦੀ ਸੁਤੰਤਰ ਰੂਪ-ਵਿਧਾ ਦੇ ਤੌਰ 'ਤੇ ਸਥਾਪਿਤ ਹੁੰਦੀ ਹੈ ਅਤੇ ਇਸ ਦੀ ਆਂਤਰਿਕ ਸੰਰਚਨਾ ਦਾ ਇਕ

ਨਵਾਂ ਰੂਪ-ਵਿਧਾਨ ਸਾਹਮਣੇ ਆਉਂਦਾ ਹੈ। ਇਸ ਵਿਚ ਦੋ ਰਾਵਾਂ ਨਹੀਂ ਕਿ ਪੰਜਾਬੀ ਕਹਾਣੀ ਦੇ ਵਿਕਾਸ ਵਿਚ ਪ੍ਰਗਤੀਵਾਦੀ ਦੌਰ ਦੀ ਕਹਾਣੀ ਨੇ ਇਤਿਹਾਸਕ ਯੋਗਦਾਨ ਪਾਇਆ ਪਰ ਕਹਾਣੀ ਵਿਚ ਵਿਚਾਰਧਾਰਕ ਸੂਤਰਾਂ ਦੀ ਅਗਰਭੂਮਿਤ ਕਾਰਜਸ਼ੀਲਤਾ, ਇਹਨਾਂ ਸੂਤਰਾਂ ਨੂੰ ਦ੍ਰਿੜਾਉਣ ਲਈ ਯੋਗ ਸਥਿਤੀਆਂ-ਪ੍ਰਕਰਣਾਂ ਦੀ ਸਿਰਜਣਾ, ਸੰਘਰਸ਼ਸ਼ੀਲ ਨਾਇਕ ਪਾਤਰਾਂ ਦੀ ਘਾੜਤ, ਪ੍ਰਗਤੀਵਾਦੀ ਤੱਤਾਂ ਦੀ ਚੜ੍ਹਤ ਦਾ ਪ੍ਰਸੰਗ ਬਾਹਰਾ ਬਿਆਨ, ਕਹਾਣੀ ਦੀ ਅਕਾਰਗਤ ਸੀਮਾ ਅਤੇ ਆਦਿ-ਮੱਧ-ਅੰਤ ਸੰਬੰਧੀ ਮਕਾਨਕੀ ਵਤੀਰਾ ਆਦਿ ਪੈਟਰਨਗਤ ਵਿਸ਼ੇਸ਼ਤਾਵਾਂ-ਸੀਮਾਵਾਂ ਨੇ ਇਸ ਕਹਾਣੀ ਦੀਆਂ ਸਿਰਜਣਾਤਮਕ ਸੰਭਾਵਨਾਵਾਂ ਨੂੰ ਸੁਕੇੜਨਾ ਸ਼ੁਰੂ ਕਰ ਦਿੱਤਾ। ਤੀਸਰੇ ਦੌਰ ਦਾ ਕਥਾਕਾਰ ਇਸ ਸਿਰਜਣਾਤਮਕ ਚੁਨੌਤੀ ਨੂੰ ਬਹੁਤੰਦੀ ਕਥਾ-ਪੈਟਰਨ ਦੇ ਰੂਪ ਵਿਚ ਨਜਿੱਠਦਾ ਹੈ। ਇਹ ਸਮਾਂ ਉਹਨਾਂ ਸਭ ਮਿੱਥਪੂਰਨ ਭ੍ਰਾਂਤੀਆਂ ਦੇ ਟੁੱਟਣ ਦਾ ਸੀ ਜੋ 'ਆਜ਼ਾਦੀ ਦੇ ਸੁਪਨੇ' ਨਾਲ ਜੁੜੀਆਂ ਹੋਈਆਂ ਸਨ। ਬਦਲੀ ਹੋਈ ਇਸ ਵਸਤੂ-ਸਥਿਤੀ ਵਿਚ ਨਾਇਕਤਵ ਦੀ ਮਿੱਥ ਟੁੱਟਦੀ ਹੈ ਅਤੇ ਸਮਾਜਵਾਦ, ਸੰਘਰਸ਼, ਇਨਕਲਾਬ, ਦੇਸ਼ ਭਗਤੀ, ਅਜ਼ਾਦੀ ਆਦਿ ਰਾਸ਼ਟਰੀ ਗੌਰਵ ਦੀਆਂ ਪ੍ਰਤੀਕ ਮਿੱਥਾਂ ਦਾ ਖੋਖਲਾਪਨ ਉਜਾਗਰ ਹੁੰਦਾ ਹੈ। ਪੂੰਜੀਵਾਦੀ ਪ੍ਰਬੰਧ ਵਿਚ ਨਵੀਆਂ ਜਟਿਲ ਸਮਾਜਿਕ-ਮਾਨਸਿਕ ਸੰਰਚਨਾਵਾਂ ਹੋਂਦ ਵਿਚ ਆਉਣ ਨਾਲ ਵਿਅਕਤੀਕ੍ਰਿਤ-ਨਿੱਜਮੂਲਕ ਸੰਵੇਦਨਾ ਅਗਰਭੂਮੀ ਵਿਚ ਆਉਂਦੀ ਹੈ ਅਤੇ ਸਮੂਹਕ ਹਿੱਤ ਤੇ ਸੰਘਰਸ਼ ਦੀ ਭਾਵਨਾ ਪਿੱਛੇ ਪੈਣ ਲੱਗਦੀ ਹੈ। ਮਨੁੱਖ ਦੇ ਆਂਤਰਿਕ ਤੇ ਬਾਹਰੀ ਯਥਾਰਥ ਨਾਲ ਜੁੜੇ ਅਨੁਭਵ ਦੀ ਵੰਨ-ਸੁਵੰਨਤਾ, ਬਹੁ ਪਰਤਤਾ, ਬਹੁ ਪਾਸਾਰਤਾ ਤੇ ਗਹਿਰਾਈ ਦੇ ਨਵੇਂ ਕਲਾ ਆਯਾਮ ਪੰਜਾਬੀ ਕਹਾਣੀ ਵਿਚ ਪ੍ਰਵੇਸ਼ ਪਾਉਂਦੇ ਹਨ। ਇਸ ਦੇ ਫਲਸਰੂਪ ਕੇਵਲ ਬਹੁਤੰਦੀ ਹੀ ਨਹੀਂ ਸਗੋਂ ਜਟਿਲ ਲੰਮਾ-ਬਿਰਤਾਂਤ ਸਾਹਮਣੇ ਆਇਆ। ਸੰਧੂ ਨੇ ਆਪਣੇ ਨਿਵੇਕਲ ਬਹੁਤੰਦੀ ਬਿਰਤਾਂਤ ਰਾਹੀਂ ਨਿਮਨ ਕਿਸਾਨੀ ਸਮਾਜ ਦੀ ਤਣਾਉਪੂਰਨ ਯਥਾਰਥ-ਸਥਿਤੀ ਨੂੰ ਖੱਬੇ ਪੱਖੀ ਰਾਜਨੀਤੀ ਦੇ ਉਭਾਰ ਅਤੇ ਲੋਕ ਹਿੱਤਾਂ/ਮੰਗਾਂ ਦੀ ਆੜ ਹੇਠ ਫਿਰਕੂ ਹਿੰਸਕ ਸਿਆਸਤ ਦੇ ਉਭਾਰ ਕਾਰਨ ਪੈਦਾ ਹੁੰਦੇ ਦੁਖਾਂਤ ਦੇ ਪ੍ਰਸੰਗ ਵਿਚ ਬਹੁਤ ਪ੍ਰਮਾਣਿਕ, ਯਥਾਰਥ ਤੇ ਸੁਹਜਾਤਮਕ ਰੂਪ ਵਿਚ ਪੇਸ਼ ਕੀਤਾ। ਪ੍ਰੇਮ ਪ੍ਰਕਾਸ਼ ਨੇ ਲਗਪਗ ਅਜਿਹੇ ਹੀ ਬਿਰਤਾਂਤ- ਪੈਟਰਨ ਰਾਹੀਂ ਸ਼ਹਿਰੀ ਮੱਧ ਵਰਗ ਦੇ ਆਂਤਰਿਕ ਮਨੋ ਯਥਾਰਥ ਦੇ ਰਹੱਸਾਤਮਕ ਪਹਿਲੂਆਂ ਅਤੇ ਵਿਸ਼ੇਸ਼ ਕਰਕੇ ਇਸਤਰੀ-ਪੁਰਸ਼ ਸੰਬੰਧਾਂ ਦੇ ਰਹੱਸ ਨੂੰ ਦਾਰਸ਼ਨਿਕ ਚਿੰਤਨ ਦੇ ਧਰਾਤਲ ਉਤੇ ਗਲਪੀ-ਬਿੰਬ ਵਿਚ ਢਾਲਿਆ। ਪਰਵਾਸੀ ਕਥਾਕਾਰਾਂ ਵਿਚੋਂ ਰਘਬੀਰ ਢੰਡ, ਦਰਸ਼ਨ ਧੀਰ, ਰਵਿੰਦਰ ਰਵੀ, ਸਵਰਨ ਚੰਦਨ, ਤਰਸੇਮ ਨੀਲਗਿਰੀ, ਗੁਰਨਾਮ ਗਿੱਲ, ਸ਼ਿਵਚਰਨ ਗਿੱਲ ਅਤੇ ਮੁਖ ਧਾਰਾ ਵਿਚ ਗੁਲਜ਼ਾਰ ਸਿੰਘ ਸੰਧੂ, ਗੁਰਬਚਨ ਭੁੱਲਰ, ਜਸਬੀਰ ਭੁੱਲਰ, ਜਸਵੰਤ ਸਿੰਘ ਵਿਰਦੀ, ਰਾਮ ਸਰੂਪ ਅਣਖੀ, ਕਿਰਪਾਲ ਕਜ਼ਾਕ, ਅਤਰਜੀਤ, ਦਲਬੀਰ ਚੇਤਨ, ਗੁਰਪਾਲ ਲਿੱਟ, ਗੁਰਦੇਵ ਰੁਪਾਣਾ, ਸੁਖਵੰਤ ਮਾਨ, ਪ੍ਰੇਮ ਗੋਰਖੀ ਆਦਿ ਨੇ ਯਥਾਰਥ ਵਸਤੂ ਵਿਚ ਕਾਰਜਸ਼ੀਲ ਪ੍ਰਵਿਰਤੀਆਂ ਅਤੇ ਝੁਕਾਵਾਂ ਅਨੁਕੂਲ ਆਪਣੇ ਨਿਵੇਕਲੇ ਕਥਾ-ਮੁਹਾਵਰੇ ਨੂੰ ਸਿਰਜ ਕੇ ਬਹੁਤੰਦੀ ਕਥਾ ਮਾਡਲ ਦੀਆਂ ਭਰਪੂਰ ਸਿਰਜਣਾਤਮਕ ਸੰਭਾਵਨਾਵਾਂ ਨੂੰ ਉਜਾਗਰ ਕੀਤਾ।

ਆਪਣੇ ਰਚਨਾਵੀ ਪੈਟਰਨ ਤੇ ਸਰੋਕਾਰਾਂ ਦੀ ਦ੍ਰਿਸ਼ਟੀ ਤੋਂ ਸਮਕਾਲੀ ਪੰਜਾਬੀ ਕਹਾਣੀ ਤੀਸਰੇ ਦੌਰ ਦੇ ਬਹੁਤੰਦ੍ਰੀ ਕਥਾ-ਮਾਡਲ ਦੀਆਂ ਸਿਰਜਣਾਤਮਕ ਕਲਾ ਸੰਭਵਨਾਵਾਂ ਨੂੰ ਹੋਰ ਵਿਸਤ੍ਰਿਤ ਤੇ ਮੋਕਲਾ ਕਰਦੀ ਹੈ। ਇਹ ਅਜਿਹੇ ਵਿਸ਼ਾਲ ਵਸਤੂ ਧਰਾਤਲ ਉੱਤੇ ਉਸਰਦੀ ਹੈ ਜਿਸ ਵਿਚ ਅਨੁਭਵ ਦੀ ਵੰਨ ਸੁਵੰਨਤਾ, ਵਿਵੱਧਤਾ, ਬਹੁਰੰਗਤਾ, ਸਮੀਪਤਾ ਤੇ ਗਹਿਰਾਈ ਹੈ। ਕਥਾਕਾਰ ਆਪਣੇ ਅਨੁਭਵ ਤੇ ਗਿਆਨ- ਕਿਰਿਆ ਨੂੰ ਜ਼ਿੰਦਗੀ ਦੇ ਵਿੰਭਿਨ ਖੇਤਰਾਂ ਨਾਲ ਜੋੜ ਕੇ ਇਸ ਪ੍ਰਕਾਰ ਗਲਪ-ਬਿੰਬ ਦੀ ਸਿਰਜਣਾ ਕਰਦਾ ਹੈ ਕਿ ਇਸ ਵਿਚੋਂ ਅਰਥਾਂ ਦੀਆਂ ਅਨੇਕ ਧੁਨੀਆਂ-ਪ੍ਰਤਿ ਧੁਨੀਆਂ ਅਤੇ ਸੁਰਾਂ ਸਮਾਨੰਤਰ ਰੂਪ ਵਿਚ ਉੱਭਰਦੀਆਂ ਹਨ। ਇਹ ਬਹੁ ਸੁਰਾਂ ਵਿਗਠਿਤ ਯਥਾਰਥ ਵਿਚ ਲੁਪਤ ਵਿਰੋਧਭਾਸੀ ਸੱਚ ਦੇ ਸਰੂਪ ਨੂੰ ਚਿਹਨਿਤ ਕਰਦੀਆਂ ਹਨ। ਜਿਸ 'ਪ੍ਰਸਥਿਤੀਆਂ ਦੇ ਸੱਚ' ਦੀ ਗੱਲ ਕਦੇ ਪ੍ਰੇਮ ਪ੍ਰਕਾਸ਼ ਨੇ ਕੀਤੀ ਸੀ, ਨਵੇਂ ਕਥਾਕਾਰ ਦੀ ਨਜ਼ਰ ਵਿਚ ਇਹ ਸੱਚ ਇਨਾ ਰਹੱਸਪੂਰਨ ਅਤੇ ਇਸ ਦੀ ਹੋਂਦ ਏਨੀ ਹਾਂਟਿੰਗ ਹੋ ਗਈ ਹੈ ਕਿ ਕਈ ਵਾਰ ਇਸਦਾ ਤੁਸੱਵਰ ਹੀ ਪਾਠਕ ਨੂੰ ਦਹਿਲਾ ਦਿੰਦਾ ਹੈ। ਵਸਤੂ-ਸਥਿਤੀ ਦੇ ਚਿਹਨੀਕਰਨ, ਪ੍ਰਤੀਕੀਰਨ ਤੇ ਸੰਕੇਤੀਕਰਨ ਨਾਲ ਇਸ ਸੱਚ ਦੇ ਕਈ ਸਿੱਧੇ-ਪੁੱਠੇ ਰੂਪ ਤੇ ਉਨਾਂ ਨਾਲ ਜੁੜੇ ਤਰਕ-ਵਿਤਰਕ ਉਭਰਦੇ ਹਨ। ਇਹ ਬਹੁਸੁਰਤਾ ਜਿੱਥੇ ਨਵੀਂ ਕਹਾਣੀ ਦੇ ਨਵੇਕਲੇ ਥੀਮੈਟਕ ਪੈਟਰਨ ਨੂੰ ਉਭਾਰਦੀ ਹੈ, ਉੱਥੇ ਇਸ ਤੋਂ ਵਿਕਸਿਤ ਹੋ ਰਹੇ ਨਵੇਂ ਸੰਰਚਨਾ-ਪੈਟਰਨ ਦਾ ਵੀ



ਪਤਾ ਲੱਗਦਾ ਹੈ। ਇਹ ਬਹੁਸਰਤਾ ਕੇਵਲ ਮੈਂ ਮੂਲਕ ਪਾਤਰ ਦੀ ਸਾਧਾਰਨ ਕਾਰਜਸ਼ੀਲਤਾ ਕਾਰਨ ਨਹੀਂ ਸਗੋਂ ਕਥਾ ਵਿਚ ਵਾਰ-ਵਾਰ ਬਦਲਦੀ ਉਸਦੀ ਬਿਰਤਾਂਤਕ ਪਜ਼ੀਸ਼ਨ ਦੇ ਨੁਕਤੇ ਤੋਂ ਵੀ ਪੈਦਾ ਹੁੰਦੀ ਹੈ। ਇਸ ਤਰ੍ਹਾਂ ਵੱਖ-ਵੱਖ ਧਿਰਾਂ ਤੇ ਸਥਿਤੀਆਂ ਦਰਮਿਆਨ ਇਕ ਨਿਰੰਤਰ ਜਟਿਲ ਸੰਵਾਦ ਦੀ ਸਥਿਤੀ ਬਣੀ ਰਹਿੰਦੀ ਹੈ। ਇਸ ਕਹਾਣੀ ਦੇ ਅਜਿਹੇ ਵਸਤੂਗਤ ਤੇ ਰੂਪਗਤ ਖਾਸੇ ਕਾਰਨ ਹੀ ਇਸ ਨੂੰ 'ਬਹੁ ਸੁਰ ਤੇ ਮੈਂ ਮੂਲਕਤਾ ਦੀ ਜਟਿਲ ਸੰਵਾਦੀ ਕਹਾਣੀ ਦਾ ਨਾਂ ਦਿੱਤਾ ਗਿਆ ਹੈ। ਇਸਦੀ ਬਹੁਸੁਰਤਾ ਮੈਂ ਮੂਲਕਤਾ ਤੇ ਜਟਿਲ ਸੰਵਾਦੀ ਪ੍ਰਕਿਰਤੀ ਨੂੰ ਕਥਾ ਵਿਚ ਪੇਸ਼ ਵਸਤੂ-ਸਥਿਤੀ ਅਤੇ ਇਸ ਦੇ ਪਿਛੋਕੜ ਵਿਚ ਕਾਰਜਸ਼ੀਲ ਜਟਿਲ ਸੱਭਿਆਚਾਰਕ ਕੋਡਾਂ, ਸੰਦਰਭਾਂ, ਪ੍ਰੇਰਕਾਂ ਤੇ ਕਾਰਨਾਂ ਦੇ ਬੋਧ ਨਾਲ ਸਮਝਿਆ ਜਾ ਸਕਦਾ ਹੈ। ਰਚਨਾਵੀ ਸਰੋਕਾਰਾਂ ਤੇ ਵਸਤੂ-ਅਨੁਭਵਾਂ ਦੇ ਆਧਾਰ ਉਤੇ ਭਾਵੇਂ ਕਈ ਵਾਰ ਸਮਕਾਲੀ ਕਹਾਣੀ ਨੂੰ ਨਿਮਨ ਕਿਸਾਨੀ ਦੇ ਸੰਕਟ ਦੀ ਕਹਾਣੀ, ਦਲਿਤ ਚੇਤਨਾ ਦੀ ਕਹਾਣੀ, ਪਰਵਾਸੀ ਚੇਤਨਾ ਦੀ ਕਹਾਣੀ,ਨਾਰੀ ਚੇਤਨਾ ਜਾਂ ਇਸਤਰੀ-ਪੁਰਸ਼ ਦੇ ਵਰਜਿਤ ਸੰਬੰਧਾਂ ਦੀ ਕਹਾਣੀ ਆਦਿ ਪ੍ਰਵਿਰਤੀ ਮੂਲਕ ਵਰਗਾਂ ਵਿਚ ਵੰਡ ਲਿਆ ਜਾਂਦਾ ਹੈ ਪਰ ਜੇ ਇਸਦੇ ਸਮੁੱਚੇ ਸੰਰਚਨਾਤਮਕ ਸੰਗਠਨ ਤੇ ਪੈਟਰਨ ਨੂੰ ਵੇਖੀਏ ਤਾਂ ਇਹ ਵਰਗ-ਵੰਡ ਅਤਾਰਕਿਕ ਹੀ ਨਹੀਂ ਸਗੋਂ ਅਨਿਆਇਪੂਰਨ ਵੀ ਜਾਪਦੀ ਹੈ। ਸਮਕਾਲ ਦੀਆਂ ਚਰਚਿਤ ਕਹਾਣੀਆਂ ਵਿਚੋਂ ਮੈਨੂੰ ਕੋਈ ਇਕ ਵੀ ਅਜਿਹੀ ਰਚਨਾ ਨਹੀਂ ਲੱਭੀ ਜਿਸ ਵਿਚ ਨਿਰੋਲ ਕਿਸਾਨ, ਨਿਰੋਲ ਦਲਿਤ, ਨਿਰੋਲ ਪਰਵਾਸੀ ਜਾਂ ਔਰਤ-ਔਰਤ ਸੰਵੇਦਨਾ ਔਰਤ ਚੇਤਨਾ ਵਿਚੋਂ ਕਿਸੇ ਇਕ ਖੇਤਰ ਦਾ ਸੀਮਤ ਅਨੁਭਵ ਹਾਸਿਲ ਹੋਵੇ। ਏਨਾ ਹੀ ਨਹੀਂ, ਇਹ ਕਥਾ- ਬਿੰਬ ਕਿਸੇ ਇਕਹਿਰੀ ਵਿਚਾਰਧਾਰਾ, ਟਿਕਹਿਰੀ ਦ੍ਰਿਸ਼ਟੀ ਜਾਂ ਏਕਾਧਿਕਾਰੀ ਪ੍ਰਬੰਧ ਨੂੰ ਅੰਤਿਮ ਤੇ ਸੰਪੂਰਨ ਮੰਨਣ ਵਾਲੀ ਧਾਰਨਾ ਨੂੰ ਮੂਲੋਂ ਰੱਦ ਕਰਦਾ ਹੈ। ਦਰਅਸਲ ਵਿਵਸਥਾ ਦੀ ਕੇਂਦਰੀ ਕ੍ਰਿਤਤਾ, ਕਠੋਰਤਾ ਤੇ ਮਾਰੂ ਕਾਰਜਸ਼ੀਲਤਾ ਦੇ ਪ੍ਰਸੰਗ ਵਿਚ ਸਮਾਜਿਕ ਨਿਯਮਾਵਲੀ ਤੇ ਮਰਿਆਦਾ ਧਰਮ-ਕਰਮ ਦਾ ਵਿਧੀ ਵਿਧਾਨਕ ਚੌਖਟਾ, ਆਦਰਸ਼ ਤੇ ਵਿਹਾਰ, ਸੁਪਨਾ ਤੇ ਹਕੀਕਤ, ਨੈਤਿਕਤਾ-ਅਨੈਤਿਕਤਾ, ਵਰਜਿਤ-ਅਵਰਜਿਤ, ਚੰਗਾ-ਮੰਦਾ ਆਦਿ ਸਭ ਸੰਕਲਪਮੂਲਕ ਧਾਰਨਾਵਾਂ-ਮਨੌਤਾਂ ਦੀ ਹੋਂਦ ਅਤੇ ਇਹਨਾਂ ਦਾ ਸਾਪੇਖ ਸੱਚ ਗੁੰਝਲਦਾਰ ਵਸਤੂ ਸਥਿਤੀ ਵਿਚ ਉਲਝਿਆ ਹੋਇਆ ਹੈ। ਕਥਾਕਾਰ ਯਥਾਰਥ ਦੇ ਇਸ ਅੰਤਰੀਵ ਸਾਪੇਖ-ਸੱਚ ਤੱਕ ਰਸਾਈ ਕਰਨ ਲਈ ਸਮੂਹ ਚੇਤਨਾਵਾਂ,ਵਿਚਾਰ-ਪ੍ਰਬੰਧਾਂ ਤੇ ਉਹਨਾਂ ਨਾਲ ਜੁੜੇ ਤਰਕਾਂ-ਵਿਤਰਕਾਂ ਨੂੰ ਕਠੋਰ ਵਾਸਤਵਿਕ ਸਥਿਤੀ ਵਿਚ ਉਲਝਦੇ, ਟਕਰਾਉਂਦੇ ਤੇ ਖਹਿੰਦੇ ਹੋਏ ਵਿਖਾਲਦਾ ਹੈ। ਇਸ ਕਾਰਨ ਰਚਨਾ ਅੰਦਰੋਂ ਜੋ ਸਥਿਤੀ ਦਾ ਵਿਵੇਕ ਤੇ ਤਰਕ ਉੱਭਰਦਾ ਹੈ, ਇਹ ਸਥਿਤੀ ਨੂੰ ਸਮਝਣ ਵਿਚ ਜ਼ਰੂਰ ਸਹਾਈ ਹੁੰਦਾ ਹੈ ਪਰ ਕਿਸੇ ਅੰਤਮ ਪੱਖੀ(Absolute) ਸੱਚ ਨੂੰ ਸਥਾਪਿਤ ਕਰਨ ਤੋਂ ਗੁਰੇਜ਼ ਕਰਦਾ ਹੈ। ਡਾ. ਧਨਵੰਤ ਕੌਰ ਕਹਾਣੀ ਦੇ ਇਸ ਬਹੁਸੁਰਵਾਦੀ ਹੋਣ ਦਾ ਭਾਵ'ਕਥਾਨਕੀ ਬਣਤਰ ਵਿਚ ਇਕੋ ਵੇਲੇ ਬਹੁਤ ਸਾਰੀਆਂ ਖੁਦ ਮੁਖਤਾਰ ਧੁਨੀਆਂ-ਚੇਤਨਾਵਾਂ ਦੀ ਗੁੰਜਾਇਸ਼ ਬਣਾਉਣ ਤੋਂ ਲੈਂਦੇ ਹੈ। ਉਸ ਅਨੁਸਾਰ 'ਇਹ ਕਹਾਣੀ ਯਥਾਰਥ ਦੀ ਬਹੁਸਵੰਨਤਾ ਤੇ ਬਹੁਪਰਤਤਾ ਦੇ ਨਾਲ- ਨਾਲ ਅਜੋਕੇ ਮਨੁੱਖ ਦੀ ਟੇਢੀ ਡਲ੍ਹਕਦੀ ਮਨੋਸੰਰਚਨਾ ਨਾਲ ਜੁੜਦੀ ਹੈ।'

ਸਮਕਾਲੀ ਕਹਾਣੀ ਦੀ ਇਸ ਬਹੁਸੁਰੀ ਹੋਂਦ ਨੂੰ ਉੱਤਰ ਆਧੁਨਿਕੀ ਚਿੰਤਨ ਦੇ ਪਿਛੋਕੜ ਵਿਚ ਵੀ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਅਨੁਸਾਰ ਕਹਾਣੀ ਦਾ ਇਹ ਚੌਥਾ ਪੜਾਅ ਪੰਜਾਬੀ ਬਿਰਤਾਂਤ ਵਿਚਲੇ ਧੱਕੜ ਕੇਂਦਰਾਂ ਨਾਲ ਇਕਸੁਰਤਾ ਦੀ ਥਾਂ ਹਾਸ਼ੀਅਤ ਗਰੁੱਪਾਂ ਦੀ dissent ਅਤੇ difference ਦੀਆਂ ਸੁਰਾਂ ਦਾ ਇਜ਼ਹਾਰ ਹੈ। ਇਹ ਬਿਰਤਾਂਤ ਨਗੋਸ਼ਨ ਨਾਲੋਂ ਗੋਸ਼ੀਏਸ਼ਨ ਦੀ ਡੈਮੋਕਰੇਸੀ ਦਾ ਹੈ। ਇਹ ਨੇਗੋਸ਼ੀਏਸ਼ਨ ਅਰਥਾਂ ਦੀ ਮੁਕੰਮਲਤਾ ਦੀ ਬਜਾਏ, ਡਿਫਰੈਂਸ ਅਤੇ ਵਿਰੋਧਾਂ ਦੀ ਡਾਈਸੈਂਟ ਨੂੰ ਪੇਸ਼ ਕਰਕੇ ਅਨਿਸ਼ਚਿਤ ਅਤੇ ਖੁਲ੍ਹੇ ਅੰਤ ਪਾਠ ਦਾ ਕਥਾਨਿਕ ਹੈ। ਇਹ ਕਹਿਣਾ ਤਾਂ ਕਠਿਨ ਹੈ ਕਿ ਰਚਨਾਵੀ ਪੈਟਰਨ ਤੇ ਸਰੋਕਾਰਾਂ ਦੇ ਪੱਖ ਤੋਂ ਵਿਖੰਡਨ ਸਿਧਾਂਤ ਜਾਂ ਉਤਰ ਆਧੁਨਿਕੀ ਚਿੰਤਨ ਫੌਰੀ ਤੌਰ 'ਤੇ ਕਿਸ ਹੱਦ ਤੱਕ ਨਵੀਂ ਪੰਜਾਬੀ ਕਹਾਣੀ ਉੱਤੇ ਅਸਰ ਅੰਦਾਜ਼ ਹੁੰਦਾ ਹੈ ਅਤੇ ਇਹ ਵੀ ਕਿ ਪੰਜਾਬੀ ਕਥਾਕਾਰ ਕਿੰਨਾ ਕੁ ਇਸ ਸਮੁੱਚੇ ਗਿਆਨ-ਪ੍ਰਬੰਧ ਤੋਂ ਪਰਿਚਿਤ ਹੈ ਪਰ ਇਹ ਤੱਥ ਤਾਂ ਸਪੱਸ਼ਟ ਹੈ ਕਿ ਸਮਕਾਲੀ ਕਥਾਕਾਰ ਨੇ ਅਚੇਤ-ਸੁਚੇਤ ਤੌਰ 'ਤੇ ਵਿਸ਼ਵੀਕਰਨ-ਉਦਾਰੀਕਰਨ ਦੀ ਪ੍ਰਕਿਰਿਆ ਤੋਂ ਚੋਖਾ ਪ੍ਰਭਾਵ ਗ੍ਰਹਿਣ ਕੀਤਾ। ਵਿਸ਼ਵੀਕਰਨ ਦਾ ਪ੍ਰਕਰਣ ਇਸ ਕਹਾਣੀ ਦੇ ਉੱਭਰ ਰਹੇ ਪੈਟਰਨਾਂ ਤੇ ਸਰੋਕਾਰਾਂ ਨੂੰ ਸਮਝਣ ਲਈ ਮਹੱਤਵਪੂਰਣ ਅੰਤਰ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ।

ਸਮਾਜ ਵਿਗਿਆਨਕ ਦ੍ਰਿਸ਼ਟੀ ਤੋਂ ਵਿਸ਼ਵੀਕਰਨ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਰਾਹੀਂ

ਲੋਕਾਂ, ਤਕਨੀਕ, ਪੈਸਾ ਤੇ ਵਿਚਾਰਾਂ ਦਾ ਵਿਸ਼ਵ ਪੱਧਰ ਉੱਤੇ ਪ੍ਰਵਾਹ ਹੁੰਦਾ ਹੈ। ਇਸ ਵਹਾਅ ਨੂੰ ਮੁੱਖ ਤੌਰ 'ਤੇ ਨਸਲ ਸਕੋਪ (Athnoscope) ਤੱਕਨੋਸਕੋਪ (Techno scope), ਮੀਡੀਆ ਸਕੋਪ (Media scope) ਵਿੱਤ ਸਕੋਪ (Fina scope) ਅਤੇ ਵਿਚਾਰ ਸਕੋਪ (Ideo scope) ਰੂਪਾਂ ਵਿਚ ਲਿਆ ਜਾਂਦਾ ਹੈ। ਨਸਲ ਸਕੋਪ ਦੇ ਅੰਤਰਗਤ ਇਹ ਤੱਥ ਉੱਭਰਦਾ ਹੈ ਕਿ ਪੰਜਾਬੀ ਪਰਵਾਸੀ ਦੇ ਵੱਡੀ ਪੱਧਰ ਉੱਤੇ ਹੋਰਨਾਂ ਦੇਸ਼ਾਂ ਵਿਚ ਜਾਣ ਤੇ ਬਿਹਾਰ, ਯੂ. ਪੀ. ਬੰਗਾਲ ਆਦਿ ਤੋਂ ਕਿਰਤੀਆਂ (ਭਈਏ ) ਦੇ ਇੱਥੇ ਆਣ ਦਾ ਪੰਜਾਬ ਦੀ ਸਮਾਜਿਕ-ਆਰਥਿਕ ਬਣਤਰ ਉਤੇ ਕਾਫੀ ਅਸਰ ਪਿਆ ਹੈ। ਅਖ਼ਬਾਰ, ਰੇਡੀਓ, ਸੈਟੇਲਾਈਟ ਟੈਲੀਵਿਜ਼ਨ, ਕੰਪਿਊਟਰ, ਟੈਲੀਫੋਨ, ਮੋਬਾਈਲ ਫੋਨ, ਫੈਕਸ, ਈ ਮੇਲ, ਇੰਟਰਨੈੱਟ ਆਦਿ ਸੰਚਾਰ ਸਾਧਨ ਕੇਵਲ ਵਿਸ਼ਵ -ਵਿਆਪੀ ਜਾਣਕਾਰੀ ਹੀ ਨਹੀਂ ਦੇ ਰਹੇ ਸਗੋਂ ਇਹ ਮਨੁੱਖ ਦੇ ਅੰਦਰ ਨਵੇਂ ਵਿਚਾਰ, ਨਵੇਂ ਸੁਪਨੇ ਅਤੇ ਨਵੀਆਂ ਆਸ਼ਾਵਾਂ ਵੀ ਪੈਦਾ ਕਰ ਰਹੇ ਹਨ। ਮੀਡੀਆ ਤੇ ਤਕਨੀਕ ਦੇ ਇਸ ਵਹਾਅ ਦੇ ਪ੍ਰਭਾਵ ਸਰੂਪ ਕਹਾਣੀ ਦੇ ਸੰਚਾਰ ਮੂਲਕ ਪੈਟਰਨ ਉੱਤੇ ਵੀ ਚੋਖਾ ਪ੍ਰਭਾਵ ਪਿਆ ਹੈ ਜਿਸ ਦੇ ਸਿੱਟੇ ਵਜੋਂ ਕਈ ਅਸਲੋਂ ਨਵੀਆਂ-ਨਿਆਰੀਆਂ ਕਥਾ-ਜੁਗਤਾਂ ਸਾਹਮਣੇ ਆਈਆਂ ਹਨ। ਟੀ.ਵੀ. ਕੰਪਿਊਟਰ ਤੇ ਫ਼ਿਲਮਕਾਰੀ ਦੇ ਪ੍ਰਭਾਵ ਕਾਰਨ ਦ੍ਰਿਸ਼ ਕਲਾ (**Visual Art**) ਨਾਲ ਸੰਬੰਧਿਤ ਕਲਾ- ਜੁਗਤਾਂ ਦਾ ਵਿਆਪਕ ਪ੍ਰਯੋਗ ਹੋਣ ਲੱਗ ਪਿਆ ਹੈ। ਕਈ ਵਾਰ ਤਾਂ ਕਥਾਕਾਰ ਸਮੁੱਚੇ ਕਥਾ-ਬਿਰਤਾਂਤ ਨੂੰ ਦ੍ਰਿਸ਼ਕਾਰੀ ਦੀ ਹੀ ਪੱਧਰ ਉਤੇ ਵਿਉਂਤਦਾ ਜਾਪਦਾ ਹੈ। ਪੂੰਜੀ ਅਤੇ ਮੰਡੀ ਨਾਲ ਜੁੜੀਆਂ ਕੀਮਤਾਂ ਨੇ ਖਪਤਕਾਰੀ ਸੱਭਿਆਚਾਰ ਦੀ ਚਮਕ-ਦਮਕ ਵਾਲਾ ਇਕ ਅਨੋਖਾ ਜੀਵਨ ਪੈਟਰਨ ਸਾਡੇ ਸਨਮੁੱਖ ਕੀਤਾ ਹੈ। ਆਜ਼ਾਦੀ, ਮਨੁੱਖੀ ਅਧਿਕਾਰ, ਬਰਾਬਰੀ, ਵਿਕਾਸ, ਸ਼ਾਂਤੀ, ਲੋਕਤੰਤਰ ਆਦਿ ਕੁਝ ਸਾਂਝੇ ਵਿਸ਼ਵੀ ਸੰਕਲਪਾਂ ਦੀ ਪੰਜਾਬੀ ਮਾਨਸਿਕਤਾ ਉੱਤੇ ਡੂੰਘਾ ਅਸਰ ਪਿਆ ਹੈ। ਇਸ ਦੇ ਸਿੱਟੇ ਵਜੋਂ ਸਮਾਜਿਕ-ਸੱਭਿਆਚਾਰਕ ਤੇ ਆਰਥਿਕ ਦ੍ਰਿਸ਼ਟੀ ਤੋਂ ਹਾਸ਼ੀਏ ਉਤੇ ਵਿਚਰਨ ਲਈ ਮਜਬੂਰ ਹੋਈਆਂ ਮਾਨਵੀ ਹੋਂਦਾਂ ਕੇਂਦਰ ਵਿਚ ਆਉਣ ਲਈ ਯਤਨਸ਼ੀਲ ਹੋਈਆਂ ਹਨ। ਨਿਮਨ ਕਿਸਾਨਾਂ, ਦਲਿਤਾਂ, ਮਜ਼ਦੂਰਾਂ, ਕੰਮੀਆਂ-ਕਿਰਤੀਆਂ, ਔਰਤਾਂ ਤੇ ਘੱਟ ਗਿਣਤੀਆਂ ਆਦਿ ਵਿਚ ਜ਼ਾਤ, ਜਮਾਤ, ਰੰਗ, ਨਸਲ ਤੇ ਧਰਮ ਦੇ ਆਧਾਰ ਉੱਤੇ ਹੁੰਦੇ ਵਿਤਕਰਿਆਂ, ਨਾ ਬਰਾਬਰੀ ਸ਼ੋਸ਼ਣ, ਦਮਨ, ਤ੍ਰਿਸਕਾਰ, ਉਤਪੀੜਨ ਤੇ ਬੇਇੱਜ਼ਤੀ ਪ੍ਰਤਿ ਵਿਆਪਕ ਵਿਦਰੋਹੀ ਚੇਤਨਾ ਪੈਦਾ ਹੋਈ ਹੈ। ਹਾਸ਼ੀਆਗ੍ਰਸਤ ਸਪੇਸ ਤੋਂ ਕੇਂਦਰੀ ਸਪੇਸ ਵੱਲ ਇਹਨਾਂ ਦੀ ਕਾਰਜਸ਼ੀਲਤਾ ਨੇ ਵਿਰਸੇ ਤੋਂ ਪ੍ਰਾਪਤ ਬਹੁਤ ਸਾਰੀਆਂ ਸੰਸਕਾਰ ਮੂਲਕ ਧਾਰਨਾਵਾਂ, ਸੰਸਥਾਵਾਂ, ਮਨੌਤਾਂ, ਪ੍ਰਤਿਮਾਨਾਂ, ਮਾਪਦੰਡਾਂ ਤੇ ਵਰਜਨਾਵਾਂ ਨੂੰ ਪੁਨਰਚਿੰਤਨੀ ਪ੍ਰਕਿਰਿਆ ਵਿਚ ਪਾ ਕੇ ਪੁਨਰ ਪਰਿਭਾਸ਼ਤ, ਪੁਨਰ ਸਿਰਜਿਤ ਕਰਨ ਦੀ ਲੋੜ ਦਾ ਅਭਾਸ ਕਰਵਾਇਆ ਹੈ। ਇਸ ਵਸਤੂ-ਸਥਿਤੀ ਵਿਚ ਸਥਾਪਿਤ ਨੂੰ ਵਿਸਥਾਪਿਤ, ਵਿਕੇਂਦਰਿਤ ਨੂੰ ਕੇਂਦਰਿਤ ਕਰਨਾ ਹੀ ਸਮਕਾਲੀ ਕਹਾਣੀ ਦਾ ਇਕ ਮੁੱਖ ਰਚਨਾਵੀ ਸਰੋਕਾਰ ਤੇ ਪੈਟਰਨ ਹੈ ਜੋ ਇਸ ਦੇ ਬਿਰਤਾਂਤ ਵਿਚ ਵਾਰ-ਵਾਰ ਦੁਹਰਾਇਆ ਜਾ ਰਿਹਾ ਹੈ। ਇਹ ਪੈਟਰਨ ਘੱਟ ਗਿਣਤੀਆਂ, ਦਲਿਤਾਂ ਤੇ ਔਰਤਾਂ ਦੀ ਮਨੋ ਸੰਰਚਨਾ ਨੂੰ ਸਮਝਣ ਹਿੱਤ ਉਹਨਾਂ ਦੇ ਅਵਚੇਤਨੀ ਧਰਾਤਲ ਦੀਆਂ ਗਹਿਰੀਆਂ ਲੁਪਤ ਪਰਤਾਂ ਨੂੰ ਉਘਾੜਨ ਵਿਚ ਬਹੁਤ ਸਹਾਈ ਹੋਇਆ ਹੈ। ਗੌਰਤਲਬ ਹੈ ਕਿ ਅਜਿਹੇ ਨਿਵੇਕਲੇ ਸਰੋਕਾਰਾਂ ਤੇ ਪੈਟਰਨਾਂ ਦੀ ਕਹਾਣੀ ਦੇ ਸਮਵਿੱਥ ਰਵਾਇਤੀ ਸਰੋਕਾਰਾਂ ਤੇ ਪੈਟਰਨਾਂ ਦੀ ਕਹਾਣੀ ਵੀ ਬਰਾਬਰ ਮਿਕਦਾਰ ਵਿਚ ਲਿਖੀ ਜਾ ਰਹੀ ਹੈ।

ਜਾਤ ਤੇ ਜਮਾਤ ਦੇ ਆਧਾਰ ਉੱਤੇ ਸਦੀਆਂ ਤੋਂ ਸ਼ੋਸ਼ਣ ਤੇ ਦਮਨ ਸ਼ਿਕਾਰ ਦਲਿਤ ਲੋਕਾਂ ਦੀ ਗੱਲ ਤਾਂ ਪੰਜਾਬੀ ਕਹਾਣੀ ਵਿਚ ਨਿਰੰਤਰ ਕੀਤੀ ਜਾਂਦੀ ਰਹੀ ਹੈ ਪਰੰਤੂ ਦਲਿਤ ਮਾਨਸਿਕਤਾ ਅੰਦਰਲੇ ਨਵੇਂ ਅੰਤਰ ਵਿਰੋਧ, ਤਣਾਓ, ਦਬਾਓ, ਦਵੰਦ ਮਨੋ ਗੁੰਝਲਾਂ ਤੇ ਗੱਠਾਂ ਨੂੰ ਜਿਸ ਨਿਵੇਕਲੇ ਕਲਾਤਮਿਕ ਅੰਦਾਜ਼ ਵਿਚ ਨਵੇਂ ਕਥਾਕਾਰਾਂ ਨੇ ਉਭਾਰਿਆ ਹੈ, ਇਹ ਇਕ ਆਪਣੀ ਹੀ ਤਰ੍ਹਾਂ ਦਾ ਰਚਨਾਵੀ ਸੰਸਾਰ ਹੈ। ਇਸ ਦ੍ਰਿਸ਼ਟੀ ਤੋਂ ਨੂੰਹਾਂ (ਅਤਰਜੀਤ), ਨੌਂ ਬਾਰਾਂ ਦਸ (ਵਰਿਆਮ ਸੰਧੂ), ਹੁੰਮਸ (ਕਿਰਪਾਲ ਕਜ਼ਾਕ), ਅੱਧੇ ਅਧੂਰੇ(ਲਾਲ ਸਿੰਘ), ਇਕਬਾਲੀਆ ਬਿਆਨ(ਦਲਬੀਰ ਚੇਤਨ), ਵਿੱਥ (ਪ੍ਰੇਮ ਗੋਰਖੀ) ਆਦਿ ਕਥਾਵਾਂ ਰਾਹੀਂ ਤੀਸਰੇ ਪੜਾਅ ਦੇ ਕਥਾਕਾਰਾਂ ਨੇ ਵੀ ਚੰਗੀ ਕਥਾ ਯੋਗਤਾ ਦੇ ਪ੍ਰਮਾਣ ਦਿੱਤੇ ਹਨ। ਨਵੇਂ ਕਥਾਕਾਰਾਂ ਨੇ ਦਲਿਤ ਜੀਵਨ ਯਥਾਰਥ ਦੇ ਜੋ ਗਲਪ-ਬਿੰਬ ਪੇਸ਼ ਕੀਤੇ ਹਨ, ਇਹ ਅਨੇਕ ਪੱਖਾਂ ਤੋਂ ਧਿਆਨਯੋਗ ਹਨ। ਇਸ ਗਲਪ-ਬਿੰਬ ਵਿਚ ਸਰਵਣ ਤੇ ਗੈਰ ਸਰਵਣ ਜਾਤੀਆਂ ਦੇ ,ਸਾਮਾਨਯ ਤੌਰ ਤੇ ਦ੍ਰਿਸ਼ਟੀ ਗੋਚਰ ਹੁੰਦੇ ਟਕਰਾਵਾਂ,ਤਣਾਵਾਂ ਤੋਂ ਪਾਰ ਜਾ ਕੇ ਨਿਮਨ ਜਾਤੀਆਂ ਦੇ ਆਂਤਰਿਕ ਟਕਰਾਵਾਂ, ਭ੍ਰਾਂਤੀਪੂਰਣ ਦ੍ਰਿਸ਼ਟੀਆਂ, ਜਾਤ ਨੂੰ ਪ੍ਰਗਟਾਉਣ-ਲੁਕਾਉਣ ਨਾਲ ਜੁੜੀਆਂ



ਮਨੋ-ਗੁੰਝਲਾਂ, ਜਾਤੀਮੂਲਕ-ਕਿਰਤਮੂਲਕ ਸੰਸਕਾਰਾਂ ਦੇ ਰੂਪ ਵਿਚ ਸਥਾਪਿਤ ਮਿਥਾਂ, ਨਵੀਆਂ ਸਮਾਜੀ-ਆਰਥਿਕ ਸਥਿਤੀਆਂ ਵਿਚ ਜਾਤ ਤੇ ਕਿਰਤ ਦੇ ਬਦਲਦੇ ਪਰਸਪਰ ਸੰਬੰਧ, ਆਰਥਿਕ ਉਥਾਨ ਦੇ ਨਾਲ ਜਾਤ-ਪਾਤ ਪ੍ਰਬੰਧ ਨੂੰ ਕਿਤੇ ਢਿੱਲਾ ਤੇ ਕਿਤੇ ਕੱਸਦੀਆਂ ਹੋਈਆਂ ਵਸਤੂ-ਸਥਿਤੀਆਂ, ਜਾਤੀ ਵਿਵਸਥਾ ਨੂੰ ਪੱਕਾ ਕਰਨ ਲਈ ਓਹਲਾ ਬਣਦਾ ਧਰਮ ਦਾ ਸੰਸਥਾਈ ਸਰੂਪ,ਸਿੱਖਿਆ-ਸੰਗਠਨ ਤੇ ਰਾਜਨੀਤਿਕ ਚੇਤਨਾ ਦੇ ਬਲ 'ਤੇ ਦਲਿਤ ਯੁਵਕਾਂ ਵਿਚ ਆ ਰਿਹਾ ਮਹੱਤਵ ਪੂਰਨ ਬਦਲਾਵ, ਪੂੰਜੀਵਾਦੀ ਵਪਾਰਕ ਰੁਚੀਆਂ ਦੇ ਪਨਪਣ ਨਾਲ ਮਰੇ ਪਸ਼ੂ ਢੋਣ ਤੇ ਖੱਲ ਲਾਹੁਣ ਵਰਗੇ ਗਲੀਜ਼ ਜਾਤੀ ਕਿੱਤਿਆਂ ਦਾ ਵੀ ਖੁੱਲ੍ਹੀ ਮੰਡੀ ਦੀ ਇਕ ਵਸਤ ਬਣ ਜਾਣਾ, ਜਾਤੀ ਹੈਂਕੜ ਤੇ ਜਾਤੀ ਹੀਣਤਾ ਦੇ ਇਕ ਦੂਜੇ ਵਿਚ ਮਿਸ਼ਰਿਤ ਹੁੰਦੇ ਜਟਿਲ ਭਾਵ, ਮੀਡੀਏ ਰਾਹੀਂ ਉੱਭਰ ਰਹੇ ਖਪਤ ਸੱਭਿਆਚਾਰ ਕਾਰਨ ਨਿਮਨ ਸ਼੍ਰੇਣੀਆਂ ਦੇ ਸਾਧਾਰਨ ਕਿਰਤੀ ਮਨਾਂ ਅੰਦਰ ਵੀ ਉੱਚ ਜਾਤੀ ਲੋਕਾਂ ਦੇ ਹੁਸੀਨ ਸੁਪਨੇ ਪੈਦਾ ਹੋਣੇ ਕਿੰਤੂ ਠੋਸ ਵਾਸਤਵਿਕਤਾ ਨਾਲ ਟਕਰਾ ਕੇ ਇਹਨਾਂ ਦਾ ਚੂਰ-ਚੂਰ ਹੋਣਾ ਆਦਿ ਕਿੰਨਾ ਕੁਝ ਵਸਤੂ- ਅਨੁਭਵ ਤੇ ਸਰੋਕਾਰਾਂ ਦੇ ਰੂਪ ਵਿਚ ਪੰਜਾਬੀ ਕਹਾਣੀ ਵਿਚ ਪ੍ਰਵੇਸ਼ ਪਾ ਰਿਹਾ ਹੈ, ਜੋ ਪਹਿਲਾਂ ਇਕ ਵਿੱਥ ਤੇ ਖਲੋਤਾ ਸੀ।

ਸਮਕਾਲੀ ਕਹਾਣੀ ਵਿਚ ਨਿਮਨ ਜਾਤੀ ਦਾ ਮੱਧ ਵਰਗੀ ਵਿਅਕਤੀ ਵੀ ਪਹਿਲੀ ਵਾਰ ਕਥਾ-ਨਾਇਕ ਤੌਰ 'ਤੇ ਉੱਭਰਿਆ ਹੈ। ਇਹ ਕਥਾ-ਨਾਇਕ ਜਾਤੀ ਲਕਬ ਤੋਂ ਮੁਕਤ ਹੋ ਕੇ ਆਪਣੇ ਆਪ ਨੂੰ ਬਰਾਬਰ ਦੇ ਇਨਸਾਨ ਦੇ ਤੌਰ ਤੇ ਸਥਾਪਿਤ ਹੋਣ ਦੀ ਪ੍ਰਕਿਰਿਆ ਵਿਚ ਪਿਆ ਹੋਇਆ ਕਦੇ ਆਪਣੇ ਬਜ਼ੁਰਗਾਂ ਦੀਆਂ ਜੜ੍ਹਾਂ ਵੱਲ ਪਰਤਦਾ ਹੈ. ਕਦੇ ਉੱਚ ਜਾਤਾਂ ਨਾਲੋਂ ਨਿਮਨ ਜਾਤਾਂ ਪ੍ਰਤਿ ਧਾਰਨ ਕੀਤੇ ਗਏ ਅਨਾਦਰੀ ਤੇ ਸ਼ੋਸ਼ਕੀ ਵਤੀਰੇ ਨੂੰ ਸਮਾਜਿਕ ਨਿਆਂ ਦੀ ਕਸਵੱਟੀ ਉੱਤੇ ਪਰਖਦਾ ਹੋਇਆ ਖਿਝਦਾ-ਕ੍ਰਿਝਦਾ. ਕਦੇ ਉਹ ਇਸ ਸਮੁੱਚੀ ਯਥਾਰਥ ਸਥਿਤੀ ਦੇ ਪ੍ਰਸੰਗ ਵਿਚ ਪ੍ਰਾਪਤ ਭਿੰਨ-ਭਿੰਨ ਵਸਤੂ ਬਦਲਾਂ-ਪ੍ਰਤਿਬਦਲਾਂ ਨੂੰ ਵਿਚਾਰਦਿਆਂ ਕਿਸੇ ਭਵਿੱਖੀ ਸੰਤੁਲਨ ਦੀ ਕਲਪਨਾ ਕਰਦਾ ਹੈ ਅਤੇ ਕਦੇ ਉਹ ਅੰਤਰ ਜਾਤੀ ਵਿਆਹ ਰਾਹੀਂ ਇਸ ਜਾਤ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਦਾ ਹੈ। ਅਜਿਹੇ ਪੈਟਰਨ ਵਾਲੀਆਂ ਕਹਾਣੀਆਂ ਦੇ ਬਿਰਤਾਂਤ ਵਿਚ ਮੈਂ ਮੂਲਕ ਪਾਤਰ ਦੀ ਚੇਤਨ ਅਵਚੇਤਨੀ, ਕਾਰਜਸ਼ੀਲਤਾ ਜਾਤ ਆਧਾਰਿਤ ਕਰੂਰ ਵਿਵਸਥਾ ਵਲੋਂ ਵਿਅਕਤੀਗਤ-ਸਮਾਜਿਕ ਪੱਧਰ ਉੱਤੇ ਪੈਦਾ ਕੀਤੇ ਗਏ ਅਸੰਤੁਲਨ ਤੋਂ ਕਿਸੇ ਸੰਭਾਵੀ ਸੰਤੁਲਨ ਦੀ ਤਲਾਸ਼ ਵੱਲ ਸੇਧਿਤ ਹੈ। ਜਿੰਦਰ ਦੀ ਕਹਾਣੀ 'ਬੈਲੰਸ਼ ਸ਼ੀਟ' ਦਾ ਮੈਂ ਮੂਲਕ ਪਾਤਰ ਪਿਆਰਾ ਰਾਮ ਅਜਿਹੀ ਅਸੰਤੁਲਿਤ ਵਸਤੂ-ਸਥਿਤੀ ਤੋਂ ਪੀੜਤ ਹੈ। ਉਹ ਜ਼ਿਹਨੀ ਪੱਧਰ 'ਤੇ ਵਾਰ-ਵਾਰ ਇਕ ਤਿਕੋਣ ਬਣਾਉਂਦਾ ਹੈ ਅਤੇ ਉਸ ਵਿਚ ਘਰ-ਪਰਿਵਾਰ ਤੇ ਸੰਪਰਕ ਵਿਚਲੇ ਦੂਸਰੇ ਵਿਅਕਤੀਆਂ ਨੂੰ ਅਲੱਗ-ਅਲੱਗ ਪੁਜ਼ੀਸ਼ਨਾਂ ਵਿਚ ਰੱਖ ਕੇ ਦੇਖਦਾ ਹੈ। ਕਹਾਣੀਕਾਰ ਇਸ ਪਾਤਰ ਦੇ ਮਾਧਿਅਮ ਰਾਹੀਂ ਅਜੋਕੇ ਜਾਤੀ-ਜਮਾਤੀ ਸਮੀਕਰਨਾਂ ਦੀ ਬਦਲੀ ਸਥਿਤੀ ਵਿਚ ਨਿਮਨ ਵਿਅਕਤੀ ਦੇ ਚੇਤਨ ਵਿਅਕਤੀ ਸਾਹਵੇਂ ਉੱਭਰ ਰਹੇ ਨਵੇਂ ਬਦਲਾਂ-ਪ੍ਰਤਿਬਦਲਾਂ ਨੂੰ ਗਲਪੀ-ਬਿੰਬ ਵਿਚ ਢਾਲਦਾ ਹੈ।

ਪਿਛਲੇ ਦਹਾਕੇ ਸਵਾ ਦਹਾਕੇ ਵਿਚ ਔਰਤ-ਮਰਦ ਦੇ ਵਰਜਿਤ ਰਿਸ਼ਤੇ ਨੂੰ ਆਧਾਰ ਬਣਾ ਕੇ ਕਥਾਕਾਰੀ ਕਰਨ ਦਾ ਇਕ ਵਿਸ਼ੇਸ਼ ਰੁਝਾਨ ਸਾਹਮਣੇ ਆਇਆ ਹੈ। ਪ੍ਰੇਮ ਪ੍ਰਕਾਸ਼ ਇਸ ਰੁਝਾਨ ਦੇ ਵਿਚਾਰਧਾਰਕ ਧਰਾਤਲ ਨੂੰ ਸੋਵੀਅਤ ਯੂਨੀਅਨ ਦੇ ਵਿਗਠਨ ਦੇ ਵਰਤਾਰੇ ਨਾਲ ਜੋੜ ਕੇ ਇਸ ਵਿਚ ਸਾਹਿਤ ਦੇ 'ਚਹੁਮੁਖੀ ਵਿਕਾਸ' ਦੀਆਂ ਸੰਭਾਵਨਾਵਾਂ ਦੇਖਦਾ ਹੈ....ਮੈਨੂੰ ਇਸ ਗੱਲ ਦੀ ਖ਼ੁਸ਼ੀ ਏ ਪੰਜਾਬੀ ਸਾਹਿਤ ਵਿਚ ਰੂਸ ਦੇ ਖਿੰਡਨ ਤੇ ਪ੍ਰਗਤੀਸ਼ੀਲ ਦੇਸ਼ਾਂ ਦੇ ਕਲਾਕਾਰਾਂ 'ਚ ਮਾਰਕਸਵਾਦੀ-ਵਿਚਾਰਾਂ ਦੀ ਜਥੇਬੰਦਕ ਜਕੜ ਦੇ ਢਿੱਲੀ ਪੈਣ ਤੋਂ ਬਾਅਦ ਪੰਜਾਬੀ ਸਾਹਿਤ ਦਾ ਚਹੁਮੁਖੀ ਵਿਕਾਸ ਹੋਇਆ ਏ.....ਲੇਖਕ ਸੁਤੰਤਰ ਹੋ ਕੇ ਨਵੇਂ ਵਿਸ਼ੇ ਲੱਭਣ ਤੇ ਨਵੀਆਂ ਕਲਾ ਜੁਗਤਾਂ ਵਰਤਣ ਦੀਆਂ ਖੁੱਲ੍ਹਾਂ ਲੈ ਰਹੇ ਨੇ ਜਿਨ੍ਹਾਂ 'ਚ ਵਰਜਿਤ ਵਿਸ਼ਿਆਂ ਨੂੰ ਸ਼ਾਖਸੀ ਬਣਾ ਕੇ ਬਹੁਤੀਆਂ ਦਿਸ਼ਾਵਾਂ ਵਿਚ ਦੇਖਣ ਦੇ ਯਤਨ ਸ਼ਾਮਿਲ ਨੇ", ਪ੍ਰੇਮ ਪ੍ਰਕਾਸ਼ ਦੀ ਇਹ ਟਿੱਪਣੀ ਵਸਤੂ-ਸਥਿਤੀ ਦੇ ਅਰਧ ਸੱਚ ਨੂੰ ਹੀ ਰੂਪਮਾਨ ਕਰਦੀ ਹੈ। ਹਾਂ, ਅਜਿਹੀ ਬਹੁਤ ਸਾਰੀ ਕਹਾਣੀ ਉੱਤੇ ਉਸ ਦੇ ਸ਼ੈਲੀਗਤ ਪ੍ਰਭਾਵ ਦੀ ਛਾਪ ਜ਼ਰੂਰ ਵੇਖੀ ਜਾ ਸਕਦੀ ਹੈ। ਹੋਰ ਤੇ ਹੋਰ, ਇਹ ਪ੍ਰਭਾਵ ਮੋਹਨ ਭੰਡਾਰੀ ਵਰਗੇ ਪ੍ਰਗਤੀਸ਼ੀਲ ਕਹਾਣੀਕਾਰ ਦੀ ਕਹਾਣੀ 'ਨੱਥ' ਉੱਤੇ ਵੀ ਸਪੱਸ਼ਟ ਵੇਖਿਆ ਜਾ ਸਕਦਾ ਹੈ। ਸਮਕਾਲੀ ਦੌਰ ਵਿਚ ਬਹੁਤ ਸਾਰੀ ਅਜਿਹੀ ਕਹਾਣੀ ਵੀ ਸਾਹਮਣੇ ਆਈ ਹੈ ਜਿਸ ਵਿਚ ਔਰਤ-ਮਰਦ ਦੇ ਕਾਮ-ਸੰਬੰਧਾਂ ਨੂੰ ਇਕ ਰਹੱਸ, ਇਕ ਗੱਠ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਨਾ ਕਿ ਪ੍ਰਾਪਤੀ ਦੇ ਰੂਪ ਵਿਚ। ਕਥਾਕਾਰ ਇਹਨਾਂ ਗੁੰਝਲਾਂ

-ਗੱਠਾਂ ਨੂੰ ਖੋਹਲਣ ਲਈ ਸਮਾਜਿਕ, ਆਰਥਿਕ, ਰਾਜਨੀਤਿਕ, ਧਰਮ, ਦਰਸ਼ਨ, ਇਤਿਹਾਸ, ਮਿਥਿਹਾਸ, ਮਨੋਵਿਗਿਆਨ ਅਦਿ ਖੇਤਰਾਂ 'ਚੋਂ ਪ੍ਰਸੰਗ ਮੂਲਕ ਵੇਰਵੇ ਲੈ ਕੇ ਕਥਾ-ਉਸਾਰੀ ਕਰਦਾ ਹੈ। ਇਥੇ ਗਲਪ-ਬਿੰਬ ਇਕ ਜਟਿਲ ਸਾਂਸਕ੍ਰਿਤਕ ਪਿਛੋਕੜ ਵਿਚੋਂ ਆਪਣੀ ਜੀਵੰਤ ਹੋਂਦ ਗ੍ਰਹਿਣ ਕਰਦਾ ਹੈ। ਇੰਝ, ਵਰਜਨਾਵਾਂ ਦੇ ਬਣਨ-ਟੁੱਟਣ ਦਾ ਵਸਤੂ-ਵਿਵੇਕ ਸਮਾਜਿਕ-ਸੱਭਿਆਚਾਰਕ ਪ੍ਰਬੰਧ ਅੰਦਰ ਕਾਰਜਸ਼ੀਲ ਦਿੱਖ ਤੇ ਸਾਰ ਦੇ ਅੰਤਰ-ਵਿਰੋਧ ਵਿਚੋਂ ਠੋਸ ਅਕਾਰ ਗ੍ਰਹਿਣ ਕਰਦਾ ਹੈ। ਇੱਥੇ ਔਰਤ-ਮਰਦ ਦੇ ਜਟਿਲ ਸੰਬੰਧਾਂ ਦਾ ਪਰਿਪੇਖ ਮਾਨਵੀ ਰਿਸ਼ਤਿਆਂ ਦੀ ਗਰਾਮਰ ਨੂੰ ਸਮਝਣ ਦਾ ਮਾਧਿਅਮ ਬਣ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਬਰਫ, ਚੰਦਰੀ (ਸੁਖਜੀਤ), ਪਰਛਾਵੇਂ (ਜਰਨੈਲ ਸਿੰਘ), ਸਟੱਡ, ਪੁਲ (ਹਰਜੀਤ ਅਟਵਾਲ), ਕਾਲਾ ਬਲਦ, ਤਈਅਬਾ (ਵੀਨਾ ਵਰਮਾ), ਵਿਚਲੀ ਔਰਤ (ਤਲਵਿੰਦਰ ਸਿੰਘ), ਕਤਲ, ਮਾਤੇ ਸ਼੍ਰੀ (ਜਿੰਦਰ), ਵਿਚ ਵਿਚਕਾਰ ( ਅਮਰੀਕ ਸਿੰਘ ਬਨਵੈਤ), ਥੇਹ, ਇਸ ਵਾਰ ਨਹੀਂ (ਅਜਮੇਰ ਸਿੱਧੂ), ਸੂਰਜ ਦੀ ਪਿੱਠ ਨਹੀਂ ਹੁੰਦੀ, ਯੁੱਧ-ਖੇਤਰ, ਖੰਡੇ ਦੀ ਧਾਰਬਲਵਿੰਦਰ ਗਰੇਵਾਲ), ਕਸ਼ਮਕਸ਼, ਬੋਨਸ (ਬਲਦੇਵ ਸਿੰਘ ਢੀਂਡਸਾ) ਆਦਿ ਕਥਾਵਾਂ ਦਾ ਪਾਠ ਇਸਤਰੀ-ਪੁਰਸ਼ ਦੇ ਕਾਮ ਸੰਬੰਧਾਂ ਨੂੰ ਸਮਝਣ ਲਈ ਮੁਲਵਾਨ ਅੰਤਰ ਦ੍ਰਿਸ਼ਟੀਆਂ ਪ੍ਰਦਾਨ ਕਰਦਾ ਹੈ।

ਅਸੰਤੁਲਿਤ ਵਸਤੂ-ਸਥਿਤੀਆਂ ਤੇ ਪਾਤਰਾਂ ਰਾਹੀਂ ਦਲਿਤ ਜੀਵਨ ਯਥਾਰਥ ਨੂੰ ਉਘਾੜ ਦੇ ਜਿਸ ਰਚਨਾਵੀ ਪੈਂਤੜੇ ਦਾ ਉਪਰ ਜ਼ਿਕਰ ਕੀਤਾ ਗਿਆ ਹੈ, ਔਰਤ ਦੇ ਅਸਤਿਤਵ ਮੂਲਕ ਮਸਲੇ ਜਾਂ ਔਰਤ-ਮਰਦ ਦੇ ਵਰਜਿਤ ਰਿਸ਼ਤੇ ਨੂੰ ਮੁੱਖ ਥੀਮਕ ਇਕਾਈ ਬਣਾ ਕੇ ਬਿਰਤਾਂਤ ਉਸਾਰੀ ਕਰਨ ਵੇਲੇ ਵੀ ਇਹ ਵਿਸ਼ੇਸ਼ ਰੂਪ ਵਿਚ ਕਾਰਜਸ਼ੀਲ ਰਹਿੰਦਾ ਹੈ।

ਰਚਨਾ-ਪੈਟਰਨ ਦੇ ਪੱਖ ਤੋਂ ਇਹ ਗੱਲ ਧਿਆਨ ਯੋਗ ਹੈ ਕਿ ਇੱਥੇ ਕਥਾਕਾਰ ਅਸੰਤੁਲਿਤ ਵਸਤੂ-ਸਥਿਤੀਆਂ ਨੂੰ ਵਸਤੂ ਤੇ ਜੁਗਤ ਦੋਨਾਂ ਹੀ ਰੂਪਾਂ ਵਿਚ ਵਰਤ ਕੇ ਇਕ ਵਿਸ਼ੇਸ਼ ਤਰ੍ਹਾਂ ਦੀ ਕਥਾ-ਸੰਰਚਨਾ ਸਾਹਮਣੇ ਲਿਆਉਂਦਾ ਹੈ। ਅਰਧ ਚੇਤਨ, ਨੀਮ ਪਾਗਲਪਨ ਜਾਂ ਵਿਗੜੇ ਮਾਨਸਿਕ ਸੰਤੁਲਨ ਦੀ ਜੁਗਤ ਰਾਹੀਂ ਯਥਾਰਥ ਦੀ ਕਰੂਰਤਾ ਤੇ ਵਿਸ਼ਮਤਾ ਨੂੰ ਉਘਾੜਨ ਦਾ ਰਚਨਾ-ਪੈਟਰਨ ਵਾਰ-ਵਾਰ ਸਮਕਾਲੀ ਕਥਾ-ਬਿਰਤਾਂਤ ਵਿਚ ਦੁਹਰਾਇਆ ਜਾ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਹੁਣ ਕਹਾਣੀਕਾਰ ਮਨੁੱਖ ਦੀਆਂ ਚੇਤਨ ਕਿਰਿਆਵਾਂ ਨਾਲੋਂ ਉਸ ਦੀਆਂ ਅਵਤਚੇਤਨੀ ਕਿਰਿਆਵਾਂ ਤੇ ਸਥਿਤੀਆਂ ਨੂੰ ਵੱਧ ਪਹਿਲ ਦੇ ਰਿਹਾ ਹੈ ਤਾਂ ਕਿ ਵਸਤੂ ਸਥਿਤੀ ਦੇ ਪਿਛੋਕੜ ਵਿਚ ਕਾਰਜਸ਼ੀਲ ਪ੍ਰੇਰਕਾਂ ਤੇ ਕਾਰਨਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ। ਅਜੋਕੀ ਕਹਾਣੀ ਨੂੰ ਮਨੁੱਖੀ ਅਵਚੇਤਨ ਦੀ ਕਹਾਣੀ ਵੀ ਕਿਹਾ ਜਾ ਸਕਦਾ ਹੈ। ਇਹ ਅਵਚੇਤਨੀ ਸਥਿਤੀ ਦੇ ਮਾਧਿਅਮ ਰਾਹੀਂ ਠੋਸ ਵਾਸਤਵਿਕ ਸਥਿਤੀ ਦੇ ਮਧਿਅਮ ਤੱਕ ਪਹੁੰਚਣ ਦਾ ਪੈਂਤੜਾ ਅਪਨਾਉਂਦੀ ਹੈ। ਮਨੁੱਖ ਦੇ ਅਵਚੇਤਨੀ ਸੰਸਾਰ ਨੂੰ ਕਥਾ-ਵਸਤੂ ਦੇ ਰੂਪ ਵਿਚ ਸੰਕਲਪਣ ਨਾਲ ਬਿਰਤਾਂਤਕ ਪੈਟਰਨ ਦੀ ਪੱਧਰ ਉੱਤੇ ਮਹੱਤਵਪੂਰਨ ਪਰਿਵਰਤਨ ਵਾਪਰਦਾ ਹੈ। ਮਨੁੱਖ ਦੀ ਤਰਲ, ਦੁਵਿਧਾਪੂਰਨ, ਅਸੁਰੱਖਿਅਤ ਤੇ ਖੰਡਿਤ ਮਾਨਸਿਕਤਾ ਨੂੰ ਪਕੜਨ ਲਈ ਲੇਖਕ ਮੈਂ ਮੂਲਕ ਪਾਤਰ-ਜੁਗਤ ਦੇ ਨਾਲ-ਨਾਲ ਪ੍ਰਤੀਕ, ਮਿੱਥ, ਸੁਪਨਾ, ਯਾਦਾਂ, ਸੰਸਮਰਨ, ਚਿੱਠੀ, ਸਵੈ-ਸੰਬੋਧਨ, ਸਵੈ-ਸਵੀਕਾਰਨ, ਆਤਮ ਚਿੰਤਨ, ਆਤਮ ਚੀਨਣ, ਆਤਮ ਗਿਲਾਨੀ, ਆਤਮ ਦੋਸ਼-ਬੋਧ, ਚੇਤਨ ਅਚੇਤਨ ਦਾ ਦਵੰਦ, ਚੇਤਨਾ ਪ੍ਰਵਾਹ ਅਤੇ ਫੋਕਸੀਕਰਨ ਦੀਆਂ ਅਨੇਕ ਜੁਗਤਾਂ ਦੀ ਵਰਤੋਂ ਜਟਿਲ ਵਸਤੂ-ਸਥਿਤੀ ਨੂੰ ਗਲਪੀ ਰੂਪ ਵਿਚ ਨਜਿੱਠਣ ਦੀ ਲੋੜ ਵਿਚੋਂ ਪੈਦਾ ਹੋਈ ਹੈ। ਕਿਤੇ ਕੰਪਿਊਟਰ ਦੀ ਸਕਰੀਨ ਉੱਤੇ ਵਾਰ-ਵਾਰ ਖੁੱਲ੍ਹਦੀ-ਬੰਦ ਹੁੰਦੀ ਫਾਈਲ ਹੀ ਜੁਗਤ ਬਣਕੇ ਪਾਤਰਾਂ ਦੀ ਅਵਚੇਤਨੀ ਕਸ਼ਮਕਸ਼ ਨੂੰ ਤਾਰਕਿਕ ਰੂਪ ਵਿਚ ਉਭਾਰਨ ਦਾ ਸਬੱਬ ਬਣਦੀ ਹੈ। ਬਿਰਤਾਂਤਕ ਵਰਤਮਾਨ (Narrated Present) ਦੇ ਝਰੋਖੇ ਰਾਹੀਂ ਭੂਤ ਤੇ ਵਰਤਮਾਨ ਦੀਆਂ ਸਥਿਤੀਆਂ ਨੂੰ ਸਮਾਨੰਤਰ ਕਥਾਨਕੀ ਪ੍ਰਵਚਨਾਂ ਦੇ ਰੂਪ ਵਿੱਚ ਸਾਹਮਣੇ ਲਿਆਂਦਾ ਜਾਂਦਾ ਹੈ। ਦਾਇਰਗਤ ਸੰਰਚਨਾ (Circular Structure) ਵਾਲੀ ਇਸ ਕਹਾਣੀ ਵਿਚ ਬਿਰਤਾਂਤ ਅੱਗੇ ਪਿੱਛੇ ਚੱਲਦਾ ਹੈ। ਦਾਇਰਿਆਂ ਦੇ ਜਲਦੀ-ਜਲਦੀ ਬਣਨ ਤੇ ਬੰਦ ਹੋਣ ਅਤੇ ਕਦੇ ਦਾਇਰਾ ਖੁੱਲ੍ਹਾ ਛੱਡ ਦੇਣ ਦਾ ਅਮਲ ਨਿਰੰਤਰ ਚੱਲਦਾ ਰਹਿੰਦਾ ਹੈ। ਅਜਿਹੇ ਬਿਰਤਾਂਤ ਲਈ 'ਜਾਦੂਈ ਬਿਰਤਾਂਤ' ਦੀ ਫੈਂਟਸੀ ਜੁਗਤ ਦਾ ਨਾਂ ਵੀ ਦਿੱਤਾ ਗਿਆ ਹੈ। ਭਾਵੇਂ ਜਾਦੂਈ ਬਿਰਤਾਂਤ ਦਾ ਇਹ ਪੈਟਰਨ ਯਥਾਰਥ ਸਿਰਜਣ ਦੀਆਂ ਨਵੀਆਂ ਕਲਾਤਮਿਕ ਸੰਭਵਨਾਵਾਂ ਨੂੰ ਉਜਾਗਰ ਕਰਦਾ ਹੈ ਪਰ ਅਨਾੜੀ ਹੱਥਾਂ ਵਿਚ ਇਹ ਪੈਟਰਨ ਗਾਲਪਨਿਕ ਧੁੰਦਲਕਾ (Fictional Abstraction) ਅਤੇ ਊਲ ਜਲੂਲਤਾ ਵੀ ਪੈਦਾ ਕਰਨ ਲੱਗਦਾ ਹੈ। ਅਜਿਹਾ ਮਿਥਾਂ, ਪ੍ਰਤੀਕਾਂ, ਚਿੰਨ੍ਹਾਂ, ਸੰਕੇਤਾਂ ਆਦਿ ਦੀ ਬਹੁਤਾਤ ਵਰਤੋਂ



ਕਾਰਨ ਵੀ ਵਾਪਰਦਾ ਹੈ।

ਸੰਕਟਗ੍ਰਸਤ ਅਸੰਤੁਲਿਤ ਵਸਤੂ-ਸਥਿਤੀਆਂ ਨੂੰ ਬਹੁਤ ਅਸਹਿਜ ਅਤਾਰਕਿਕ ਤੇ ਸੁਚੇਤ ਰੂਪ ਵਿਚ ਪੇਸ਼ ਕਰਨ ਦਾ ਰੁਝਾਨ ਵੀ ਸਮਕਾਲੀ ਕਹਾਣੀ ਵਿਚ ਸਾਹਮਣੇ ਆਇਆ ਹੈ। ਇਹ ਰੁਝਾਨ ਮਨੁੱਖ ਦੀ ਪਰਿਵਰਤਿਤ ਹੋ ਰਹੀ ਮਾਨਸਿਕਤਾ ਅਤੇ ਯਥਾਰਥ ਦੇ ਬਦਲਦੇ ਸੰਦਰਭਾਂ ਪਾਸਾਰਾਂ ਨੂੰ ਵਰਤਮਾਨ ਦੀਆਂ ਪ੍ਰਤਿਨਿਧ ਸਥਿਤੀਆਂ ਦੇ ਰੂਪ ਵਿਚ ਗ੍ਰਹਿਣ ਨਾ ਕਰਨ ਦੇ ਰੂਪ ਵਿਚ ਉੱਭਰਦਾ ਹੈ। ਜੇ ਯਥਾਰਥ ਨੂੰ ਵਰਤਮਾਨ ਦੀਆਂ ਪ੍ਰਤਿਨਿਧ ਸਥਿਤੀਆਂ ਦੇ ਰੂਪ ਵਿਚ ਗ੍ਰਹਿਣ ਕਰ ਲਿਆ ਜਾਵੇ ਤਾਂ ਕਥਾ-ਨਾਇਕ ਵਰਤਮਾਨ ਤੋਂ ਉਸ ਪ੍ਰਕਾਰ ਪਲਾਇਨ ਨਾ ਕਰੇ ਜਿਵੇਂ ਕਿ ਕਈ ਵਾਰ ਸਮਕਾਲੀ ਕਹਾਣੀ ਵਿਚ ਦੇਖਣ ਨੂੰ ਮਿਲਦਾ ਹੈ। ਇਹ ਕਥਾ-ਨਾਇਕ ਦੇਹੀਵਾਦੀ, ਖਪਤਕਾਰੀ ਤੇ ਨਿਰਾਸ਼ਾਵਾਦੀ ਰੁਚੀਆਂ ਦਾ ਸ਼ਿਕਾਰ ਹੋ ਕੇ ਇਕ ਅਜੀਬ ਪ੍ਰਕਾਰ ਦੀ ਅਕਰਮਕਤਾ (Passiveness ) ਦਾ ਬਿੰਬ ਸਿਰਜ ਰਿਹਾ ਹੈ। ਇਹ ਰੁਝਾਨ ਪਰਵਾਸੀ ਕਥਾਧਾਰਾ ਦੇ ਮੁਕਾਬਲੇ ਮੁੱਖ ਧਾਰਾ ਦੀ ਕਹਾਣੀ ਵਿਚ ਵਧੇਰੇ ਹੈ ਹਾਲਾਂਕਿ ਯਥਾਰਥ ਦਾ ਉੱਤਰ ਆਧੁਨਿਕ ਪਰਿਪੇਖ ਪੂਰਬ ਨਾਲੋਂ ਪੱਛਮ ਵਿਚ ਵਧੇਰੇ ਪ੍ਰਸੰਗਕ ਹੈ। ਯਥਾਰਥ ਦੇ ਉੱਤਰ ਆਧੁਨਿਕ ਸਰੋਕਾਰਾਂ ਤੇ ਪ੍ਰਕਰਣਾਂ ਨੂੰ ਜਰਨੈਲ ਸਿੰਘ, ਹਰਜੀਤ ਅਟਵਾਲ, ਪ੍ਰਵੇਜ਼ ਸੰਧੂ, ਵੀਨਾ ਵਰਮਾ ਤੇ ਅਮਨਪਾਲ ਸਾਰਾ ਵਰਗੇ ਪਰਵਾਸੀ ਕਥਾਕਾਰ ਬਹੁਤ ਸਹਿਜ ਗਤੀ ਨਾਲ ਜਟਿਲ ਬਿਰਤਾਂਤ ਰਾਹੀਂ ਪੇਸ਼ ਕਰਨ ਵਿਚ ਕਾਮਯਾਬ ਹੋਏ ਹਨ। ਇਹ ਕਥਾਕਾਰ ਪਰਵਾਸੀ ਮਨੁੱਖ ਦੀ ਹੋਂਦ ਤੇ ਹੋਣੀ ਨਾਲ ਸੰਬੰਧਿਤ ਬਹੁਦਿਸ਼ਾਵੀ ਸੰਕਟ ਨੂੰ ਅਜਿਹੇ ਵਸਤੂ ਧਰਾਤਲ ਉੱਤੇ ਰੱਖ ਕੇ ਪੇਸ਼ ਕਰਦੇ ਹਨ ਕਿ ਨਸਲਵਾਦ, ਪੀੜ੍ਹੀ ਪਾੜਾ, ਪਾਰ ਸੱਭਿਆਚਾਰਕ ਮਸਲੇ ਤੇ ਤਣਾਓ ਵਰਗੇ ਜਾਣੇ ਪਛਾਣੇ ਵਿਸ਼ਿਆਂ ਤੋਂ ਇਲਾਵਾ ਔਰਤਾਂ ਵਿਚ ਹਮਜਨਸੀ ਸੰਬੰਧ, ਲੈਜ਼ਬੀਅਨ, ਰੇਪ ਤੇ Incest ਵਰਗੇ ਜਟਿਲ ਉਤਰ ਆਧੁਨਿਕ ਵਰਤਾਰਿਆਂ ਨੂੰ ਵੀ ਬਹੁਤ ਸਹਿਜ ਰੂਪ ਵਿਚ ਗਲਪੀ ਪ੍ਰਕਿਰਿਆ ਵਿੱਚ ਢਾਲ ਲੈਂਦੇ ਹਨ। ਮੁੱਖ ਧਾਰਾ ਵਿਚ ਵੀ ਅਜਿਹੇ ਸਹਿਜ-ਸਿਰਜਣ ਦੇ ਉਤਮ ਪ੍ਰਮਾਣ ਦਾ ਮੁਕੰਮਲ ਅਭਾਵ ਨਹੀਂ ਹੈ। ਅਸਹਿਜ ਤੇ ਸੁਚੇਤ ਸਿਰਜਣ ਦੇ ਰੂਪ ਵਿਚ ਉਭਰ ਰਿਹਾ ਉਕਤ ਕਥਾ-ਨਾਇਕ ਕਿਉਂਕਿ ਆਪਣੀ ਸੋਚ, ਸਮਝ ਤੇ ਸਥਿਤੀ ਅਨੁਸਾਰ ਚੌਰਾਹੇ ਤੇ ਖਲੋਤਾ ਹੈ, ਇਸ ਕਰਕੇ ਅਜਿਹੀਆਂ ਕਹਾਣੀਆਂ ਦਾ ਬਿਰਤਾਂਤ ਵੀ ਆਦਿ ਤੋਂ ਅੰਤ ਤੱਕ ਅਨਿਸ਼ਚਿਤਤਾ ਦਾ ਸ਼ਿਕਾਰ ਹੋਇਆ ਰਹਿੰਦਾ ਹੈ ਅਤੇ ਮੈਂ-ਮੂਲਕ ਪਾਤਰ ਕਥਾ-ਵਕਤਾ ਨਾਲ ਇਕਮਿਕਤਾ ਦਾ ਸੰਬੰਧ ਸਥਾਪਿਤ ਕਰਕੇ ਬਿਰਤਾਂਤਕਾਰ ਦੀ ਨਿੱਜੀ ਹਮਤੀ ਵਿਚ ਲੀਨ ਹੋ ਜਾਂਦਾ ਹੈ। ਕਥਾਨਕ ਪ੍ਰਤੀ ਲੇਖਕ ਦਾ ਅਜਿਹਾ ਵਤੀਰਾ ਤੇ ਵਿਹਾਰ (Attitude & Treatment ) ਵਸਤੂ ਤੇ ਰੂਪ ਦੋਨਾਂ ਹੀ ਪੱਧਰਾਂ ਉੱਤੇ ਸਮੱਸਿਆ ਪੈਦਾ ਕਰਦਾ ਹੈ। ਅਜਿਹੇ ਕਥਾ-ਨਾਇਕ ਦੀ ਸਾਰਥਕ ਪੁਨਰ ਸਿਰਜਣਾ ਲਈ ਉਸਦੇ ਨਿੱਜਮੁਖੀ ਅਨੁਭਵ ਨੂੰ ਬਾਹਰਮੁਖੀ ਯਥਾਰਥ ਪ੍ਰਸੰਗਾਂ ਵਿਚ ਫੈਲਣ ਵਿਗਸਣ ਦਾ ਮੌਕਾ ਦੇਣਾ ਚਾਹੀਦਾ ਹੈ ਤਾਂ ਕਿ ਉਸ ਦੀ ਦੁਵਿਧਾ, ਅਸੰਤੁਸ਼ਟਤਾ, ਲਗਾਵ, ਇਕੱਲਤਾ ਤੇ ਨਿਰਾਸ਼ਾ ਦਾ ਗਲਪੀ ਵਿਵੇਕ ਠੋਸ ਯਥਾਰਥ ਧਰਾਤਲ ਉਤੇ ਉਸਰ ਸਕੇ।

ਪੰਜਾਬੀ ਕਹਾਣੀ ਆਪਣੀ ਯੁੱਗ-ਚੇਤਨਾ ਅਨੁਕੂਲ ਸਮਾਜਿਕ-ਸੱਭਿਆਚਾਰਕ ਰੂਪਾਂਤਰਣ ਪ੍ਰਕਿਰਿਆ ਨਾਲ ਹਮੇਸ਼ਾ ਕਦਮ ਮੇਚ ਕੇ ਚੱਲਦੀ ਸੀ। ਇਸ ਰੂਪਾਂਤਰਣ ਪ੍ਰਕਿਰਿਆ ਅਨੁਰੂਪ ਹਰ ਦੌਰ ਵਿਚ ਨਵੇਂ ਵਿਸ਼ੇ, ਨਵੇਂ ਵਸਤੂ-ਸਰੋਕਾਰ ਤੇ ਨਵੇਂ ਮਸਲੇ ਉਭਰਦੇ ਰਹੇ ਹਨ। ਹਰ ਕਥਾਕਾਰ ਆਪਣੀ ਸਮਰੱਥਾ ਮੁਜਬ ਇਸ ਨੂੰ ਢੁੱਕਵੇਂ ਰਚਨਾਵੀ ਪੈਟਰਨ ਰਾਹੀਂ ਗਲਪ-ਬਿੰਬ ਵਿਚ ਢਾਲਣ ਲਈ ਯਤਨਸ਼ੀਲ ਰਿਹਾ ਹੈ। ਇਸ ਪ੍ਰਕਿਰਿਆ ਵਿਚ ਨਵੇਂ ਪ੍ਰਯੋਗ ਵੀ ਹੁੰਦੇ ਰਹੇ ਅਤੇ ਹੋ ਰਹੇ ਹਨ। ਕਥਾ-ਵਸਤੂ ਜਾਂ ਵਿਸ਼ੇ ਦੇ ਪੱਖ ਤੋਂ ਉਹੀ ਪ੍ਰਯੋਗ ਪਾਠਕ ਨੇ ਪ੍ਰਵਾਨ ਕੀਤੇ ਹਨ ਜੋ ਆਰੋਪਿਤ ਹੋਣ ਦੀ ਥਾਂ ਵਸਤੂ-ਸਥਿਤੀ ਦੀ ਲੋੜ ਵਿਚੋਂ ਪੈਦਾ ਹੋਏ ਹਨ। ਸਮਕਾਲੀ ਕਥਾਕਾਰਾਂ ਦਾ ਇਕ ਜੁੱਟ ਖੋਜ-ਮੂਲਕ ਬਿਰਤੀ ਦਾ ਧਾਰਨੀ ਹੈ ਅਤੇ ਉਹ ਕਥਾ- ਸਿਰਜਣਾ ਨੂੰ ਵੀ ਇਕ ਪ੍ਰਜੈਕਟ ਵਰਕ ਦੇ ਰੂਪ ਵਿਚ ਲੈ ਰਿਹਾ ਹੈ। ਇਹ ਚੰਗੀ ਗੱਲ ਹੈ ਅਤੇ ਇਸ ਨੇ ਕਹਾਣੀ ਦੀਆਂ ਸਿਰਜਣਾਤਮਕ ਸੰਭਵਨਾਵਾਂ ਨੂੰ ਬਹੁਤ ਵਧਾਇਆ ਹੈ। ਉਹ ਯਥਾਰਥ ਦੇ ਵਿਰੋਧਭਾਸੀ ਸਰੂਪ ਨੂੰ ਸਮੁੱਚਤਾ ਸਹਿਤ ਪੇਸ਼ ਕਰਨ ਲਈ ਅਨੇਕ ਕਥਾ-ਜੁਗਤਾਂ ਵਿਧੀਆਂ,ਤਕਨੀਕਾਂ ਤੇ ਪੈਟਰਨਾਂ ਦਾ ਸਹਾਰਾ ਲੈ ਰਿਹਾ ਹੈ। ਕਥਾ ਤਕਨੀਕ ਪ੍ਰਤਿ ਲੋੜੋਂ ਵੱਧ ਸੁਚੇਤਤਾ-ਚੇਤੰਨਤਾ ਗਲਪੀ-ਬਿੰਬ ਨੂੰ ਕਮਜ਼ੋਰ ਵੀ ਕਰਦੀ ਹੈ। ਵਿਧੀ, ਵਸਤੂ ਉਤੇ ਭਾਰੂ ਹੋ ਜਾਂਦੀ ਹੈ ਅਤੇ ਵਸਤੂ-ਸਥਿਤੀ ਦਾ ਗਲਪੀ ਵਿਵੇਕ ਤਰਕ ਪੇਤਲਾ ਪੈਣ ਲੱਗਦਾ ਹੈ। ਸਮਕਾਲੀ ਕਹਾਣੀ ਵਿਚ ਇਹ ਕਲਾਤਮਿਕ ਵਿਗਾੜ ਸੀਮਤ ਰੂਪ ਵਿਚ ਹੀ ਉਭਰਿਆ ਹੈ। ਨਵੇਂ ਕਥਾਕਾਰਾਂ ਵੱਲੋਂ ਕੀਤੇ ਜਾ ਰਹੇ

ਪ੍ਰਯੋਗਾਂ ਨੂੰ ਪਾਠਕ ਭਰਪੂਰ ਹੁੰਗਾਰਾ ਦੇ ਰਹੇ ਹਨ। ਇਸ ਕਰਕੇ ਜਟਿਲ ਬਿਰਤਾਂਤ ਹੀ ਕਹਾਣੀ ਦਾ ਮੁੱਖ ਬਿਰਤਾਂਤ਼ਕ ਪੈਟਰਨ ਬਣ ਕੇ ਉਭਰਿਆ ਹੈ।

## ਹਵਾਲੇ


1. "ਪੰਜਾਬੀ ਕਹਾਣੀ ਦੀ ਵਿਧੀ", ਪੰਜਾਬੀ ਕਹਾਣੀ ਇਕ ਸੰਵਾਦ (ਸੰਪਾ, ਕ੍ਰਾਂਤੀਪਾਲ), ਨੈਸ਼ਨਲ ਬੁੱਕ ਸ਼ਾਪ, ਦਿੱਲੀ ਪੰਨਾ 14
2. ਮੁਹਾਂਦਰਾ, ਅਪ੍ਰੈਲ-ਜੂਨ 2003
3. ਮੁਕਤੀ, ਪੰਨਾ 11
4. ਜਸਵਿੰਦਰ ਸਿੰਘ (ਡਾ.), "ਪੰਜਾਬੀ ਕਹਾਣੀ ਦੀ ਇਤਿਹਾਸਕਾਰੀ" ਗਲਪ ਚਿੰਤਨ (ਸੰਪਾ. ਸੁਖਵਿੰਦਰ ਸਿੰਘ ਰੰਧਾਵਾ) ਸੁੰਦਰ ਬੁੱਕ ਡਿਪੋ, ਜਲੰਧਰ 2000, ਪੰਨਾ 24
5. "ਆਧੁਨਿਕ ਪੰਜਾਬੀ ਕਹਾਣੀ. ਸੰਰਚਨਾਤਮਕ ਅਧਿਐਨ", ਉਹੀ ਪੰਨਾ(31-32)
6. ਬਲਕਾਰ ਸਿੰਘ, "ਪੰਜਾਬੀ ਕਹਾਣੀ ਨੂੰ ਦਰਪੇਸ਼ ਸੰਕਟ ਤੇ ਚੁਣੌਤੀਆਂ" ਸ਼ਬਦ-22, ਅਪ੍ਰੈਲ ਜੂਨ, 2003.
7. Appadurai, A. "Disjuncture and Difference in Global Cultural Economy" In M. Feather Stone (ed) Global culturl Nationalism . Globalization and Modernity, page, London 1990, P 85.
8. "ਇਹ ਕਹਾਣੀਆਂ". ਮੁਹੱਬਤਾਂ ਸੰਪਾ. ਪ੍ਰੇਮ ਪ੍ਰਕਾਸ਼), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ ਨੰਬਰ ਰਹਿਤ
9. ਬਲਦੇਵ ਸਿੰਘ ਧਾਲੀਵਾਲ (ਡਾ.) "ਪੰਜਾਬੀ ਕਹਾਣੀ ਦੀ ਇਕ ਸਦੀ-ਪੁਨਰ ਮੁਲਾਂਕਣ", 9ਤੋਂ 11 ਮਾਰਚ 2002 ਨੂੰ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਖੇ ਕਰਵਾਈ ਗਈ ਕਹਾਣੀ ਗੋਸ਼ਟੀ ਸਮੇਂ ਪੜ੍ਹਿਆ ਗਿਆ ਪੇਪਰ।



(ਮੁਖੀ ਪੰਜਾਬੀ ਵਿਭਾਗ , ਗੁਰੂ ਨਾਨਕ ਨੈਸ਼ਨਲ ਕਾਲਜ, ਨਕੋਦਰ-144040.)


*ਨਜ਼ਮ* :

## ਤੂੰ ਕਦੇ ਸੋਚਿਆ


ਸੰਦੀਪ


ਤੂੰ ਕਦੇ ਸੋਚਿਆ
ਕਿ ਮੋਹ ਦੀ ਇਹ ਨਦੀ
ਜੋ ਵਗਦੀ ਹੈ ਤੇਰੀ ਤੱਕਣੀ ਤੋਂ
ਤੇ ਫੈਲਦੀ ਹੈ ਤੇਰੇ ਜਿਸਮ ਤੋਂ ਪਾਰ
ਮਨ ਦੇ ਕਿਸ ਕੋਨੇ 'ਚ
ਇਹ ਵਗਦੀ ਰਹੀ
ਕਿੰਨੀਆਂ ਸਦੀਆਂ ਤੂੰ
ਗੁਜ਼ਾਰ ਦਿੱਤੀਆਂ
ਅਹੌਲਿਆ ਬਣ ਕੇ,
ਤੂੰ ਕਦੇ ਸੋਚਿਆ

................

ਕਿੰਨਾ ਕਠਿਨ ਹੁੰਦਾ ਹੈ
ਸਾਡਾ ਦਾਇਰਿਆਂ ਤੋਂ
ਪਾਰ ਫੈਲ ਕੇ
ਕਿਸੇ ਨੂੰ ਆਪਣਾ ਕਹਿਣਾ
ਤੇ ਉਸ ਤੋਂ ਵੀ ਕਠਿਨ ਹੁੰਦਾ ਹੈ।
ਤੈਅ ਕਰਨਾ,
ਮਨ ਦੀਆਂ ਹਨੇਰੀਆਂ
ਗੁਫਾਵਾਂ ਦਾ ਸਫ਼ਰ,
ਤੂੰ ਕਦੇ ਇਹ ਵੀ ਸੋਚਿਆ

..........................

ਕਿ ਤਾਮੀਰ ਹੁੰਦੀਆਂ
ਇਮਾਰਤਾਂ ਦਾ ਸ਼ੋਰ
ਇਮਾਰਤ ਦੇ ਤਾਮੀਰ ਹੋਣ ਬਾਅਦ
ਬਣ ਜਾਂਦਾ ਹੈ।
ਸਦੀਆਂ ਦੀ ਚੁੱਪ
ਚੁੱਪ, ਜੋ ਇਮਾਰਤ 'ਚ
ਰਹਿਣ ਵਾਲਿਆਂ ਦਾ
ਸਦਾ ਪਿੱਛਾ ਕਰਦੀ ਹੈ,

..........................

ਪਰ ਮੈਂ ਚਾਹੁੰਦਾ ਹਾਂ
ਕਿ ਤੂੰ ਇਹ ਕੁਝ ਨਾ ਹੀ ਸੋਚੇਂ
ਦੂਰ ਹੀ ਰਹੇਂ ਤੂੰ
ਸੋਚਾਂ ਦੇ ਹਨੇਰਿਆਂ ਤੋਂ
ਮਨ ਦੀ ਦਰਗਾਹ 'ਤੇ
ਚਾਨਣ ਹੀ ਰਹੇ।



*ਨਜ਼ਮ*

## ਘਰ-1


ਤਰਸੇਮ


ਘਰ 'ਚੋਂ ਸਵੇਰੇ
ਇੱਕ ਵਸਤੂ ਤਿਆਰ ਹੋ ਕੇ ਨਿਕਲਦੀ ਹੈ
ਦਫ਼ਤਰ ਜਾਂਦੀ
ਬਾਜ਼ਾਰ ਗਾਹੁੰਦੀ

ਘਰ ਵਿਚ ਦੂਜੀ ਵਸਤੂ
ਚੁੱਲ੍ਹਾ-ਚੌਂਕਾ ਕਰਦੀ
ਛੋਟੀਆਂ ਵਸਤੂਆਂ ਨੂੰ ਸੰਭਾਲਦੀ
ਟੁੱਟਦੀ-ਜੁੜਦੀ

ਰਾਤ ਨੂੰ ਪਹਿਲੀ ਵਸਤੂ ਘਰ ਆਉਂਦੀ
ਦੂਜੀ ਵਸਤੂ ਨਾਲ ਸੌਂ ਜਾਂਦੀ

ਬੂਹੇ 'ਤੇ ਖੜ੍ਹਾ
ਬੁੱਢਾ ਹੋਇਆ ਘਰ
ਬੰਦਿਆਂ ਨੂੰ ਉਡੀਕਦਾ ਹੈ।

## ਘਰ-2

ਛੱਤ ਦੀ ਭਾਲ 'ਚ
ਸਫ਼ਰ ਨੂੰ ਪੈਰੀਂ ਬੰਨ੍ਹਦਾ
ਕੰਧਾਂ ਚੁੱਕੀ ਫਿਰਦਾ ਹੈ ਮੋਢਿਆਂ 'ਤੇ
ਪਰ ਘਰ ਨਹੀਂ ਮਿਲਦਾ

ਆਥਣੇ ਮਾਂ ਦੀ ਗੋਦੀ 'ਚ
ਸਿਰ ਧਰ ਸੌਂ ਜਾਂਦਾ ਹੈ
ਸਾਰਾ ਥਕੇਵਾਂ ਮਾਂ ਹਰ ਲੈਂਦੀ ਹੈ
ਅਜਿਹਾ ਘਰ ਕਿੱਥੇ ਹੈ।

## ਘਰ-3

ਨੌਂਵਾਂ ਦਹਾਕਾ ਪਾਰ ਕਰ ਚੁੱਕਿਆ
ਬੁੱਢਾ ਘਰ ਦਾ ਕੁੰਡਾ ਖੜਕਾ ਰਿਹਾ ਹੈ
ਆਵਾਜ਼ ਦੇ ਰਿਹਾ ਹੈ

"ਅੰਦਰ ਤਾਂ ਹੈਗੇ ਪਰ ਬੋਲਦੇ ਹੀ ਨਹੀਂ"
ਬੁੱਢਾ ਬੁੜਬੁੜਾ ਰਿਹਾ ਹੈ

"ਘਰ ਤਾਂ ਤੂੰ ਵੇਚ ਗਿਆ ਏਂ ਬਾਬਾ!"
ਗਲੀ 'ਚ ਖੜ੍ਹੀਆਂ ਤੀਵੀਆਂ ਦੱਸਦੀਆਂ ਨੇ

ਘਰ ਵੇਚਿਆ ਹੈ, ਮੋਹ ਨਹੀਂ
ਇਹ ਘਰ ਨਹੀਂ
ਤੀਰਥ ਹੈ....

ਹੁਣ ਵੀ ਕੰਬਦੇ ਹੱਥਾਂ ਨਾਲ
ਬੁੱਢਾ ਕੁੰਡਾ ਖੜਕਾ ਰਿਹੈ

ਹੋ ਸਕਦੈ ਅੰਦਰਲਿਆਂ ਨੂੰ
ਆਵਾਜ਼ ਨਾ ਸੁਣਦੀ ਹੋਵੇ
ਹੋ ਸਕਦੈ ਹੁਣ ਹੱਥਾਂ 'ਚ ਤਾਕਤ ਨਾ ਰਹੀ ਹੋਵੇ
ਹੋ ਸਕਦੈ.........
ਬੁੱਢਾ ਸੋਚਾਂ ਦੀ ਤਾਣੀ ਬੁਣਦਾ ਹੈ

"ਕਿਹੋ ਜਿਹੇ ਲੋਕ ਨੇ
ਘਰਾਂ ਨੂੰ ਦਿਨੇ ਹੀ ਕੁੰਢੇ ਮਾਰ ਲੈਂਦੇ ਨੇ"

"ਮੈਂ ਫੇਰ ਆਵਾਂਗਾ"
ਜਿਵੇਂ ਬੁੱਢਾ ਘਰ ਨੂੰ
ਅੱਖਾਂ ਨਾਲ ਪਲੋਸਦਾ ਕਹਿ ਰਿਹਾ ਹੋਵੇ


ਨੇੜੇ ਆਰੀਆ ਸਕੂਲ, ਬਰਨਾਲਾ-148101

*ਕਹਾਣੀ :*

# ਧੂੜ 'ਚ ਪਏ ਸੁਆਲ

*ਸੁਰਜੀਤ ਬਰਾੜ*

ਕੱਟੀ ਉਰਫ਼ ਟੁੰਡਾ ਉਰਫ਼ ਨਿਹੰਗ ਬਾਬਾ ਉਰਫ਼ ਵਰਿਆਮ ਸਿੰਘ। ਸਾਰੇ ਨਾਂ ਕੱਟੀ ਦੇ ਹੀ ਸਨ। ਪੁਲਿਸ ਕੋਲ ਕਈ ਵਾਰ ਚੋਰੀ ਕਾਰਨ ਫਸ ਚੁੱਕਾ ਸੀ। ਪਹਿਲੀ ਵਾਰ ਤਾਂ ਪੁਲਿਸ ਨੇ ਹਫ਼ਤੇ ਬਾਅਦ ਆਪੇ ਛੱਡ ਦਿੱਤਾ। ਚੋਰੀ ਵੀ ਕਰਨੈਲ ਭਾਂਬੜ ਕਿਓ ਕੀਤੀ ਸੀ। ਵੀਹ ਪੱਚੀ ਕਿੱਲੋ ਖੇਤੋਂ ਛੱਲੀਆਂ ਚੁੱਕੀਆਂ ਸਨ। ਕਰਨੈਲ ਨੂੰ ਜਦ ਚੋਰੀ ਦੀ ਭਿਣਕ ਪਈ ਤਾਂ ਉਸ ਨੇ ਥਾਣੇ ਜਾ ਰਿਪੋਟ ਲਿਖਾਈ। ਕੱਟੀ ਫੜਿਆ ਗਿਆ, ਸਵੇਰੇ ਸੁੱਤਾ ਪਿਆ ਹੀ ਪੁਲਿਸ ਨੇ ਦਬੋਚ ਲਿਆ। ਪੁਲਿਸ ਨੇ ਥਾਣੇ ਜਾਣ ਸਾਰ ਪਟਾ ਫੇਰਿਆ ਅਤੇ ਹਵਾਲਾਤ ਵਿਚ ਤੁੰਨ ਦਿੱਤਾ। ਕੁਝ ਦਿਨ ਪੁਲਿਸ ਝਾਕ ਕਰਦੀ ਰਹੀ ਕਿ ਕੋਈ ਉਸਨੂੰ ਛੁਡਾਉਣ ਆਏਗਾ। ਹਜ਼ਾਰ ਬਾਰਾਂ ਸੌ ਰੁਪਇਆ ਬਣੂ ਪਰ ਜਦ ਕੋਈ ਵੀ ਉਸ ਨੂੰ ਛੁਡਾਉਣ ਲਈ ਨਾ ਆਇਆ ਤਾਂ ਪੁਲਸ ਨੇ ਆਪੇ ਛੱਡ ਦਿੱਤਾ। ਦੂਜੀ ਵਾਰ ਉਸਨੇ ਤੇਲੂ ਰਾਮ ਬਾਣੀਏ ਦੀ ਹੱਟੀ ਭੰਨੀ ਸੀ। ਕਰਨੈਲ ਭਾਂਬੜ ਨੇ ਹੀ ਤੇਲੂ ਰਾਮ ਨੂੰ ਉਂਗਲ ਲਾ ਦਿੱਤੀ, "ਸਾਲਾ ਉਹੀ ਟੁੰਡਾ ਹੋਊ-ਜੀਤੇ ਅਮਲੀ ਦਾ, ਥਾਣੇ ਵਿਚ ਰਿਪਟ ਦੇ ਆ-ਮਾੜਾ ਬੰਦਾ ਐ-ਤੇਲੂ ਰਾਮਾ।" ਤੇਲੂ ਰਾਮ ਦੀ ਗੁੱਸੇ ਦੀ ਅੱਗ 'ਤੇ ਕਰਨੈਲ ਹੋਰ ਤੇਲ ਛਿੜਕ ਗਿਆ।

ਅਗਲੇ ਦਿਨ ਹੀ ਕੱਟੀ ਨੂੰ ਪੁਲਿਸ ਫੜ ਕੇ ਲੈ ਗਈ। ਤੇਲੂ ਰਾਮ ਨੇ ਪੁਲਿਸ ਨੂੰ ਇੱਕ ਹਜ਼ਾਰ ਦਿੱਤਾ। ਕੋਲ ਖੜ੍ਹਕੇ ਕੁਟਵਾਇਆ ਪਰ ਕੱਟੀ ਚੋਰੀ ਨਾ ਮੰਨਿਆ। ਪੁਲਿਸ ਵਾਲਿਆਂ ਨੇ ਹਫ਼ਤੇ ਕੁ ਬਾਅਦ ਚਲਾਨ ਕੱਟ ਕੇ ਉਸਨੂੰ ਮੋਹੀ ਜੇਲ੍ਹ ਭੇਜ ਦਿੱਤਾ। ਦੋ ਮਹੀਨੇ ਅੰਦਰ ਹੀ ਬੈਠਾ ਰਿਹਾ। ਅਖੀਰ ਉਸਦੇ ਭਰਾ ਉਸ ਤੇ ਤਰਸ ਖਾ ਕੇ ਉਸ ਨੂੰ ਜ਼ਮਾਨਤ 'ਤੇ ਛੁਡਵਾ ਲਿਆਏ। ਤੀਜੀ ਵਾਰ ਉਸਨੇ ਗੁਰਮੇਲ ਨੰਬਰਦਾਰਾਂ ਦੀ 40 ਫੁੱਟ ਡੂੰਘੇ ਪਾੜ 'ਚੋਂ ਮੋਟਰ ਲਾਹ ਕੇ ਸ਼ਹਿਰ ਵੇਚ ਦਿੱਤੀ ਸੀ। ਦਰਖਾਸਤ ਤਾਂ ਨੰਬਰਦਾਰ ਉਸਤੋਂ ਅਗਲੇ ਦਿਨ ਹੀ ਥਾਣੇ ਦੇ ਆਇਆ ਸੀ। ਨੰਬਰਦਾਰ ਨੂੰ ਸ਼ੱਕ ਤਾਂ ਕੱਟੀ ਉੱਪਰ ਹੀ ਸੀ ਪਰ ਫਿਰ ਉਹ ਸੋਚਦਾ, 'ਉਸਦੇ ਤਾਂ ਬਾਂਹ ਈ ਇਕ ਆ-ਮੋਟਰ ਖੋਲ੍ਹ ਤਾਂ ਲਈ ਹੋਊ ਪਾੜ 'ਚੋਂ ਬਾਹਰ ਕਿਵੇਂ ਕੱਢੀ ਹੋਊ-ਹੋ ਸਕਦੈ ਨਾਲ ਕੋਈ ਹੋਵੇ। ਇਕੱਲਾ ਤਾਂ ਦੋ ਬਾਹਾਂ ਵਾਲਾ ਵੀ ਪਾੜ 'ਚੋਂ ਮੋਟਰ ਨਹੀਂ ਕੱਢ ਸਕਦਾ।" ਜਦ ਪੁਲਸ ਕਰਮਚਾਰੀ ਏ. ਐਸ. ਆਈ. ਨੇ ਨੰਬਰਦਾਰ ਨੂੰ ਪੁੱਛਿਆ, "ਨੰਬਰਦਾਰਾ ਕਿਸੇ 'ਤੇ ਸ਼ੱਕ?" ਨੰਬਰਦਾਰ ਨੇ ਦਾੜ੍ਹੀ ਖੁਰਕਦਿਆਂ ਦੱਬੀ ਜਿਹੀ ਜ਼ੁਬਾਨ 'ਚ ਕੱਟੀ ਦਾ ਨਾਂ ਲੈ ਦਿੱਤਾ। ਪੁਲਸ ਆਈ ਤੇ ਉਸਨੂੰ ਫੜ ਕੇ ਲੈ ਗਈ। ਪੁਲਿਸ ਨੇ ਇਸ ਵਾਰੀ ਵੀ ਉਸ 'ਤੇ ਬਹੁਤ ਕੁਟਾਪਾ ਚਾੜ੍ਹਿਆ ਪਰ ਉਹ ਚੋਰੀ ਨਾ ਮੰਨਿਆ। ਹਾਰ-ਹੰਭ ਕੇ ਪੁਲਿਸ ਨੇ ਕੁਝ ਦਿਨਾਂ ਬਾਅਦ ਉਸਨੂੰ ਆਪੇ ਹੀ ਛੱਡ ਦਿੱਤਾ।

ਕੱਟੀ ਹੁਰੀਂ ਤਿੰਨ ਭਰਾ ਸਨ। ਇਕ ਕੀੜਾ-ਦੂਜਾ ਬੱਛੀ। ਕੀੜਾ ਅਤੇ ਬੱਛੀ ਦੋਨੋਂ ਵੱਡੇ ਸਨ। ਵਿਆਹੇ ਵਰ੍ਹੇ ਸਨ। ਦੋਨੋਂ ਅੱਡ ਸਨ ਬਾਲ ਬੱਚਿਆਂ ਵਾਲੇ। ਉਹਨਾਂ ਦਾ ਪਿਓ ਜੀਤਾ ਪੂਰਾ ਅਮਲੀ ਸੀ। ਉਸਨੂੰ ਅਮਲ ਪੂਰਾ ਨਹੀਂ ਸੀ ਮਿਲਦਾ। ਹੁਣ ਤਾਂ ਉਸਨੂੰ ਮਰਿਆਂ ਕਈ ਵਰ੍ਹੇ ਹੋ ਚੁੱਕੇ ਹਨ। ਅਫ਼ੀਮ ਉਹ ਮੋਟੀ ਖਾਂਦਾ ਸੀ। ਅਫ਼ੀਮ ਖਾਣ ਉਸ ਨੂੰ ਜੈਲਦਾਰ ਫੁੰਮਣ ਸਿੰਘ ਨੇ ਲਾ ਦਿੱਤਾ ਸੀ। ਸਾਰਾ ਦਿਨ ਪਸ਼ੂਆਂ ਵਾਂਗ ਕੰਮ ਲੈਣ ਲਈ ਜੈਲਦਾਰ ਦੋਨੋਂ ਵਕਤ ਚਾਹ ਵਿਚ ਅਫ਼ੀਮ ਪਾ ਕੇ ਦੇ ਦਿੰਦਾ। ਫਿਰ ਹੌਲੀ-ਹੌਲੀ ਅਫੀਮ ਉਸ ਦੀ ਆਦਤ ਬਣ ਗਈ। ਉਦੋਂ ਉਹ ਆਪ ਵੀ ਨਰੋਆ ਸੀ, ਅਫ਼ੀਮ ਵੀ ਸਸਤੀ ਸੀ। ਦਸ ਸਾਲ ਉਹ ਜ਼ੈਲਦਾਰ ਦੇ ਸੀਰੀ ਰਿਹਾ। ਜਦ ਉਸਦਾ ਸਾਰਾ ਸਤ ਚੂਸਿਆ ਗਿਆ, ਨਸ਼ਾ ਖਾ-ਖਾ ਉਹ ਰੋਗੀ ਹੋ ਗਿਆ ਤਾਂ ਜ਼ੈਲਦਾਰ ਨੇ ਉਸਨੂੰ ਸੀਰ ਤੋਂ ਜਵਾਬ ਦੇ ਦਿੱਤਾ। ਅਫ਼ੀਮ ਵੀ 150 ਰੁਪਏ ਤੋਲਾ ਹੋ ਗਈ। ਨਸ਼ਾ ਪੂਰਾ ਨਹੀਂ ਹੁੰਦਾ ਸੀ ਤਾਂ ਉਸਨੇ ਮੋਗਿਉਂ ਸਲਫਾਸ ਲਈ ਅਤੇ ਜ਼ੈਲਦਾਰਾਂ ਦੀ ਮੋਟਰ ਤੇ ਜਾ ਕੇ ਖਾ ਲਈ। ਅਗਲੇ ਦਿਨ ਜੀਤੇ ਦੀ ਲਾਸ਼ ਜੈਲਦਾਰਾਂ ਦੀ ਮੋਟਰ ਤੋਂ ਲੱਭੀ। ਜੈਲਦਾਰ ਨੂੰ ਇਸ ਕਾਰਨ ਹੀ ਜੀਤੇ ਦਾ ਸੱਤ ਹਜ਼ਾਰ ਰੁਪਇਆ ਛੱਡਣਾ ਪਿਆ। ਜ਼ੈਲਦਾਰ ਨੂੰ ਡਰ ਸੀ ਕਿ ਜੇ ਪੁਲਿਸ ਦਾ ਚੱਕਰ ਪੈ ਗਿਆ ਤਾਂ ਇਸਤੋਂ ਕਿਤੇ ਵੱਧ ਲੱਗਣਗੇ।

ਜੁਆਲੀ ਕੱਟੀ ਦੀ ਮਾਂ ਸੀ। ਉਹ ਜ਼ਿੰਦਗੀ ਤੋਂ ਥੱਕੀ ਹੰਭੀ ਪਈ ਸੀ। ਮਰੀਜ਼ ਸੀ ਦਮੇ ਦੀ। ਮੰਜੇ ਦੀ ਸਵਾਰ ਹੋ ਚੁੱਕੀ ਸੀ। ਜਦੋਂ ਉਸਨੂੰ ਖੰਘ ਛਿੜਦੀ ਤਾਂ ਦੋ-ਦੋ ਘੰਟੇ ਛਿੜੀ ਰਹਿੰਦੀ। ਸਾਹ ਖਿੱਚਵਾਂ ਆਉਣ ਲੱਗਦਾ। ਇਲਾਜ ਲਈ ਪੈਸਾ ਨਹੀਂ ਸੀ। ਇਲਾਜ ਲਈ ਤਾਂ ਕੀ ਉਸਨੂੰ ਰੋਟੀ ਦੀ ਮੁਸ਼ਕਿਲ ਬਣੀ ਹੋਈ ਸੀ। ਦੂਜੇ ਮੁੰਡੇ ਭਾਵੇਂ ਠੇਕੇ 'ਤੇ ਜ਼ਿਮੀਂਦਾਰਾਂ ਦੇ ਕੰਮ ਕਰਦੇ ਪਰੰਤੂ ਉਹਨਾਂ ਦੀ ਤਾਂ ਆਪਣੀ ਰੋਟੀ ਨਹੀਂ ਸੀ ਪੂਰੀ ਹੁੰਦੀ। ਉਹ ਕੀ ਕਰਦੇ? ਉਹ ਗਈ ਰਾਤ ਨੂੰ ਕਿਤੇ ਘਰ ਆ ਕੇ ਵੜਦੇ। ਸਾਰੇ ਦਿਨ



ਦੇ ਥੱਕੇ ਹਾਰੇ ਆਉਂਦੇ। ਦੋ ਘੜੀ ਉਹਨਾਂ ਅਰਾਮ ਵੀ ਕਰਨਾ ਹੁੰਦਾ। ਨਸ਼ਾ ਭਾਵੇਂ ਉਹ ਕਈ ਨਾ ਕਰਦੇ ਪਰ ਜਰਦਾ ਜ਼ਰੂਰ ਲਾਉਂਦੇ। ਕੀੜਾ ਜਰਦੇ ਦੀਆਂ ਦਿਨ 'ਚ ਛੇ ਪੁੜੀਆਂ ਵਰਤਦਾ ਅਤੇ ਬੱਛੀ ਚਾਰ। ਮਾਂ ਨੂੰ ਦਵਾਈ ਤਾਂ ਕਿਥੋਂ ਦੁਆਉਂਦੇ, ਉਹਨਾਂ ਕੋਲ ਤਾਂ ਕਦੇ-ਕਦੇ ਜਰਦੇ ਲਈ ਪੈਸੇ ਨਾ ਹੁੰਦੇ। ਰੋਟੀ ਤਾਂ ਭਾਵੇਂ ਉਹ ਰੁੱਖੀ ਮਿੱਸੀ ਖਾਈ ਜਾਂਦੇ ਪਰ ਘਰ 'ਚੋਂ ਹੋਰ ਵੀ ਬਥੇਰੀਆਂ ਚੀਜ਼ਾਂ ਦੀ ਜ਼ਰੂਰਤ ਹੁੰਦੀ। ਦਾਲ, ਲੂਣ, ਮਿਰਚ, ਮਸਾਲਾ, ਹਲਦੀ ਤੇ ਘਿਉ। ਚਾਹ ਪੱਤੀ ਅਤੇ ਦੁੱਧ। ਬਾਲਣ ਉਹਨਾਂ ਦੀਆਂ ਪਤਨੀਆਂ ਹਰ ਰੋਜ਼ ਨਹਿਰ ਤੋਂ ਲੈ ਆਉਂਦੀਆਂ। ਕੀੜਾ ਤਾਂ ਹਦਿਆਰੇ 'ਤੇ ਇਕ ਦੋ ਕੱਟੀਆਂ ਵੀ ਲੈ ਰੱਖਦਾ। ਉਹਨਾਂ ਲਈ ਪੱਠੇ ਵੀ ਲਿਆਉਂਦਾ। ਕੀੜੇ ਦੀ ਪਤਨੀ ਉਸਨੂੰ ਹੌਸਲਾ ਦਿੰਦੀ-ਤੂੰ ਫਿਕਰ ਨਾ ਕਰ, ਕੱਟੀਆਂ ਮੈਂ ਆਪੇ ਪਾਲ ਲਊ। ਇਕ ਦਿਨ ਮੱਝਾਂ ਬਣ ਜਾਣਗੀਆਂ। ਅੱਧ ਮੁੱਲ ਪਊ। ਚਾਰ ਛਿੱਲੜ ਆਉਣਗੇ, ਕੋਈ ਘਰ ਦੀ ਖੁੱਡ ਛੱਤਾਂਗੇ।

ਜੁਆਲੀ ਨੂੰ ਕੱਟੀ ਹੀ ਸੰਭਾਲਦਾ। ਉਸਦੀ ਮੰਜੀ ਬਾਹਰ-ਅੰਦਰ ਕੱਢਦਾ। ਰੋਟੀ ਬਣਾਉਂਦਾ, ਮਾਂ ਨੂੰ ਪਹਿਲਾਂ ਦਿੰਦਾ। ਕੌਲੀਆਂ ਧੋ ਕੇ ਕੱਚੀ ਕੰਧੋਲੀ 'ਤੇ ਮੂਧੀਆਂ ਮਾਰ ਦਿੰਦਾ। ਕਦੇ-ਕਦੇ ਆਪਣੀ ਮਾਂ ਦੀਆਂ ਲੱਤਾਂ ਵੀ ਨੱਪ-ਘੁੱਟ ਦਿੰਦਾ। ਦੂਜੇ ਤੀਜੇ ਦਿਨ ਉਸ ਨੂੰ ਨੁਹਾ ਵੀ ਦਿੰਦਾ। ਸਿਆਲਾਂ 'ਚ ਤਾਂ ਹਫ਼ਤਾ-ਹਫ਼ਤਾ ਬਿਨਾਂ ਨਹਾਤਿਆਂ ਲੰਘ ਜਾਂਦਾ। ਚਾਰ ਰੁਪਏ ਕੋਲ ਹੁੰਦੇ ਤਾਂ ਦੁਆਈ ਵੀ ਲੈ ਆਉਂਦਾ। ਜਿਸ ਦਿਨ ਉਸਨੂੰ ਦੁਆਈ ਮਿਲ ਜਾਂਦੀ ਉਸ ਦਿਨ ਜੁਆਲੀ ਦੀ ਰਾਤ ਸੌਖੀ ਲੰਘ ਜਾਂਦੀ। ਜੁਆਲੀ ਨੇ ਸਾਰੀ ਉਮਰ ਬੜਾ ਕੰਮ ਕੀਤਾ। ਵੀਹ ਵਰ੍ਹੇ ਉਹ ਜੱਟਾਂ ਦੇ ਗੋਹਾ ਕੂੜਾ ਕਰਦੀ ਰਹੀ। ਕਦੇ ਖੇਤੋਂ ਕੱਖ-ਪੱਠੇ ਲਿਆਉਂਦੀ। ਕਦੇ ਬਾਲਣ ਲਿਆਉਂਦੀ। ਵੱਡੀ ਰਾਤ ਸੌਂਦੀ, ਸਿਦੇਹਾਂ ਦੀ ਉੱਠ ਖੜਦੀ। ਖੁਰਾਕ ਪੂਰੀ ਮਿਲਦੀ ਨਹੀਂ ਸੀ। ਜੇ ਕਿਸੇ ਜੱਟ ਜਾਂ ਜ਼ਿਮੀਂਦਾਰਾਂ ਦਿਉਂ ਦੋ ਰੋਟੀਆਂ ਜਾਂ ਕੋਈ ਚੀਜ਼ ਵਸਤ ਮਿਲ ਜਾਂਦੀ ਤਾਂ ਉਹ ਪੁੱਤਾਂ ਨੂੰ ਖੁਆ ਦਿੰਦੀ। ਆਪ ਤਾਂ ਉਸਨੇ ਸਾਰੀ ਉਮਰ ਭੁੱਖ ਪਿਆਸ ਕੱਟੀ। ਭੁੱਖ ਪਿਆਸ ਨਾਲ ਹੀ ਉਹ ਜਲਦੀ ਬੁੱਢੀ ਹੋ ਗਈ ਅਤੇ ਭੁੱਖ ਪਿਆਸ ਨਾਲ ਹੀ ਉਸਨੂੰ ਕਈ ਬਿਮਾਰੀਆਂ ਚੁੰਬੜ ਗਈਆਂ। ਅਖੀਰ ਮੰਜੇ ਨਾਲ ਮੰਜਾ ਹੋ ਗਈ। ਸਾਰਾ ਦਿਨ ਮੰਜੇ ਨਾਲ ਘੁਲਦੀ ਰਹਿੰਦੀ। ਹੱਡੀਆਂ ਦੀ ਮੁੱਠ ਬਣ ਕੇ ਰਹਿ ਗਈ। ਕਦੇ-ਕਦੇ ਜਦ ਖੰਘ ਟਿਕਣ ਨਾ ਦਿੰਦੀ ਫਿਰ ਰੱਬ ਨੂੰ ਗਾਲ੍ਹਾਂ ਕੱਢਦੀ-ਔਂਤਰਿਆ ਰੱਬਾ-ਚੁੱਕ ਲੈ- ਕਾਹਨੂੰ ਬਦਲੇ ਲੈਂਨੇ ਮੇਰੇ। ਮਾੜੇ ਲੇਖ ਮੇਰੇ ਈ ਲਿਖਣੇ ਸੀ ਤੂੰ-ਰੱਬ ਵੱਲੋਂ ਮੁੜਕੇ ਕੱਟੀ ਨੂੰ ਬੇਨਤੀ ਕਰਨ ਲੱਗਦੀ- ਵੇ ਪੁੱਤ ਕੱਟੀ ਲਿਆ ਦੇ ਵੇ ਕਿਧਰੋਂ ਜ਼ਹਿਰ ਦੀ ਪੁੜੀ। ਛੁੱਟ ਜਾਂ ਏਸ ਨਰਕ 'ਚੋਂ ਤੇਰਾ ਭਲਾ ਹੋਊ, ਤੈਨੂੰ ਵੀ ਸਤਾਉਂਨੀ ਆਂ, ਤੇਰੇ ਮਗਰੋਂ ਲਹਿਜੂੰ- ਪਰ ਕੱਟੀ ਹਾਂ ਨਾ ਹੂੰ ਕਰਦਾ। ਚੁੱਪ-ਚਾਪ ਸੁਣੀ ਜਾਂਦਾ।

ਟੁੰਡਾ ਉਰਫ਼ ਕੱਟੀ ਉਰਫ਼ ਵਰਿਆਮ ਸਿੰਘ। ਜੁਆਲੀ ਦੇ ਘਰ ਜਦ ਕੱਟੀ ਨੇ ਜਨਮ ਲਿਆ ਸੀ ਤਾਂ ਇਹ ਕਾਫ਼ੀ ਮੋਟਾ ਤਾਜ਼ਾ ਸੀ। ਇਸੇ ਕਰਕੇ ਜੁਆਲੀ ਨੇ ਇਸਦਾ ਨਾਂ ਰੱਖਿਆ ਵਰਿਆਮ ਸਿਉਂ। ਪਰ ਨਿੱਕਾ ਨਾਂ ਸਾਰੇ ਕੱਟੀ ਹੀ ਚੱਲਦਾ। ਕੱਟੀ ਜੀਤੇ ਨੇ ਰੱਖਿਆ ਸੀ ਲਾਡ ਨਾਲ-ਵਰਿਆਮ ਸਿਉਂ ਉਸਦਾ ਨਾਂ ਪ੍ਰਚੱਲਿਤ ਨਾ ਹੋ ਸਕਿਆ। ਸਾਰੇ ਪਿੰਡ ਦੇ ਕੱਟੀ ਹੀ ਕਹਿੰਦੇ।

ਟੁੰਡਾ ਨਾਂ ਉਸਦਾ ਉਦੋਂ ਪਿਆ ਜਦੋਂ ਉਸਦੀ ਪੱਠੇ ਕੁਤਰਦਿਆਂ ਬਾਂਹ ਟੋਕੇ ਵਿਚ ਆ ਕੇ ਵੱਢੀ ਗਈ। ਚੱਕ ਵਾਲੇ ਦਲੀਪ ਸਿਉਂ ਦੇ ਉਹ ਸੀਰੀ ਲੱਗਿਆ ਹੋਇਆ ਸੀ। ਸੀਰ ਵੀ ਪਹਿਲਾਂ ਹੀ ਸੀ। ਇਸਤੋਂ ਪਹਿਲਾਂ ਉਹ ਕੋਈ ਦਸ ਵਰ੍ਹੇ ਪਾਲੀ ਲੱਗਾ ਰਿਹਾ ਸੀ। ਸਕੂਲ ਤਾਂ ਤਿੰਨੇ ਭਰਾ ਹੀ ਨਹੀਂ ਜਾ ਸਕੇ। ਤਿੰਨੇ ਕੋਰੇ ਅਨਪੜ੍ਹ ਸਨ। ਦੋ ਸਾਲ ਤਾਂ ਉਹ ਖਾਲਸਾ ਸੇਵਾ ਸਿਉਂ ਦੇ ਘਰ ਵਿਆਜ 'ਚ ਹੀ ਪਸ਼ੂਆਂ ਦਾ ਪੱਲੀ ਲੱਗਾ ਰਿਹਾ। ਉੱਥੋਂ ਬੜੀ ਮੁਸ਼ਕਿਲ ਨਾਲ ਖਹਿੜਾ ਛੁੱਟਿਆ। ਨਹੀਂ ਤਾਂ ਪਤਾ ਨਹੀਂ ਕਿੰਨੇ ਵਰ੍ਹੇ ਵਿਆਜ 'ਚ ਹੀ ਹੋਰ ਕੰਮ ਕਰਨਾ ਪੈਂਦਾ। ਉਹ ਵੀ ਕੋਰਟ ਵਿਚ ਕੇਸ ਨਿਪਟਿਆ। ਦੋ ਸਾਲਾਂ ਬਾਅਦ ਜਦ ਕੱਟੀ ਖਾਲਸਾ ਸੇਵਾ ਸਿਉਂ ਦੇ ਕੰਮ ਤੋਂ ਹਟ ਗਿਆ ਤਾਂ ਉਸਨੇ ਉਸਦੀ ਮਾਂ ਦੇ ਨਾਂ ਜੋ ਪਰਨੋਟ ਲਿਖ ਛੱਡਿਆ ਸੀ ਉਸ ਸਹਾਰੇ ਅਦਾਲਤ ਵਿਚ ਕੇਸ ਕਰ ਦਿੱਤਾ। ਸੇਵਾ ਸਿਉਂ ਨੇ ਦਿੱਤੇ 5000 ਸਨ ਪਰ ਲਿਖੇ ਦੁੱਗਣੇ। ਖਾਲਸਾ ਸੇਵਾ ਸਿਉਂ ਦਾ ਇਕ ਗਵਾਹ ਮਲਕੀਤਾ ਬਿੱਲਾ ਹੀ ਤਰਸ ਖਾ ਕੇ ਗਵਾਹੀ ਦੇਣ ਤੋਂ ਮੁੱਕਰ ਗਿਆ। ਯਾਨੀ ਉਸ ਨੇ ਜੱਜ ਸਾਹਿਬ ਨੂੰ ਸਾਰੀ ਅਸਲੀਅਤ ਦੱਸ ਦਿੱਤੀ। ਜੱਜ ਨੇ ਚੌਥੀ ਤਾਰੀਖ 'ਤੇ ਕੱਟੀ ਦੀ ਮਾਂ ਨੂੰ ਬਾਇੱਜ਼ਤ ਬਰੀ ਕਰ ਦਿੱਤਾ। ਜਦ ਕੱਟੀ ਜਵਾਨ ਹੋ ਗਿਆ। ਸੀਰ ਲੈਣ ਲੱਗ ਪਿਆ। ਇਹ ਉਸਦਾ ਪਹਿਲਾ ਹੀ ਸੀਰ ਸੀ। ਇਹ ਸੀਰ ਉਸ ਨੇ ਵਿਆਹ ਕਰਾਉਣ ਲਈ ਲਿਆ ਸੀ। ਉਸ ਨੂੰ ਇਕ ਰਿਸ਼ਤਾ ਆਉਂਦਾ ਸੀ ਪੱਕਾ ਕਲਾਂ ਤੋਂ। ਵਿਆਹ ਲਈ ਪੈਸਿਆਂ ਦੀ ਜ਼ਰੂਰਤ ਸੀ। ਕੱਟੀ ਇਕ ਸਾਲ ਲਈ 15000 ਠੇਕੇ 'ਤੇ ਲੱਗ ਗਿਆ। ਲੱਗਾ ਵੀ ਜਥੇਦਾਰ ਗ਼ਮਦੂਰ

ਸਿਊਂ ਦੇ। ਜਥੇਦਾਰ ਨੇ ਵੀ ਪਰਨੋਟ 'ਤੇ ਦੁੱਗਣੇ ਪੈਸੇ ਲਿਖੇ। ਸਾਰੀ ਗੱਲ ਪਹਿਲਾਂ ਖੋਲ੍ਹ ਲਈ। ਪੈਸੇ ਦੋ ਕਿਸ਼ਤਾਂ 'ਚ ਦੇਣੇ ਸਨ। ਪਹਿਲੀ ਕਿਸ਼ਤ ਉਸਨੂੰ ਸੀਰ ਲੈਣ ਉਪਰੰਤ ਦੇ ਦਿੱਤੀ ਗਈ ਅਤੇ ਦੂਜੀ ਸਾਲ ਪੂਰਾ ਹੋਣ 'ਤੇ ਦੇਣੀ ਸੀ। ਸਾਲ ਵਿਚ ਸੱਤ ਛੁੱਟੀਆਂ ਦੇਣੀਆਂ ਕਰ ਲਈਆਂ ਸਨ। ਇਸ ਤੋਂ ਬਿਨਾਂ ਜਿੰਨੇ ਦਿਨ ਕੰਮ 'ਤੇ ਨਾ ਆਏਗਾ ਤਾਂ ਦਿਹਾੜੀ ਦੁੱਗਣੀ ਲੱਗੇਗੀ। ਇਹ ਸ਼ਰਤ ਲਿਖ ਲਈ ਸੀ।

ਕੱਟੀ ਦਾ ਵਿਆਹ ਕਰਮਜੀਤ ਨਾਲ ਹੋ ਗਿਆ। ਵਿਆਹ ਪਿੱਛੋਂ ਮਹੀਨਾ ਕੱਟੀ ਕੰਮ 'ਤੇ ਨਾ ਗਿਆ। ਜਥੇਦਾਰ ਨੇ 20 ਦਿਨਾਂ ਦੀਆਂ ਦਿਹਾੜੀਆਂ ਲਿਖ ਲਈਆਂ 'ਜਥੇਦਾਰ ਨੇ ਪ੍ਰਤੀ ਦਿਹਾੜੀ 140 ਰੁਪਏ ਦੇ ਹਿਸਾਬ ਨਾਲ 2800 ਲਿਖ ਲਿਆ। ਕੱਟੀ ਨੂੰ ਇਸ ਗੱਲ ਦਾ ਭੋਰਾ ਵੀ ਫ਼ਿਕਰ ਨਹੀਂ ਸੀ, ਕੱਟੀ ਤਾਂ ਸਗੋਂ ਬਹੁਤ ਜ਼ਿਆਦਾ ਖੁਸ਼ ਸੀ। ਉਹ ਤਾਂ ਦਿਨ ਰਾਤ ਹਨੇਰੀ ਬਣਿਆ ਫਿਰਦਾ ਸੀ। ਵਿਆਹ ਦਾ ਉਸਨੂੰ ਬਹੁਤ ਚਾਅ ਸੀ। ਕਰਮਜੀਤ ਬਣਦੀ-ਤਣਦੀ ਕੁੜੀ ਸੀ। ਉਹ ਉਸਨੂੰ ਬਹੁਤ ਪਿਆਰ ਕਰਦਾ। ਉਹਦੇ ਅੱਗੇ ਪਿੱਛੇ ਭੌਂਜਿਆ ਫਿਰਦਾ। ਉਹ ਪਿਆਰ ਨਾਲ ਉਸਨੂੰ 'ਕਰਮੀ' ਕਹਿੰਦਾ। ਕਦੇ-ਕਦੇ ਖੇਤ ਕੰਮ ਕਰਦਾ-ਕਰਦਾ ਘਰੋਂ ਵੀ ਸਾਈਕਲ 'ਤੇ ਚੱਕਰ ਮਾਰ ਜਾਂਦਾ। ਰਾਤ ਨੂੰ ਝੋਨੇ ਨੂੰ ਪਾਣੀ ਲਾਉਣ ਲਈ ਮੋਟਰ 'ਤੇ ਜਾਂਦਾ। ਪਰ ਪਾਣੀ ਖੁੱਲ੍ਹਾ ਛੱਡ ਕੇ ਜਥੇਦਾਰ ਤੋਂ ਚੋਰੀ ਘਰ ਦੌੜ ਆਉਂਦਾ। ਮੂੰਹ ਹਨੇਰੇ ਹੀ ਫਿਰ ਖੇਤ ਚਲਾ ਜਾਂਦਾ। ਤਿੰਨ ਮਹੀਨੇ ਵਧੀਆ ਲੰਘ ਗਏ ਸਨ। ਥੋੜ੍ਹਾ ਬਹੁਤਾ ਮਾਂ ਵੀ ਕੰਮ ਕਰਦੀ। ਬਾਲਣ ਵਗੈਰਾ ਉਹ ਲਿਆ ਦਿੰਦੀ। ਸਮਾਂ ਨਿਰਵਿਘਨ ਚੁੰਗੀਆਂ ਭਰਦਾ ਦੌੜਦਾ ਜਾ ਰਿਹਾ ਸੀ। ਕੱਟੀ ਵੀ ਸਮੇਂ ਦੇ ਨਾਲ-ਨਾਲ ਭੌਂਜਿਆ ਫਿਰਦਾ ਸੀ।

ਤੇ ਫਿਰ ਇਕ ਦਿਨ ਰੰਗ 'ਚ ਭੰਗ ਪੈ ਗਈ। ਕੱਟੀ ਦੇ ਪੱਠੇ ਕੁਤਰਦਿਆਂ ਕੂਹਣੀ ਤੱਕ ਬਾਂਹ ਵੱਢੀ ਗਈ। ਜਥੇਦਾਰ ਘਰ ਹੀ ਸੀ। ਉਸਨੇ ਕੱਟੀ ਨੂੰ ਜੀਪ 'ਤੇ ਲੱਦ ਕੇ ਮੋਗੇ ਸਰਕਾਰੀ ਹਸਪਤਾਲ 'ਚ ਜਾ ਦਾਖਲ ਕਰਵਾਇਆ। ਡਾ. ਸਿੰਗਲਾ ਨੇ ਪੰਜ ਦਿਨ ਦਾਖਲ ਰੱਖਿਆ। ਖਰਚਾ ਕਾਫ਼ੀ ਹੋ ਗਿਆ। ਇਕ ਹਜ਼ਾਰ ਡਾ. ਸਿੰਗਲੇ ਨੂੰ ਵੀ ਫੀਸ ਦੇਣੀ ਪਈ। ਸਾਰਾ ਖਰਚਾ ਜਥੇਦਾਰ ਗਮਦੂਰ ਸਿਊਂ ਨੇ ਹੀ ਕੀਤਾ ਸੀ। ਜਥੇਦਾਰ ਨੇ ਜਿੰਨੇ ਵੀ ਪੈਸੇ ਖਰਚ ਕੀਤੇ ਸਨ ਉਹ ਸਾਰੇ ਇਕ ਡਾਇਰੀ 'ਤੇ ਲਿਖ ਲਏ ਸਨ।

ਇਸ ਦੌਰਾਨ ਘਰੇ ਤੰਗੀ ਆ ਗਈ। ਖਾਧ ਅੰਨ ਲੱਗਭੱਗ ਖਤਮ ਹੋ ਗਿਆ। ਕੱਟੀ ਅਜੇ ਕੋਈ ਕੰਮ ਕਰਨ ਤੋਂ ਅਸਮਰੱਥ ਸੀ। ਉਸਨੂੰ ਚੰਗੀ ਖੁਰਾਕ ਦੀ ਵੀ ਲੋੜ ਸੀ। ਜਦ ਕੀੜੇ ਦਾ ਵਿਆਹ ਹੋਇਆ ਸੀ। ਉਹ ਅਗਲੇ ਦਿਨ ਹੀ ਅੱਡ ਹੋ ਗਿਆ ਸੀ। ਬੱਛੀ ਵੀ ਵਿਆਹ ਤੋਂ ਬਾਅਦ ਇਕ ਮਹੀਨਾ ਸੱਤ ਦਿਨ ਨਾਲ ਰਿਹਾ ਫਿਰ ਉਹ ਵੀ ਅੱਡ ਹੋ ਗਿਆ। ਕੱਟੀ ਦੇ ਵਿਆਹ ਵੇਲੇ ਵੀ ਦੋਨਾਂ ਭਰਾਵਾਂ ਨੇ ਕੋਈ ਮੱਦਦ ਨਾ ਕੀਤੀ। ਹਾਲਾਂਕਿ ਭਰਾਵਾਂ ਦੇ ਵਿਆਹਾਂ 'ਤੇ ਕੱਟੀ ਦੀ ਕਮਾਈ ਵੀ ਖਰਚ ਹੁੰਦੀ ਸੀ। ਇਸ ਅਚਾਨਕ ਪਈ ਬਿਪਤਾ ਦਾ ਕਿਸੇ ਨੂੰ ਪਤਾ ਹੀ ਨਹੀਂ ਸੀ। ਕੱਟੀ ਦੀ ਮਾਂ ਜੁਆਲੀ ਦੋ ਕੁ ਮਹੀਨੇ ਹੋਰ ਬਾਲਣ ਫੂਕਣ ਕਰਦੀ ਰਹੀ। ਇਸਦੇ ਬਾਵਜੂਦ ਗੁਜ਼ਾਰਾ ਮੁਸ਼ਕਿਲ ਹੋ ਗਿਆ ਸੀ।

ਅੰਤ ਕੱਟੀ ਨੂੰ ਹਥਿਆਰ ਸੁੱਟਣੇ ਪਏ। ਵਿਆਹ ਸਮੇਂ ਭਾਵੇਂ ਉਸਨੇ ਸਪੱਸ਼ਟ ਕਰਮੀ ਨੂੰ ਕਿਹਾ ਸੀ, "ਜੱਟਾਂ ਦੇ ਖੇਤ ਤੂੰ ਨਹੀਂ ਜਾਣਾ। ਭਾਵੇਂ ਕੁਝ ਹੋ ਜਾਏ। ਤੈਨੂੰ ਨਹੀਂ ਪਤਾ- ਸਾਲੇ ਜੱਟ ਤਾਂ ਮਜ਼ਬੀਆਂ ਦੀਆਂ ਕੁੜੀਆਂ-ਬੁੜ੍ਹੀਆਂ ਨਹੀਂ ਛੱਡਦੇ- ਮੈਂ ਤਾਂ ਨਿੱਤ ਦੇਖਦਾ ਅੱਖੀਂ।" ਹੁਣ ਉਹ ਇਸ ਆਰਥਿਕ ਥੁੜ ਕਾਰਨ ਵੀ ਨਹੀਂ ਚਾਹੁੰਦਾ ਸੀ ਕਿ ਕਰਮੀ ਘਰੋਂ ਬਾਹਰ ਨਿਕਲੇ। ਅਸਲ ਵਿਚ ਕੱਟੀ ਨੂੰ ਇਹ ਵੀ ਪਾਲਾ ਮਾਰਦਾ ਸੀ ਕਿ ਜੇ ਕਰਮੀ ਦਾ ਇਕ ਵਾਰ ਘਰੋਂ ਪੈਰ ਬਾਹਰ ਨਿਕਲ ਗਿਆ ਫੇਰ ਏਹਨੇ ਮੇਰੇ ਜੋਗੀ ਕਿੱਥੇ ਰਹਿਣੈ। ਪਰ ਹੁਣ ਉਸ ਕੋਲ ਹੋਰ ਕੋਈ ਬਦਲ ਹੀ ਨਹੀਂ ਸੀ। ਕਈ ਵਾਰ ਕੱਟੀ ਵਾਂਗ ਮਨੁੱਖ ਨੂੰ ਸਮੇਂ ਅੱਗੇ ਹਾਰ ਮੰਨਣ ਤੋਂ ਸਿਵਾਏ ਹੋਰ ਚਾਰਾ ਹੀ ਬਾਕੀ ਨਹੀਂ ਹੁੰਦਾ।

ਮਜਬੂਰਨ ਕਰਮੀ ਨੂੰ ਕਪਤਾਨ ਮਹਿੰਦਰ ਸਿੰਘ ਦੇ ਘਰ ਘਰੇਲੂ ਕੰਮ ਧੰਦੇ ਲਈ ਨੌਕਰੀ ਕਰਨੀ ਪਈ। ਕਰਮੀ ਸਾਰਾ-ਸਾਰਾ ਦਿਨ ਕਪਤਾਨ ਦੇ ਘਰ ਹੀ ਰਹਿੰਦੀ। ਗੋਹਾ. ਕੂੜਾ ਕਰਮੀ ਅਤੇ ਜੁਆਲੀ ਰਲ ਕੇ ਕਰਦੀਆਂ। ਕਰਮੀ ਉਹਨਾਂ ਦੇ ਭਾਂਡੇ-ਟੀਂਡੇ ਸਾਫ਼ ਕਰਦੀ, ਕਮਰਿਆਂ 'ਚ ਝਾੜੂ ਪੋਚੇ ਲਾਉਂਦੀ, ਕੱਪੜੇ ਧੋਂਦੀ। ਸਾਰਾ ਦਿਨ ਕੋਈ ਨਾ ਕੋਈ ਕੰਮ ਕਰਦੀ ਰਹਿੰਦੀ। ਹੌਲੀ-ਹੌਲੀ ਕਪਤਾਨ ਦੇ ਲੜਕੇ ਹਰਿੰਦਰ ਅਤੇ ਕਰਮੀ ਦੀ ਚਰਚਾ ਘਰ-ਘਰ ਹੋਣ ਲੱਗ ਪਈ ਅਤੇ ਉਹ ਚਰਚਾ ਇਕ ਦਿਨ ਕੱਟੀ ਤੱਕ ਵੀ ਪੁੱਜ ਗਈ। ਯਾਰੀ ਚੋਰੀ ਕਦੇ ਗੁੱਝੀ ਨਹੀਂ ਰਹਿੰਦੀ। ਕਰਮੀ ਦੀ ਚਰਚਾ ਸੁਣ ਕੇ ਕੱਟੀ ਨੂੰ ਬੜਾ ਹੀ ਗੁੱਸਾ ਆਇਆ। ਉਸ ਦੇ ਤਨ ਮਨ ਨੂੰ ਅੱਗ ਲੱਗ ਗਈ। ਉਹ ਸਿੱਧਾ ਠੇਕੇ ਗਿਆ। ਘਰ ਆਉਂਦਿਆਂ ਹੀ ਉਸਨੇ ਚੀਕ ਨੁਮਾ ਲਲਕਾਰਾ ਮਾਰਿਆ। ਸੋਟੀ ਚੁੱਕੀ ਤੇ ਡਹਿ ਪਿਆ ਕਰਮੀ ਨੂੰ ਕੁੱਟਣ। ਚੀਕ ਚਿਹਾੜਾ ਸੁਣ ਕੇ ਸਾਰਾ ਵਿਹੜਾ ਇਕੱਠਾ ਹੋ ਗਿਆ। ਲੋਕਾਂ ਨੇ ਬੜੀ ਮੁਸ਼ਕਿਲ ਨਾਲ ਕੱਟੀ ਨੂੰ



ਫੜਿਆ। ਕਰਮੀ ਡਰਦੀ ਆਪਣੇ ਜੇਠ ਬੱਛੀ ਦੇ ਘਰ ਚਲੀ ਗਈ। ਰਾਤ ਉੱਥੇ ਹੀ ਕੱਟੀ, ਉਹ ਸਾਰੀ ਰਾਤ ਨਾ ਸੁੱਤੀ। ਸਵੇਰੇ ਉੱਠਣ ਸਾਰ ਉਸਨੇ ਚੁੰਨੀ ਚੁੱਕੀ ਤੇ ਆਪਣੇ ਮਾਪੀਂ ਜਾ ਪੁੱਜੀ। ਥੋੜ੍ਹੇ ਦਿਨਾਂ ਬਾਅਦ ਦੋਨਾਂ ਦੀਆਂ ਧਿਰਾਂ ਪੰਚਾਇਤਾਂ ਹੋਈਆਂ। ਦੋਹਾਂ ਧਿਰਾਂ ਨੂੰ ਸਮਝਾ ਬੁਝਾ ਕੇ ਸਮਝੌਤਾ ਕਰਵਾ ਦਿੱਤਾ। ਕਰਮੀ ਭਾਵੇਂ ਆ ਗਈ। ਇਸਦੇ ਬਾਵਜੂਦ ਦੋਹਾਂ ਵਿਚਕਾਰ ਕਿਸੇ ਨਾ ਕਿਸੇ ਗੱਲੋਂ ਨੋਕ ਝੋਕ ਹੁੰਦੀ ਰਹਿੰਦੀ। ਇਕ ਦਿਨ ਅਚਾਨਕ ਕਰਮੀ ਅਤੇ ਜੁਆਲੀ ਨੂੰ ਦੁਬਾਰਾ ਕੰਮ 'ਤੇ ਰੱਖਣ ਲਈ ਕਪਤਾਨ ਮਹਿੰਦਰ ਸਿੰਘ ਉਹਨਾਂ ਦੇ ਘਰ ਆ ਗਿਆ। ਉਸਨੇ ਅਜੇ 2000 ਜੁਆਲੀ ਤੋਂ ਲੈਣਾ ਸੀ। ਕਪਤਾਨ ਨੇ ਆਉਂਦਿਆਂ ਹੀ ਦੋ ਟੁੱਕ ਗੱਲ ਕੀਤੀ, "ਭਾਬੀ ਜਾਂ ਤਾਂ ਕੰਮ ਲੱਗ ਜਾ ਜਾਂ ਫਿਰ ਪੈਸੇ ਮੋੜ।"

ਜੁਆਲੀ ਨੇ ਨਿਮਰਤਾ ਨਾਲ ਕਿਹਾ, "ਕੋਈ ਨਹੀਂ! ਪਿੰਡ ਨਹੀਂ ਛੱਡਦੇ ਅਸੀਂ ਪੈਸੇ ਤੇਰੇ ਖਰੇ-ਮੋੜ ਦਿਆਂਗੇ।"

ਕਪਤਾਨ ਨੇ ਖਿਝਦਿਆਂ ਕਿਹਾ, "ਦਿਨ ਦੱਸ! ਸਮਾਂ ਬੰਨ੍ਹ ਲੈ ਦਸ-ਪੰਦਰਾਂ-ਵੀਹ ਕਿੰਨੇ ਦਿਨਾਂ ਨੂੰ ਦੇਵੇਂਗੀ?"

ਕੱਟੀ ਵੀ ਘਰ ਹੀ ਪਿਆ ਸੀ, ਉਹ ਮੰਜੀ ਤੋਂ ਉੱਠ ਖੜ੍ਹਾ ਹੋਇਆ ਅਤੇ ਗੁੱਸੇ 'ਚ ਕਹਿਣ ਲੱਗਾ, "ਜਦ ਹੋਏ ਦੇ ਦਿਆਂਗੇ। ਅੱਜ ਈ ਕਿੱਥੋਂ ਹਰੇ ਕਰ ਦੇਈਏ।"

"ਓਏ ਛੋਹਰਾ ਬੋਲਦਾ ਕਿਵੇਂ ਐਂ ਤੂੰ। ਮੁਫ਼ਤ ਨਹੀਂ ਲੈਣੇ। ਬਿੱਲੀ ਦੇ ਕੰਨਾਂ ਵਰਗੇ ਦਿੱਤੇ ਨੀਲੇ-ਨੀਲੇ ਨੋਟ। ਇਹ ਅੱਕਾਂ ਨਾਲੋਂ ਤੋੜ ਕੇ ਨਹੀਂ ਦਿੱਤੇ।" ਕਪਤਾਨ ਵੀ ਕੱਪੜਿਆਂ ਤੋਂ ਬਾਹਰ ਹੋ ਗਿਆ।

ਗੱਲ ਸੰਭਾਲਦਿਆਂ ਜੁਆਲੀ ਵਿਚੋਂ ਬੋਲ ਪਈ, "ਵੀਹ ਦਿਨਾਂ ਨੂੰ ਪੈਸੇ ਥੋਡੇ ਘਰ ਆ ਜਾਣਗੇ। ਕਿਤੋਂ ਦੇਵਾਂ ਮੈਂ।"

ਕਪਤਾਨ ਮਹਿੰਦਰ ਸਿੰਘ ਪੁਲਿਸ ਦਾ ਦਬਕਾ ਮਾਰ ਕੇ ਗੁੱਸੇ ਨਾਲ ਭਰਿਆ ਕਾਹਲੇ ਕਦਮੀਂ ਕੱਟੀ ਦੇ ਘਰੋਂ ਬਾਹਰ ਹੋ ਗਿਆ।

ਵੀਹ ਦਿੰਨ ਲੰਘ ਗਏ। ਪੈਸੇ ਕਿੱਥੋਂ ਮਿਲਣੇ ਸੀ, ਕਿੱਥੋਂ ਆਉਣੇ ਸੀ। ਜੁਆਲੀ ਨੇ ਕਈ ਬੰਦਿਆਂ-ਬੁੜੀਆਂ ਤੋਂ ਪੈਸੇ ਪੁੱਛੇ ਵੀ ਪਰ ਕਿਧਰੋਂ ਡੂਡੇ -ਸਿਵਾਏ ਵਿਆਜ 'ਤੇ ਵੀ ਨਾ ਮਿਲੇ। 21 ਵੇਂ ਦਿਨ ਪੈਸੇ ਲੈਣ ਹਰਿੰਦਰ ਸਿੰਘ ਆਪ ਆ ਧਮਕਿਆ। ਪੈਸੇ ਤਾਂ ਬਹਾਨਾ ਸੀ। ਦਰਅਸਲ ਉਹ ਕਰਮੀ ਨੂੰ ਮਿਲਣਾ ਚਾਹੁੰਦਾ ਸੀ। ਕਰਮੀ ਵੇਹੜੇ 'ਚ ਕੰਮ ਕਰਦੀ ਫਿਰਦੀ ਸੀ। ਹਰਿੰਦਰ ਬਿਨਾਂ ਅਵਾਜ਼ ਮਾਰਿਆਂ ਸਿੱਧਾ ਹੀ ਅੰਦਰ ਚਲਾ ਗਿਆ। ਹਰਿੰਦਰ ਕਰਮੀ ਨਾਲ ਕੋਈ ਗੱਲ ਕਰ ਰਿਹਾ ਸੀ। ਕੱਟੀ ਕੰਮੀਆਂ ਦੇ ਵੇਹੜੇ ਦੇ ਕੇਂਦਰ ਵਿਚ ਲੱਗੀ ਖੂਹੀ 'ਤੇ ਬਣੇ ਹੋਏ ਥੜ੍ਹੇ 'ਤੇ ਬੈਠਾ ਸੀ। ਉਸਨੇ ਹਰਿੰਦਰ ਨੂੰ ਖੂਹੀ ਕੋਲੋਂ ਲੰਘਦਿਆਂ ਦੇਖਿਆ ਹੀ ਨਹੀਂ ਸੀ ਕਿਉਂਕਿ ਬੀਹੀ ਵੱਲ ਉਸਦੀ ਪਿੱਠ ਸੀ। ਜਦ ਹਰਿੰਦਰ ਕੱਟੀ ਦੇ ਘਰ ਵੜ ਗਿਆ ਤਾਂ ਘੋਗੇ ਨੇ ਕੱਟੀ ਨੂੰ ਤਨਜ ਭਰੇ ਲਹਿਜੇ 'ਚ ਕਿਹਾ, "ਕਪਤਾਨਾ ਦਾ ਹਰਿੰਦਰ ਥੋਡੇ ਘਰ ਗਿਆ ਏਹ ਸਾਲਾ ਅਜੇ ਵੀ ਨਹੀਂ ਹੱਟਦਾ ਆਉਣੋਂ।"

ਕੱਟੀ ਘੋਗੇ ਦੀ ਆਰ ਨਾਲ ਲੋਹੇ ਵਾਂਗ ਤਪ ਗਿਆ। ਥੜ੍ਹੇ ਤੋਂ ਛਾਲ ਮਾਰ ਕੇ ਘਰ ਵੱਲ ਭੱਜ ਤੁਰਿਆ। ਅੰਦਰ ਕਰਮੀ ਅਤੇ ਹਰਿੰਦਰ ਕੋਈ ਗੱਲ ਕਰ ਰਹੇ ਸਨ। ਕੱਟੀ ਨੇ ਜਾਣ ਸਾਰ ਹਰਿੰਦਰ ਦੇ ਮੌਰਾਂ 'ਚ ਮੁੱਕੀ ਜੜ ਦਿੱਤੀ, "ਸਾਲਿਆ ਭੈਣ ਦੇਣਿਆਂ ਸਾਡੇ ਘਰ ਵੜ ਕਿਵੇਂ ਗਿਆ ਤੂੰ।" ਏਨਾ ਕਹਿ ਕੇ ਉਹ ਕੰਧ ਨਾਲ ਲੱਗੀ ਸੋਟੀ ਚੁੱਕਣ ਲੱਗਾ ਹੀ ਸੀ ਕਿ ਹਰਿੰਦਰ ਦੌੜ ਗਿਆ। ਉਹ ਬੂਹੇ ਤੱਕ ਉਸਦੇ ਮਗਰ ਭੌਂਜਿਆ ਵੀ ਪਰ ਉਦੋਂ ਨੂੰ ਹਰਿੰਦਰ ਦੂਜੀ ਬੀਹੀ ਮੁੜ ਗਿਆ। ਕੱਟੀ ਨੇ ਉਸੇ ਸੋਟੀ ਨਾਲ ਕਰਮੀ ਨੂੰ ਕੁੱਟ-ਕੁੱਟ ਫਿਰ ਨਿਢਾਲ ਕਰ ਦਿੱਤਾ। ਬੱਸ ਫਿਰ ਕੀ ਸੀ, ਉਸਨੇ ਦੁਬਾਰਾ ਆਪਣੇ ਪੇਕਿਆਂ ਵੱਲ ਮੂੰਹ ਕਰ 'ਲਿਆ। ਸ਼ਾਮ ਤੱਕ ਉਹ ਆਪਣੇ ਮਾਂ-ਪਿਓ ਕੋਲ ਪੁੱਜ ਗਈ।

ਕੱਟੀ ਪੰਜ ਛੇ ਮਹੀਨੇ ਚੁੱਪ ਰਿਹਾ। ਉਸ ਦਾ ਕਰਮੀ ਬਿਨਾਂ ਜਿਉਣਾ ਦੁੱਭਰ ਹੋ ਗਿਆ ਸੀ। ਉਸਨੇ ਦੁਬਾਰਾ ਕਰਮੀ ਨੂੰ ਘਰ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਨਾ ਉਹ ਮੰਨੀ, ਨਾ ਉਸਦੇ ਮਾਂ-ਪਿਓ ਮੰਨੇ। ਕੱਟੀ ਦਾ ਮਨ ਉਦਾਸ ਰਹਿੰਦਾ। ਉਸ ਦਾ ਕਿਤੇ ਵੀ ਜੀਅ ਨਹੀਂ ਲੱਗਦਾ ਸੀ। ਉਸਦੀ ਮਾਂ ਵੀ ਬੀਮਾਰ ਰਹਿਣ ਲੱਗ ਪਈ। ਉਸ ਨੂੰ ਦਮੇ ਦਾ ਰੋਗ ਲੱਗ ਗਿਆ। ਹੁਣ ਉਸ ਤੋਂ ਗੋਹਾ ਕੂੜਾ ਨਹੀਂ ਹੁੰਦਾ ਸੀ। ਬੜੀ ਮੁਸ਼ਕਿਲ ਨਾਲ ਘਰ ਦਾ ਮਾੜਾ ਮੋਟਾ ਹੀ ਕੰਮ ਹੁੰਦਾ। ਜੁਆਲੀ ਤੁਰਦੀ ਤਾਂ ਸਾਹ ਚੜ੍ਹਦਾ। ਉਹ ਸੁੱਕ ਕੇ ਤੀਲਾ ਹੋ ਗਈ ਸੀ। ਉਸਦੀ ਇਕ ਤਰ੍ਹਾਂ ਨਾਲ ਸਾਰੀ ਸ਼ਕਤੀ ਖਤਮ ਹੋ ਗਈ ਸੀ। ਉਸਨੂੰ ਪਤੀ ਵਲੋਂ ਵੀ ਕੋਈ ਸੁੱਖ ਨਹੀਂ ਮਿਲਿਆ ਸੀ ਤੇ ਨਾ ਹੀ ਪੁੱਤਾਂ ਵਲੋਂ। ਕਦੇ-ਕਦੇ ਉਹ ਬੈਠੀ ਸੋਚਦੀ, "ਜੇ

ਕਰਮ ਚੰਗੇ ਹੁੰਦੇ ਪੁੱਤ ਈ ਚੰਗੇ ਨਿਕਲਦੇ। ਮਸਾਂ ਲਏ ਸੀ-ਮਸਾਂ ਪਾਲੇ ਸੀ! ਆਪ ਭੁੱਖੇ ਰਹਿਣਾ ਪੁੱਤਰਾਂ ਨੂੰ ਖੁਆਉਣਾ। ਪੈਰਾਂ ਨੂੰ ਕਦੇ ਸਾਬਤੀ ਜੁੱਤੀ ਨਹੀਂ ਜੁੜੀ ਸੀ। ਟੁੱਟੀਆਂ ਚੱਪਲਾਂ ਨਾਲ ਸਾਰਨਾ। ਜੱਟੀਆਂ ਦਾ ਲਾਹਿਆ-ਪਲਾਹਿਆ ਪਹਿਨ ਡੰਗਾ ਲਾਹੁਣਾ। ਨਾ ਦਿਨੇ ਚੈਨ ਨਾ ਰਾਤੀਂ । ਹੁਣ ਬੁਢੇਪੇ ਵੀ ਸੁੱਖ ਦੇ ਦੋ ਦਿਨ ਨਾ ਮਿਲੇ। ਮੇਰੀ ਕਾਹਦੀ ਜ਼ਿੰਦਗੀ ਆ।" ਜੁਆਲੀ ਨੂੰ ਹਰ ਸਮੇਂ ਤੋੜਾਂ ਤੂੰਬਾਂ ਲੱਗੀਆਂ ਰਹਿੰਦੀਆਂ। ਘਰੇ ਭੁੱਖ ਨੰਗ ਪਸਰ ਚੁੱਕੀ ਸੀ। ਕੱਟੀ ਕੁਝ ਵੀ ਕਰਨ ਜੋਗਾ ਨਹੀਂ ਰਿਹਾ ਸੀ।

ਕਰਮੀ ਨੂੰ ਉਸਦੇ ਪਿਓ ਨੇ ਬੱਧਣੀ ਇਕ ਦੁਹਾਜੂ ਦੇ ਤੋਰ ਦਿੱਤਾ। ਹੋਰ ਉਹ ਕਰਦਾ ਵੀ ਕੀ? ਘਰੇ ਜਵਾਨ ਕੁੜੀ ਨੂੰ ਕਿਵੇਂ ਰੱਖਦਾ? ਕੁਦਰਤ ਵਲੋਂ ਉਸਦੇ ਅਜੇ ਕੋਈ ਜੁਆਕ ਜੱਲਾ ਵੀ ਨਹੀਂ ਸੀ। ਕੱਟੀ ਜਾਣਦਾ ਸੀ ਕਿ ਹੁਣ ਵਿਆਹ ਤਾਂ ਹੋ ਨਹੀਂ ਸਕਦਾ? ਉਸਨੇ ਥੋੜ੍ਹੇ ਦਿਨਾਂ 'ਚ ਹੀ ਇਹ ਖੋਜ ਕਰ ਲਈ ਕਿ ਕਰਮੀ ਕਿੱਥੇ ਤੋਰੀ ਹੈ। ਇਕ ਦਿਨ ਕੱਟੀ ਸ਼ਰਾਬ ਪੀ ਕੇ ਬੱਧਣੀ ਕਰਮੀ ਦੇ ਘਰ ਚਲਾ ਗਿਆ। ਕਰਮੀ ਦੇ ਘਰ ਵਾਲਾ ਸੀਰਾ ਘਰ ਹੀ ਸੀ। ਕੱਟੀ ਨੇ ਆਉਂਦਿਆਂ ਹੀ ਕਰਮੀ ਨੂੰ ਬਾਹੋਂ ਫੜ ਕੇ ਆਪਣੇ ਪਿੰਡ ਲਿਜਾਣ ਲਈ ਘੜੀਸਣਾ ਸ਼ੁਰੂ ਕਰ ਦਿੱਤਾ। ਸੀਰੇ ਨੇ ਦੋ ਤਿੰਨ ਡਾਂਗਾਂ ਉਹਦੇ ਗਿੱਟਿਆਂ 'ਤੇ ਛੱਡੀਆਂ। ਕਰਮੀ ਛੁੱਟ ਕੇ ਸਵਾਤ ਵੱਲ ਦੌੜੀ। ਰੌਲਾ -ਰੱਪਾ ਸੁਣ ਕੇ ਵਿਹੜੇ ਦੇ ਲੋਕ ਇਕ ਦਮ ਇਕੱਠੇ ਹੋ ਗਏ। ਕੱਟੀ ਨੂੰ ਰੱਸੇ ਨਾਲ ਕਿੱਕਰ ਦੇ ਮੁੱਢ ਨਾਲ ਬੰਨ੍ਹ ਦਿੱਤਾ। ਕਸਬਾ ਹੋਣ ਕਰਕੇ ਥਾਣਾ ਲਾਗੇ ਹੀ ਸੀ। ਸੀਰਾ ਅਤੇ ਉਸਦੇ ਚਾਰੇ ਭਰਾ ਰਲ ਕੇ ਪੁਲਿਸ ਕੋਲ ਲੈ ਗਏ। ਪੁਲਿਸ ਨੇ ਉਸ ਨੂੰ 15 ਦਿਨ ਹਵਾਲਾਤ 'ਚ ਰੱਖਿਆ। ਅਖੀਰ ਇਕ ਦਿਨ ਇਨਸਪੈਕਟਰ ਨੇ ਇਸ ਕਰਕੇ ਛੱਡ ਦਿੱਤਾ ਕਿਉਂਕਿ ਕਿਸੇ ਵੱਡੇ ਅਫ਼ਸਰ ਨੇ ਥਾਣੇ ਦੀ ਤਫ਼ਤੀਸ਼ ਕਰਨ ਆਉਣਾ ਸੀ। ਕੱਟੀ 'ਤੇ ਕੋਈ ਕੇਸ ਤਾਂ ਬਣਿਆ ਨਹੀਂ ਸੀ। ਸਧਾਰਨ ਰਿਪੋਟ ਹੀ ਦਿੱਤੀ ਹੋਈ ਸੀ।

ਕੱਟੀ ਕੋਈ ਕੰਮ ਤਾਂ ਕਰ ਸਕਦਾ ਨਹੀਂ ਸੀ। ਉਹ ਨਿੱਕੀਆਂ-ਮੋਟੀਆਂ ਚੋਰੀਆਂ ਕਰਨ ਲੱਗ ਪਿਆ। ਰਾਤ ਨੂੰ ਖੇਤਾਂ 'ਚੋਂ ਕਹੀਆਂ, ਰੰਬੇ, ਦਾਤੀਆਂ, ਰੱਸੇ ਜਾਂ ਕੁਝ ਵੀ ਮਿਲਦਾ ਚੁੱਕ ਲਿਆਉਂਦਾ ਅਤੇ ਆਂਢ-ਗੁਆਂਢ ਕਿਸੇ ਪਿੰਡ ਵਿਚ ਵੇਚ ਆਉਂਦਾ। ਹੌਲੀ-ਹੌਲੀ ਲੋਕਾਂ ਦੇ ਘਰ ਦੇ ਭਾਂਡੇ, ਲੀੜੇ-ਲੱਤੇ ਵੀ ਚੁਰਾਉਣ ਲੱਗ ਪਿਆ। ਕਦੇ-ਕਦੇ ਟੇਪ-ਰਿਕਾਰਡਰ, ਰੇਡੀਓ ਜਾਂ ਇਹੋ ਜਿਹਾ ਨਿੱਕ-ਸੁਕ ਚੁਰਾਉਂਦਾ ਅਤੇ ਵੇਚ ਛੱਡਦਾ। ਇਸ ਨਿੱਕੀ ਮੋਟੀ ਚੋਰੀ ਨਾਲ ਉਸਦੀ ਦਾਲ ਰੋਟੀ ਹੀ ਮਸਾਂ ਪੂਰੀ ਹੁੰਦੀ । ਜੁਆਲੀ ਉਸ ਨੂੰ ਬੜਾ ਸਮਝਾਉਂਦੀ, "ਪੁੱਤ! ਮਾੜਾ ਮੋਟਾ ਰੋਟੀ ਜੋਗਾ ਕੰਮ ਕਰ ਲਿਆ ਕਰ। ਕਿਸੇ ਦੇ ਪੱਠੇ-ਪੁੱਠੇ ਪਾਉਣ ਹੀ ਲੱਗ ਜਾ, ਨਹੀਂ ਤਾਂ ਮੰਡੀ ਕਿਸੇ ਦੁਕਾਨ 'ਤੇ ਈ ਲੱਗ ਜਾ, ਜਿਹੜਾ ਕੰਮ ਤੂੰ ਕਰਦੈਂ ਇਹ ਚੰਗਾ ਨਹੀਂ ਤੇਰੇ ਲਈ। ਕਿਸੇ ਤੋਂ ਕੁੱਟ ਖਾਵੇਂਗਾ। ਕੋਈ ਪੁਲਿਸ ਨੂੰ ਫੜਾਦੂ।"

ਪਰ ਕੱਟੀ ਮਾਂ ਦੀਆਂ ਸਮਝੌਤੀਆਂ ਦੀ ਪ੍ਰਵਾਹ ਨਾ ਕਰਦਾ। ਅਖੀਰ ਉਹੀ ਗੱਲ ਹੋਈ। ਡਾਲੇ ਪਿੰਡ ਇਕ ਜੱਟ ਦੇ ਘਰ ਜਾ ਚੋਰੀ ਕੀਤੀ। ਟੀ. ਵੀ. ਚੁੱਕ ਕੇ ਅਜੇ ਮੋਢੇ 'ਤੇ ਹੀ ਰੱਖਿਆ ਸੀ ਕਿ ਘਰ ਦੇ ਮਾਲਕ ਨੇ ਇਕਦਮ ਜੱਫੇ 'ਚ ਦਬੋਚ ਲਿਆ। ਉਸਨੇ ਦੋ ਕਦਮ ਵੀ ਹਿੱਲਣ ਨਾ ਦਿੱਤਾ। ਪਹਿਲਾਂ ਸਾਰੇ ਟੱਬਰ ਨੇ ਆਪ ਦੁਸ਼ਾਂਦਾ ਦਿੱਤਾ ਫੇਰ ਪੁਲਿਸ ਕੋਲੋਂ ਦੁਆ ਦਿੱਤਾ। ਇਸ ਕੁੱਟ ਪਿੱਛੋਂ ਵੀ ਉਸਨੇ ਚੋਰੀ ਨਾ ਛੱਡੀ। ਜੇ ਕਿਸੇ ਰਾਤ ਕਿੱਧਰੇ ਉਸਦਾ ਦਾਅ ਨਾ ਲੱਗਦਾ ਤਾਂ ਉਹ ਘਰੋਂ ਆਰੀ ਚੁੱਕਦਾ ਅਤੇ ਨਹਿਰ ਤੋਂ ਬਾਲਣ ਲੈਣ ਚਲਾ ਜਾਂਦਾ। ਇਕ ਹੱਥ ਨਾਲ ਹੀ ਕਿੱਕਰ ਜਾਂ ਟਾਹਲੀ ਦੇ ਮੋਛੇ ਪਾ ਦਿੰਦਾ। ਨਹਿਰ ਉਹਦੇ ਪਿੰਡ ਤੋਂ ਭਾਵੇਂ 2 ਕਿਲੋਮੀਟਰ ਦੂਰ ਸੀ। ਪਰ ਉਹ ਰਾਤ ਨੂੰ ਤਿੰਨ-ਤਿੰਨ ਗੇੜੇ ਲਾ ਦਿੰਦਾ। ਜਦ ਟਰਾਲੀ ਕੁ ਬਾਲਣ ਦੀ ਹੋ ਜਾਂਦੀ ਤਾਂ ਉਹ ਵੇਚ ਦਿੰਦਾ। ਦੌਰ ਵੀ ਅੱਤਵਾਦ ਦਾ ਸੀ। ਨਹਿਰ ਨੇੜ-ਤੇੜ ਦੀਆਂ ਮੋਟਰਾਂ 'ਤੇ ਛੱਤੀਆਂ ਕੋਠੜੀਆਂ ਵਿਚ ਹੁਸਨੇ ਵਰਗੇ ਅੱਤਵਾਦੀਆਂ ਦੀ ਠਹਿਰ ਹੁੰਦੀ। ਇਕ ਦਿਨ ਹੁਸਨੇ ਹੁਰਾਂ ਨੇ ਕੱਟੀ ਨੂੰ ਕਿੱਕਰ ਦਾ ਵਢਾਂਗ ਲਈ ਆਉਂਦੇ ਘੇਰ ਲਿਆ। ਹੁਸਨੇ ਹੁਰੀਂ ਬੁੱਟਰ ਕੋਈ ਵਾਰਦਾਤ ਕਰਕੇ ਆਪਣੇ ਟਿਕਾਣੇ 'ਤੇ ਜਾ ਰਹੇ ਸਨ। ਉਹਨਾਂ ਕੱਟੀ ਦੇ ਸਿਰੋਂ ਬਾਲਣ ਦੀ ਭਰੀ ਲੁਹਾ ਕੇ ਰੱਖਵਾ ਲਈ। ਕੱਟੀ ਉਹਨਾਂ ਤੋਂ ਡਰਿਆ ਨਾ। ਹੁਸਨੇ ਨੇ ਉਸਨੂੰ ਸਿਰ ਮੈਦਾਨ ਭੱਜਣ ਲਈ ਕਹਿੰਦਿਆਂ ਚੇਤਾਵਨੀ ਦਿੱਤੀ, "ਅੱਗੇ ਤੋਂ ਰਾਤ ਨੂੰ ਏਧਰ ਦੇਖ ਲਿਆ ਤਾਂ ਗੋਲੀਆਂ ਨਾਲ ਉਡਾ ਦਿਆਂਗੇ।" ਕੱਟੀ ਨੇ ਨਿਮਰਤਾ ਨਾਲ ਉਹਨਾਂ ਨੂੰ ਕੱਟੀ ਹੋਈ ਬਾਂਹ ਹੀ ਨਹੀਂ ਦਿਖਾਈ ਸਗੋਂ ਆਪਣੇ ਨਾਲ ਬੀਤੀ ਸਾਰੀ ਕਥਾ ਵੀ ਸੁਣਾ ਦਿੱਤੀ। ਨਾਲ ਹੀ ਉਸਨੇ ਉਹਨਾਂ ਨੂੰ ਆਪਣੇ ਨਾਲ ਰਲਾਉਣ ਦੀ ਬੇਨਤੀ ਕਰ ਦਿੱਤੀ। ਹੁਸਨੇ ਨੂੰ ਕੱਟੀ ਬੰਦਾ ਕੰਮ ਦਾ ਲੱਗਿਆ। ਹੁਸਨੇ ਵਰਗਿਆਂ ਨੂੰ ਇਹੋ ਜਿਹੇ ਬੰਦਿਆਂ ਦੀ ਡਾਢੀ ਲੋੜ ਸੀ। ਪਰ ਉਹ ਪਹਿਲਾਂ ਉਸ ਨੂੰ ਟੁਣਕਾਉਣਾ ਚਾਹੁੰਦਾ ਸੀ ਕਿ ਹਿ ਮੁੰਡਾ ਖਰਾ ਹੈ ਜਾਂ ਖੋਟਾ। ਕੁਝ ਦਿਨਾਂ ਬਾਅਦ ਦੋ ਰਾਤਾਂ ਵੀ ਉਹ ਕੱਟੀ ਦੇ ਘਰ ਕੱਟ ਗਏ। ਜਾਂਦੇ ਹੋਏ ਉਸਨੂੰ ਚਾਹ ਪਾਣੀ ਦਾ ਖਰਚਾ ਵੀ ਦੇ



ਗਏ। ਰਾਤ ਬਰਾਤੇ ਉਹ ਕਈ ਵਾਰ ਕੱਟੀ ਕੋਲ ਆਏ। ਦੋ ਤਿੰਨ ਥਾਂਈਂ ਉਸਨੂੰ ਸੁਨੇਹੇ ਦੇ ਕੇ ਵੀ ਭੇਜਿਆ। ਹਥਿਆਰ ਵੀ ਉਸ ਰਾਹੀਂ ਏਧਰ-ਓਧਰ ਭੇਜੇ। ਕੁਝ ਮਹੀਨਿਆਂ ਬਾਦ ਕੱਟੀ ਪੂਰਾ ਸਿੰਘ ਸਜਾ ਲਿਆ। ਕੱਟੀ ਤੋਂ ਕਈ ਵਾਰਦਾਤਾਂ ਕਰਵਾਈਆਂ, ਨਿਹੰਗ ਬਾਬੇ ਨਾਂ ਨਾਲ ਉਸਦੀ ਇਲਾਕੇ 'ਚ ਮਸ਼ਹੂਰੀ ਹੋ ਗਈ। ਪਿੰਡ ਦੇ ਲੋਕਾਂ ਨੂੰ ਕੁਝ ਵੀ ਪਤਾ ਨਹੀਂ ਸੀ ਕਿ ਕੱਟੀ ਨੂੰ ਨਿਹੰਗ ਬਾਬਾ ਕਹਿੰਦੇ ਹਨ।

ਪਹਿਲੀ ਵਾਰਦਾਤ ਉਸਨੇ ਬੱਧਣੀ ਕੀਤੀ। ਸੀਰੇ ਤੇ ਉਸਦੀ ਨੂੰ ਪਤਨੀ ਪਾਰ ਬੁਲਾ ਦਿੱਤਾ। ਉਸ ਪਿੱਛੋਂ ਜਥੇਦਾਰ ਸੇਵਾ ਸਿਉਂ ਦੇ ਘਰ ਜਾ ਕੇ ਰੀਵਾਲਵਰ ਨਾਲ ਦੋ ਫਾਇਰ ਕੀਤੇ, ਇਕ ਸੇਵਾ ਸਿਉਂ ਦੇ ਖੱਬੇ ਮੋਢੇ 'ਚ ਤੇ ਦੂਜਾ ਸੱਜੇ ਮੋਢੇ 'ਚ ਵੱਜਿਆ। ਪਰ ਉਦੋਂ ਉਹ ਮਰਨੋਂ ਬਚ ਗਿਆ ਸੀ। ਕਈ ਦਿਨ ਉਹ ਹਸਪਤਾਲ 'ਚ ਦਾਖਲ ਰਿਹਾ। ਇਸ ਸਮੇਂ ਦੌਰਾਨ ਹੀ ਉਸਨੇ ਕਰਨੈਲ ਭਾਂਬੜ ਦੇ ਸਿਰ ਵਿਚ ਇਕ ਗੋਲੀ ਮਾਰ ਕੇ ਖਤਮ ਕਰ ਦਿੱਤਾ। ਸੱਤਵੇਂ ਦਿਨ ਸ਼ਾਮ ਦੇ ਘੁਸ-ਮੁਸੇ 'ਚ ਉਹ ਸੇਵਾ ਸਿਉਂ ਨੂੰ ਮਾਰਨ ਲਈ ਹਸਪਤਾਲ ਚਲਾ ਗਿਆ। ਪਰ ਉਸਨੂੰ ਉਸੇ ਦਿਨ ਦੁਪਹਿਰੇ ਛੁੱਟੀ ਮਿਲ ਗਈ ਸੀ। ਪਿੰਡ ਆ ਕੇ ਰਾਤ ਨੂੰ ਉਸਨੇ ਫਿਰ ਕੋਸ਼ਿਸ਼ ਕੀਤੀ। ਅੱਧੀ ਰਾਤ ਨੂੰ ਜਦ ਉਸਨੇ ਕੰਧ ਟੱਪ ਕੇ ਸੇਵਾ ਸਿਉਂ ਦੇ ਵੇਹੜੇ ਵਿਚ ਛਾਲ ਮਾਰੀ ਤਾਂ ਉਹ ਜਾਗ ਪਿਆ। ਉਸਨੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਕੱਟੀ ਪੌੜੀਆਂ ਚੜ੍ਹ ਕੇ ਛੱਤ 'ਤੇ ਜਾ ਜੜ੍ਹਿਆ। ਛੱਤ ਤੋਂ ਉਸਨੇ ਦੋ ਫਾਇਰ ਹੇਠਾਂ ਵੇਹੜੇ ਵੱਲ ਕੀਤੇ। ਘਰ ਦੇ ਸਾਰੇ ਜੀਅ ਵੇਹੜੇ 'ਚੋਂ ਬਰਾਂਡੇ ਵੱਲ ਭੱਜ ਤੁਰੇ। ਕੱਟੀ ਨੇ ਰਸੋਈ 'ਤੇ ਛਾਲ ਮਾਰ ਦਿੱਤੀ ਜਿਸਦੀ ਇਕ ਕੰਧ ਗਲੀ ਵਾਲੇ ਪਾਸੇ ਸੀ। ਉਥੋਂ ਉਹ ਗਲੀ 'ਚ ਉੱਤਰ ਕੇ ਆਪਣੇ ਘਰ ਵੱਲ ਦੌੜ ਗਿਆ। ਅਗਲੇ ਦਿਨ ਪਿੰਡ 'ਚ ਹਾਹਾਕਾਰ ਮੱਚ ਗਈ। ਭਾਰੀ ਤਾਦਾਦ 'ਚ ਪੁਲਿਸ ਵੀ ਆਈ। ਪਿੰਡ ਦੀਆਂ ਤਲਾਸ਼ੀਆਂ ਵੀ ਲਈਆਂ ਗਈਆਂ ਪਰ ਕੋਈ ਭੇਦ ਨਾ ਨਿਕਲ ਸਕਿਆ। ਤੇਲੂ ਰਾਮ ਅਤੇ ਉਸਦੇ ਪੁੱਤਰ ਡਰਦੇ ਪਿੰਡ ਛੱਡ ਕੇ ਸ਼ਹਿਰ ਹਿਜਰਤ ਕਰ ਗਏ। ਪਿੰਡ ਵਿਚ ਇਹਨਾਂ ਦੋ ਤਿੰਨ ਵਾਰਦਾਤਾਂ ਨਾਲ ਭਾਰੀ ਦਹਿਸ਼ਤ ਫੈਲ ਗਈ ਸੀ।

ਇਕ ਦਿਨ ਜਥੇਦਾਰ ਗਮਦੂਰ ਸਿਉਂ ਨੇ ਕੱਟੀ ਨੂੰ ਸਰਪੰਚ ਦੇ ਘਰ ਬੁਲਾ ਲਿਆ। ਸਰਪੰਚ ਜਦ ਕੱਟੀ ਤੇ ਜਥੇਦਾਰ ਦੇ ਪੈਸੇ ਦੇਣ ਲਈ ਦਬਾਅ ਪਾਉਣ ਲੱਗਾ ਤਾਂ ਕੱਟੀ ਨੂੰ ਰਹਿ-ਰਹਿ ਗੁੱਸਾ ਆ ਰਿਹਾ ਸੀ। ਉਸਨੇ ਸਰਪੰਚ ਨੂੰ ਸੁਆਲ ਕੀਤਾ, "ਚਾਚਾ! ਇਕ ਤਾਂ ਇਹਨਾਂ ਦੇ ਘਰ ਮੇਰੀ ਬਾਂਹ ਵੱਢੀ ਗਈ। ਦੂਜਾ ਮੈਥੋਂ ਕੰਮ ਵੀ ਨਹੀਂ ਹੁੰਦਾ। ਕਿਥੋਂ ਦੇਵਾਂ ਪੈਸੇ?"

"ਜੇ ਤੇਰੇ ਕੋਲ ਪੈਸੇ ਨਹੀਂ ਤਾਂ ਘਰ ਲਿਖਵਾ ਦੇ, ਹੁਣ ਤਾਂ ਕਿੰਨਾ ਸਮਾਂ ਹੋ ਗਿਆ ਐ ਅੱਜ ਤੱਕ ਪੁੱਛਿਐ ਦੱਸ।" ਜਥੇਦਾਰ ਗਮਦੂਰ ਨੇ ਆਪਣਾ ਪੱਖ ਪੇਸ਼ ਕਰਦਿਆਂ ਕਿਹਾ।

ਕੱਟੀ ਦੀਆਂ ਅੱਖਾਂ ਵਿੱਚ ਖ਼ੂਨ ਉੱਤਰ ਆਇਆ, "ਹੁਣੇ ਘਰ ਲਿਖਵਾਵਾਂ ਕਿ ਸਵੇਰੇ.....................?"

"ਹੁਣੇ ਈ ਲਿਖਵਾ ਦੇ, ਕੱਲ੍ਹ ਕਦੋਂ ਆਇਆ।" ਗਮਦੂਰ ਅਸਾਮੀ ਹੱਥੋਂ ਗੁਆਉਣੀ ਨਹੀਂ ਚਾਹੁੰਦਾ ਸੀ।

"ਚੰਗਾ-ਆਉਣੈ- ਐਥੇ ਬਹਿ ਤੂੰ।" ਕੱਟੀ ਹਵਾ ਵਾਂਗ ਘਰ ਨੂੰ ਮੁੜ ਗਿਆ। ਮਾਂ ਦੇ ਸੰਦੂਕ 'ਚੋਂ ਰੀਵਾਲਵਰ ਕੱਢ ਲਿਆ। ਜਦੋਂ ਰੀਵਲਵਰ ਕੱਢ ਕੇ ਤੁਰਨ ਲੱਗਾ ਤਾਂ ਹੁਸਨੇ ਹੁਰੀਂ ਆ ਗਏ। ਕੱਟੀ ਉਹਨਾਂ ਨੂੰ ਚਾਹ-ਪਾਣੀ ਪਿਲਾ ਕੇ ਕਹਿਣ ਲੱਗਾ, "ਤੁਸੀਂ ਬੈਠੋ, ਮੈਂ ਆਇਆ ਹੁਣੇ। ਇਕ ਜਥੇਦਾਰ ਆ ਉਹਨੂੰ ਛੋਲੇ ਚਬਾ ਆਵਾਂ।" ਪਰ ਹੁਸਨੇ ਨੇ ਉਸਨੂੰ ਰੋਕ ਲਿਆ, ਕੋਲ ਬਿਠਾ ਕੇ ਸਮਝਾਇਆ, "ਨਿਹੰਗ ਸਾਹਿਬ! ਏਨਾ ਤੱਤੇ ਨਹੀਂ ਹੋਈਦਾ। ਰਾਤ ਕਾਹਦੇ ਵਾਸਤੇ। ਜੋ" , "ਨੇਰੇ, 'ਚ ਮਾਰਨ ਦਾ ਸਵਾਦ ਆਉਂਦੈ ਉਹ ਦਿਨੇ ਨਹੀਂ।" ਕੱਟੀ ਦੇ ਸਾਰੇ ਗੁੱਸੇ ਨੂੰ ਹੁਸਨੇ ਨੇ ਸ਼ਾਂਤ ਕਰ ਦਿੱਤਾ।

ਉਸੇ ਰਾਤ ਨੂੰ ਅਚਾਨਕ ਪੁਲਿਸ ਨੇ ਕੱਟੀ ਦੇ ਘਰ ਨੂੰ ਘੇਰਾ ਪਾ ਲਿਆ। ਕਿਸੇ ਵਿਅਕਤੀ ਨੇ ਪੁਲਿਸ ਕੋਲ ਮੁਖ਼ਬਰੀ ਕਰ ਦਿੱਤੀ ਹੋਏਗੀ। ਪੁਲਿਸ ਨਾਲ ਸਾਰੀ ਰਾਤ ਮੁਕਾਬਲਾ ਚੱਲਦਾ ਰਿਹਾ। ਦੋ ਪੁਲਿਸ ਕਰਮਚਾਰੀ ਮਾਰੇ ਗਏ। ਚਾਰ 'ਹੁਸਨੇ ਅਤੇ ਕੱਟੀ' ਹੁਰੀਂ। ਪਿੰਡ ਸਾਰੀ ਰਾਤ ਤਰਾਸ-ਤਰਾਸ ਕਰਦਾ ਰਿਹਾ। ਡਰ ਦੇ ਮਾਰੇ ਲੋਕ ਆਪਣੇ ਘਰਾਂ 'ਚ ਹੀ ਦੁਬਕੇ ਰਹੇ। ਪਿੰਡ 'ਚ ਸੁੰਨ ਪਸਰੀ ਹੋਈ ਸੀ। ਜਿਵੇਂ ਇੱਥੇ ਕੋਈ ਰਹਿੰਦਾ ਹੀ ਨਾ ਹੋਵੇ। ਅੱਠ ਕੁ ਵਜੇ ਪੁਲਿਸ ਕੱਟੀ ਦੇ ਘਰ 'ਚ ਦਾਖਲ ਹੋਈ। ਸਾਰੇ ਘਰ ਦੀ ਤਲਾਸ਼ੀ ਲਈ। ਭਾਰੀ ਮਾਤਰਾ 'ਚ ਗੋਲਾ ਬਾਰੂਦ ਪੁਲਿਸ ਦੇ ਹੱਥ ਲੱਗਿਆ। ਪੁਲਿਸ ਨੇ ਜੁਆਲੀ ਦੀ ਕੁੱਟ-ਮਾਰ ਵੀ ਕੀਤੀ। ਉਸ ਨੂੰ ਧੂਇਆ-ਘੜੀਸਿਆ ਵੀ। ਉਸਤੋਂ ਹੋਰ ਪੁੱਛ-ਗਿੱਛ

*(ਬਾਕੀ ਹਿੱਸਾ 68 ਸਫੇ ਤੇ)*

*ਭਾਰਤੀ ਕਵਿਤਾ :*
*(ਹਿੰਦੀ)*

## ਸੱਤ ਪ੍ਰਕਾਸ਼ ਉੱਪਲ (ਪੰਜ ਕਵਿਤਾਵਾਂ)

**1. ਇਕ ਸਦੀ ਦਾ ਅੰਤ**

ਸਮੇਂ ਦੀ ਅੱਥਰੀ ਹਨੇਰੀ ਵਿਚ,
ਜੱਲਾਦੀ-ਪਲਾਂ ਦੀ ਦਹਿਸ਼ਤ,
ਬਿਰਖਾਂ ਤੋਂ ਨੋਚ ਕੇ ਲੈ ਗਈ ਹੈ ਆਲ੍ਹਣੇ,
ਕਲਪਨਾਵਾਂ, ਜਿੱਥੇ ਸੁਪਨਿਆਂ ਅੰਡੇ ਸੇਕਦਿਆਂ,
ਗੌਰਵਮਈ ਮਹਿਸੂਸਦੀਆਂ ਨੇ।

ਖਿੰਡ ਗਈਆਂ, ਫੁੱਲਾਂ ਦੀਆਂ ਰੰਗੀਨ ਪੱਤੀਆਂ,
ਮਧੁਰ ਖੁਸ਼ਬੂ ਦੀ ਉਡੀਕ ਵਿਚ,
ਸੁੱਕ ਗਈਆਂ, ਹਰੀਆਂ ਕਚੂਰ ਟਹਿਣੀਆਂ
ਇਕ ਉਦਾਸ ਚਿੜੀ,
ਅਕਾਸ਼ ਵੱਲ ਮੂੰਹ ਉਠਾ ਕੇ,
ਦੇਖ ਰਹੀ ਹੈ,
ਵਾਪਸ ਜਾ ਰਹੇ, ਪਰਵਾਸੀ ਪੰਛੀਆਂ ਦੇ ਝੁੰਡ।

ਵਹਾ ਕੇ ਲੈ ਗਈਆਂ, ਪਵਿੱਤਰ ਨਦੀਆਂ,
ਆਪਣੀ ਤੇਜ਼ ਧਾਰਾ ਦੇ ਨਾਲ ਨਾਲ,
ਸ਼ਰਧਾ, ਵਿਸ਼ਵਾਸ ਤੇ ਜੀਵਨ-ਮੁੱਲ।
ਆਤਮਾਵਾਂ, ਅਮਰ ਆਤਮਾਵਾਂ ਭੈ-ਭੀਤ,
ਬੇ-ਯਕੀਨੀ ਦੀਆਂ ਡੂੰਘੀਆਂ ਖੱਡਾਂ
ਵਿਚ ਗਰਕ ਹੋ ਗਈਆਂ।

ਤਪੱਸਵੀ-ਪਰਬਤਾਂ ਦੀ ਛਾਤੀ ਦਰੜਦੇ ਹੋਏ,
ਇਹਨਾਂ ਹੀ ਰਾਹਾਂ ਵਿਚੋਂ ਦੀ ਲੰਘੇ ਨੇ
ਧੂੜ-ਧੂੰਆ ਅਤੇ ਵਿਸਫੋਟਕ ਪਦਾਰਥ ਲਈ,
ਜ਼ਹਿਰੀਲੀ ਹਵਾ ਦੇ ਨਕਾਬਪੋਸ਼ ਕਾਫ਼ਲੇ।

ਮਜਬੂਰੀਆਂ ਦਾ ਬ੍ਰੇਕ-ਡਾਂਸ ਦੇਖਦੀ,
ਦਰਸ਼ਕਾਂ ਦੀ ਭੀੜ, ਕਾਂਵਾਂ-ਰੌਲੀ ਹੈ।
ਆਖਰੀ ਕਤਾਰ ਵਿਚ ਉਂਘਦਾ ਉਦਾਰ ਸੰਨਾਟਾ
ਪਿਛਲੇ ਦਰਵਾਜ਼ੇ ਰਾਹੀਂ ਚੁੱਪਚਾਪ,
ਬਾਹਰ ਚਲਾ ਗਿਆ ਹੈ।

ਇਸ ਤਰ੍ਹਾਂ ਕੰਨ ਪਾੜਵੇਂ ਸ਼ੋਰ ਵਿਚ,
ਅਣੋਤੀ ਸੰਭਾਵਨਾਵਾਂ ਭਰੀ,
ਇਕ ਪੂਰੀ ਸਦੀ ਦਾ ਅੰਤ ਹੋ ਗਿਆ ਹੈ।

**2. ਇਕ ਬਾਜਾ ਬੇਸੁਰਾ**

ਸਭ ਕੋਸ਼ਿਸ਼ਾਂ ਦੇ ਬਾਵਜੂਦ,
ਮੈਂ ਸੁਰ ਵਿਚ ਨਹੀਂ ਹੋ ਸਕਿਆ।
ਵਾਰ-ਵਾਰ ਯਤਨ ਕੀਤੇ ਗਏ,
ਮੈਨੂੰ ਲੈ-ਬੱਧ ਕਰਨ ਦੇ।
ਵਾਰ ਵਾਰ ਸੁਰ ਤੋਂ ਉੱਖੜ ਜਾਂਦਾ ਰਿਹਾ ਮੈਂ।



ਇਕ ਵਾਰ ਫਿਰ,
ਕੱਸ ਦਿੱਤੀਆਂ ਗਈਆਂ ਮੇਰੀਆਂ ਤਣਾਵਾਂ
ਇਕ ਵਾਰ ਫਿਰ,
ਮੈਨੂੰ ਠੋਕ-ਵਜਾ ਕੇ
ਸੁਰ ਵਿਚ ਕਰਨ ਦਾ ਯਤਨ ਕੀਤਾ ਗਿਆ।
ਇਕ ਵਾਰ ਫਿਰ,
ਤਾ-ਧਿਨ, ਤਾ-ਧਿਨ, ਤਾ-ਧਿਨ ਦੀ ਲੈਅ ਤੋਂ, ਉਖੜ ਗਿਆ ਮੈਂ।

ਮੈਂ ਸੁਰ ਵਿਚ ਨਹੀਂ ਹੋ ਸਕਿਆ,
ਜਦੋਂ ਸਾਰੇ ਸਾਜ਼ ਸੁਰ ਵਿਚ ਸਨ।
ਇਹ ਇਕ ਰਾਸ਼ਟਰੀ ਚਿੰਤਾ ਦੀ ਗੱਲ ਸੀ
ਚਿੰਤਾ ਦੀ ਗੱਲ ਇਹ ਵੀ ਸੀ,
ਚਿੰਤਨ ਦੇ ਸਭ ਬੂਹੇ ਢੋ ਕੇ,
ਵਿਚਾਰ ਦਾ ਕਤਲ ਕੀਤਾ ਗਿਆ,
ਤੇ ਕੋਈ ਚੀਖ਼ ਤੱਕ ਸੁਣਾਈ ਨਹੀਂ ਦਿੱਤੀ।

ਇਤਰਾਜ਼ ਤਾਂ ਇਹ ਵੀ ਹੈ,
ਕਿ ਤੇਰੇ ਆਰਕੇਸਟਰਾਂ ਦੀਆਂ
ਅਸ਼ਲੀਲ ਧੁਨਾਂ 'ਤੇ,
ਮੈਂ ਮੰਤਰ-ਮੁਗਧ ਨਹੀਂ ਹੋਇਆ।
ਤਾਂ ਹੀ, ਆਰਕੇਸਟਰਾਂ ਦੀ ਇਹ ਹਾਲਤ ਹੋ ਗਈ।

ਦਰਅਸਲ, ਮੈਂ ਜਾਣਦਾ ਹਾਂ,
ਚੋਰ ਜਦੋਂ ਕੰਧ ਵਿਚ ਸੰਨ੍ਹ ਲਾ ਰਹੇ ਹੋਣ,
ਢੋਲ ਵਜਾਉਣ ਦਾ ਮਤਲਬ ਕੀ ਹੁੰਦਾ ਏ।

ਖ਼ਿਮਾ ਕਰੋ,
ਤੁਹਾਡੇ ਵਾਹਯਾਤ-ਸੰਗੀਤ ਦੇ ਵਿਰੁੱਧ ,
ਮੈਂ, ਇਕ ਗੂੰਗੀ ਚੀਖ਼ ਦੇ ਫਟ ਜਾਣ ਦੀ ਉਡੀਕ ਵਿਚ ਹਾਂ।
ਮੇਰੀ ਚੁੱਪ ਨੂੰ ਐਵੇਂ ਨਾ ਸਮਝਣਾ,
ਸੱਚ ਤਾਂ ਇਹ ਹੈ,
ਮੈਂ ਕਦੀ ਵੀ ਤੁਹਾਡੇ ਆਰਕੈਸਟਰਾਂ ਵਿਚ ਸ਼ਾਮਲ ਨਹੀਂ ਸਾਂ।
ਸੱਚ ਹੈ,
ਸਭ ਯਤਨਾਂ ਦੇ ਬਾਵਜੂਦ
ਮੈਂ ਸੁਰ ਵਿਚ ਨਹੀਂ ਹੋ ਸਕਿਆ,
ਨਹੀਂ ਹੋ ਸਕਾਂਗਾ

**3. ਸਦੀ ਦੇ ਸਰਾਧ ਤੋਂ ਬਾਅਦ**

ਵਕਤ ਗਵਾਹ ਹੈ
ਮਰ ਚੁੱਕੀਆਂ ਸਦੀਆਂ ਦਾ, ਚਸ਼ਮਦੀਦ ਗਵਾਹ,
ਕਿ ਨਵੀਂ ਸਦੀ ਦਾ ਸੂਰਜ,
ਆਪਣੀਆਂ ਸੰਵੇਦਨਾਵਾਂ ਪ੍ਰਗਟ ਕਰਨ ਲਈ,
ਗੁਜ਼ਰ ਗਈ ਸਦੀ ਦੀ ਸ਼ੋਕ-ਸਭਾ ਵਿਚ,
ਕਦੇ ਨਹੀਂ ਆਏਗਾ।
ਇਹ ਸੰਵੇਦਨਸ਼ੀਲ ਧਰਤੀ

ਆਪਣੇ ਧੁਰੇ ਦੁਆਲੇ ਘੁੰਮਦੀ ਹੈ,
ਸੁਪਨਈ-ਧੜਕਣਾਂ ਨੂੰ ਆਪਣੇ ਅੰਦਰ ਸਮੋਈ।
ਇਕ ਮਰ ਚੁੱਕੀ ਸਦੀ ਦੇ, ਪਿੰਨ-ਦਾਨ ਭਰਨ ਸਮੇਂ
ਆਉ ਕੁਝ ਦੇਰ ਮੌਨ ਧਾਰੀਏ,
ਅਤੇ ਚੁੱਪ ਸਨਾਟੇ ਨੂੰ ਬੋਲਣ ਦਾ ਸਮਾਂ ਦੇਈਏ।

ਇਹ ਚੁੱਪ ਖ਼ਲਾ, ਖ਼ੁਦ ਤੈਅ ਕਰੇਗਾ,
ਭਵਿੱਖ ਵਿਚ, ਇਸ ਲਹੂ-ਰੰਗੀ ਧਰਤੀ ਉਪਰ,
ਕਿਹੜੇ ਰੰਗਾਂ ਦੇ ਫੁੱਲ ਖਿੜਨਗੇ।
ਧਰਤੀ-ਮਾਂ ਦੇ ਸੀਨੇ ਵਿਚ ਦੱਬੀਆਂ ਚੀਕਾਂ,
ਕਿਹੜਾ ਰਾਗ ਅਲਾਪ ਕਰਨਗੀਆਂ,
ਹਵਾਵਾਂ ਕਿਹੜੀ ਦਿਸ਼ਾ 'ਚ ਵਗਣਗੀਆਂ
ਕਲ ਕਲ ਕਰਦੀਆਂ ਨਦੀਆਂ
ਕਿਹੜੇ ਅਨਹਦ-ਨਾਦ ਵਿਚ ਵਲੀਨ ਹੋ ਜਾਣਗੀਆਂ।

ਪਰਬਤ, ਨਦੀਆਂ, ਪਹਾੜ
ਅਤੇ ਵਿਸ਼ਾਲ ਮੈਦਾਨਾਂ ਵਾਲੇ, ਇਹ ਔਖੇ ਗ੍ਰਹਿ ਉਪਰ,
ਧਰਤੀ ਨਾਲ ਕੰਨ ਲਾ ਕੇ, ਵਕਤ ਤੋਂ ਪਾਰ,
ਤਰੰਗਿਤ ਹੁੰਦੇ ਸੱਚ ਨੂੰ ਫੜੀਏ,
ਕੁਝ ਵੀ ਆਪਣੇ ਨਾਲ ਨਹੀਂ ਲੈ ਜਾਂਦੀਆਂ ਸਦੀਆਂ।

ਫੁੱਲ, ਕੰਡੇ, ਧੁੱਪ, ਛਾਂ, ਸੁੱਖ-ਦੁੱਖ ਪ੍ਰੇਮ-ਘ੍ਰਿਣਾ,
ਮਿੱਤਰਤਾ, ਦੁਸ਼ਮਣੀ, ਈਰਖਾ, ਸੁਹਿਰਦਤਾ
ਇਹਨਾਂ ਹੀ ਵਿਰੋਧੀ ਧਰੁਵਾਂ ਦੀ
ਖਿਚੋਤਣ ਵਿਚ ਮਾਰਦੀ ਖਪਦੀ,
ਸਦੀਆਂ ਦੇ ਕਬਰਸਤਾਨ ਵਿਚ,
ਚੁੱਪ-ਚਾਪ ਉੱਤਰ ਜਾਂਦੀ ਹੈ,
ਇਕ ਹੋਰ ਸਦੀ।

**4. ਕਵਿਤਾ ਦਾ ਮਰਮ**

ਕਵਿਤਾ ਦੇ ਸ੍ਰੋਤ ਵਿਚ
ਚੁਲੂ-ਭਰ ਵੀ ਪਾਣੀ ਨਹੀਂ
ਜੀਵਨ ਵਿਚ ਕਿਧਰੇ ਵੀ,
ਕੁਝ ਸਹਿਜ, ਕੁਝ ਸਰਲ, ਕੁਝ ਤਰਲ ਨਹੀਂ,

ਮਨ ਵਿਚ ਸ਼ੰਕਾਵਾਂ ਨੇ,
ਸੈਂਕੜੇ ਚਿੰਤਾਵਾਂ ਨੇ,
ਜ਼ਹਿਰ ਡੰਗੀਆਂ ਹਵਾਵਾਂ ਨੇ,
ਖੰਡੇ ਦੀ ਧਾਰ ਜਿਹੀਆਂ,
ਚੁਫੇਰੇ ਦਿਸ਼ਾਵਾਂ ਨੇ।

ਉਹ ਨਹੀਂ ਹੁੰਦਾ
ਦਿਖਾਈ ਦਿੰਦਾ ਹੈ ਜੋ,
ਉਹ ਨਹੀਂ ਹੁੰਦਾ
ਸੁਣਾਈ ਦਿੰਦਾ ਹੈ, ਜੋ।



ਪੱਥਰ ਹੋ ਗਏ ਜੀਵਨ ਦਾ, ਬੇ-ਅਰਥ ਸ਼ੋਰ,
ਜਾਂ-ਬਰਫ਼ ਜਿਹਾ ਯਖ਼-ਸਨਾਟਾ ਹੈ।
ਸਮਾਂ ਇਕ ਪਰਬਤ ਹੈ,
ਪਰਬਤ ਦੇ ਉਸ ਪਾਰ, ਸਭ ਕੁਝ ਓਝਲ ਹੈ.
ਉਚਾਈਆਂ ਤੋਂ ਲੁਕ-ਛਿਪ ਕੇ,
ਝਾਕਦਾ ਹੈ ਸੂਰਜ।

ਕਵਿਤਾ ਨੂੰ, ਪਾਰਦਰਸ਼ੀ ਰਹਿਣ ਦਿਉ,
ਬਰਫ਼ੀਲੇ ਪਹਾੜਾਂ ਨੂੰ,
ਤਿੱਖੀ ਧੁੱਪ ਸਹਿਣ ਦਿਉ।
ਸੁੱਕੇ ਝਰਨੇ ਦੀ, ਜੀਭ ਨੂੰ ਤਰਲ ਕਹੋ,
ਕਵਿਤਾ ਦੇ ਸ੍ਰੋਤ ਨੂੰ ਕਲ-ਕਲ ਜਿਹਾ ਵਹਿਣ ਦਿਉ।
ਪਥਰੀਲੇ ਜੀਵਨ ਨੂੰ
ਸਹਿਜ-ਸਰਲ ਰਹਿਣ ਦਿਉ।

**5. ਜਾਦੂਮਈ ਹਨੇਰੇ ਦੀ ਜ਼ਿੱਦੀ-ਗੰਢ**

ਇੱਕੀਵੀਂ ਸਦੀ ਦਾ
ਘੁੰਡ ਚੁੱਕਣ ਤੋਂ ਪਹਿਲਾਂ
ਮੈਂ ਪਿੱਛੇ ਮੁੜ ਕੇ ਦੇਖਦਾ ਹਾਂ
ਅੱਧੀ ਸਦੀ ਤੱਕ ਅਸੀਂ,
ਜਿਹੜੀ ਅਜ਼ਾਦੀ ਲਈ ਸੰਘਰਸ਼ ਕੀਤਾ।
ਬਾਕੀ ਦੀ ਅੱਧੀ ਸਦੀ, ਅਸੀਂ,
ਅਖੌਤੀ-ਅਜ਼ਾਦੀ ਦਾ ਸੰਤਾਪ ਭੋਗਦੇ ਰਹੇ।

ਸਾਰੀ ਰਾਤ ਅਸੀਂ, ਜਾਦੂਮਈ ਹਨੇਰੇ ਦੀ ਪੀਚੀ-ਗੰਢ
ਖੋਹਲਣ ਵਿਚ ਉਲਝੇ ਰਹੇ।
ਇਹ ਸੋਚ ਕੇ,
ਸ਼ਾਇਦ ਪਿਛਲੀਆਂ ਤਰਕਾਲਾਂ ਵੇਲੇ,
ਏਸੇ ਗਠੜੀ ਵਿਚ ਹੀ ਸੂਰਜ ਬੰਨ੍ਹ ਕੇ ਰੱਖਿਆ ਗਿਆ ਹੋਣੈ।

ਅਸੀਂ ਸਵੀਕਾਰ ਕੀਤੇ,
ਕੁਝ ਲੱਲੂ-ਪੰਜੂ ਅੱਧੇ-ਅਧੂਰੇ ਸੱਚ,
ਅਸੀਂ ਕੁਝ ਬਚ ਗਏ,
ਅੱਧੇ ਏਧਰ, ਅੱਧੇ ਓਧਰ।
ਇਸ ਤਰ੍ਹਾਂ ਅਸੀਂ ਵਿਸ਼ਵਾਸਘਾਤ ਕੀਤਾ,
ਆਪਣੇ-ਆਪ ਨਾਲ ਹੀ

ਕਿਸੇ ਰੋਜ਼ਨਾਮਚੇ ਵਿਚ, ਇਕ ਸਦੀ ਦਾ ਅੰਤ
ਲਿਖਿਆ ਗਿਆ- ਆਤਮ-ਹੱਤਿਆ
ਜਿਸਨੂੰ ਅਸੀਂ ਅਨਿਸਚਿਤ ਘੁਟਨ ਵਿਚ,
ਬੇਰਹਿਮੀ ਨਾਲ ਮਰਨ ਦਿੱਤਾ।
ਇਹ ਤਾਂ ਸੱਚ ਹੈ,
ਜਿੱਥੇ ਝੂਠੇ ਗਵਾਹ, ਪੰਚਨਾਮ ਦਾ ਅਧਾਰ ਬਣੇ ਹੋਣ।
ਉੱਥੇ ਇਸ ਤਰ੍ਹਾਂ ਹੀ ਹੋਣਾ ਸੀ,
ਇਕ ਸਦੀ ਦਾ ਅੰਤ।

(ਅਨੁਵਾਦ—ਬਲਦੇਵ ਸਿੰਘ ਮੋਗਾ)

## ਵਕਤ

*ਪੰਮਦੀਪ*

ਵਕਤ ਵੀ ਬੜੀ ਅਜੀਬ ਸ਼ੈ ਏ
ਲਗਾਤਾਰ ਤੁਰਦਾ ਰਹਿੰਦਾ ਏ
ਬਿਨ ਖੜਾਕ ਕੀਤੇ
ਬੇਲਿਹਾਜ਼
ਚਲਾਕ ਜਾਦੂਗਰ ਵਾਂਗ
ਸਾਡੀਆਂ ਮਜਬੂਰੀਆਂ ਦਾ ਫਾਇਦਾ ਉਠਾਉਂਦਾ
ਤੇ ਅਸੀਂ ਕਦੇ ਵੀ ਪਕੜ ਨਹੀਂ ਪਾਉਂਦੇ ਇਸ ਨੂੰ
ਆਪਣੇ ਮਨ ਦੀ ਸ਼ਰਾਰਤ ਵਾਂਗ
ਇਹ ਮਨ ਦਾ ਹਾਣੀ
ਮਨ ਨੂੰ ਟਿਕਣ ਨਹੀਂ ਦੇਂਦਾ ਇਕ ਪਲ ਲਈ ਵੀ
ਆਪਣੇ ਵਾਂਗ

*(ਪਿੰਡ ਤੇ ਡਾ. ਕੰਧਾਲਾ ਜੱਟਾਂ, ਹੁਸ਼ਿਆਰਪੁਰ )*

## ਮਿੰਨੀ ਨਜ਼ਮਾਂ

1. ਹੁਣ ਤਾਂ
ਮੁਹੱਬਤ ਤੇ ਅਮਨ ਸ਼ਬਦਾਂ ਦੇ ਅਰਥ
ਬਿਲਕੁਲ ਬਦਲ ਗਏ ਨੇ,
ਲਿਖ ਕੇ ਸੋਹਣੇ ਅੱਖਰਾਂ 'ਚ
ਮਿਜ਼ਾਇਲਾਂ ਉੱਪਰ ਇਹ ਸ਼ਬਦ
ਇਕ ਦੇਸ਼ ਦੂਜੇ ਦੇਸ਼ ਵੱਲ
ਦਾਗ਼ਣ ਵਾਸਤੇ ਤਿਆਰ ਰਹਿੰਦੈ।

2. ਬਹੁਤ ਵਧ ਗਈ ਏ ਮੁਹੱਬਤ
'ਕਸਾਈਆਂ' ਦੇ ਹੱਥਾਂ ਤੇ ਛੁਰੀਆਂ ਵਿਚਕਾਰ,
'ਭੇਡਾਂ', 'ਬੱਕਰੇ', 'ਮੁਰਗਿਆਂ' ਦੀਆਂ ਗਰਦਨਾਂ ਦਾ ਨਾਚ
ਅਮਨ ਦੇ ਜਸ਼ਨ ਮਨਾਉਣ ਖ਼ਾਤਰ
ਨਚਾਇਆ ਜਾਂਦੈ।

3. ਇਸ ਸੰਸਾਰ ਦੇ ਰੁੱਖ ਉੱਪਰ
ਮੁਹੱਬਤ ਤੇ ਅਮਨ ਦੇ ਪੰਛੀ
ਹਨ ਆਲ੍ਹਣਾ ਪਾਉਣਾ ਲੋਚਦੇ
ਪਰ ਕਿਉਂ ਕੁਝ ਸਿਰਫਿਰੇ ਲੋਕ
ਇਸ ਦੀਆਂ ਜੜ੍ਹਾਂ 'ਚ
ਤੇਲ ਹਨ ਪਾਈ ਜਾ ਰਹੇ?

*ਨੂਰ ਸੰਤੋਖਪੁਰੀ*



<u>ਦੋ ਦਲਿਤ ਕਵਿਤਾਵਾਂ</u> :
(ਮਰਾਠੀ)

ਲੋਕ ਨਾਥ ਯਸ਼ਵੰਤ

## 1. ਦੋ ਮਜ਼ਦੂਰਾਂ ਦੀ ਗੱਲ ਬਾਤ

(ਪਤੀ-ਪਤਨੀ ਵਾਰਤਾਲਾਪ)

ਮਜ਼ਦੂਰੀ ਕਰਨੀ ਤਾਂ ਮਜਬੂਰੀ ਹੈ ਆਪਣੀ
ਨਹੀਂ ਤੇ, ਠੇਕੇਦਾਰ ਪੈਰ ਤੋੜ ਕੇ
ਹੱਥ ਵਿਚ ਫੜਾ ਦੇਣੇ ਸੀ।

ਦਿਸਦੀ ਹੈ ਸਵੇਰ ਅੰਧਕਾਰੀ
ਤੇ ਸ਼ਾਮ ਆਉਂਦੀ, ਥੱਕ ਕੇ ਚੂਰ ਹੋਈ
ਕਿਹਦੇ ਲਈ ਜੀਂਦੇ ਹਾਂ ਅਸੀਂ?
ਮੈਨੂੰ ਦੱਸ ਸਕਦੇ ਹੋ?

ਸਿੱਧਾ ਜੰਗ ਸਵਾਲ ਹੈ
ਤੂੰ ਏਨਾ ਗੰਭੀਰ ਕਿਉਂ ਹੋ ਗਿਆ?

ਇਕ ਸ਼ਾਂਤ ਸੁਹਾਵਣੀ ਸੰਧਿਆ
ਮੈਂ ਉਸ ਦੇ ਚਿਹਰੇ ਉੱਤੇ ਚਮਕਦੀ
ਲਿਟ ਨੂੰ ਸੰਵਾਰਦੇ ਹੋਏ ਆਖਿਆ,

ਇਹ ਉੱਡਦੇ ਹੋਏ ਪੰਛੀ ਕਿੱਧਰ ਨੂੰ ਜਾਂਦੇ ਹਨ?
ਝੁੰਡਾਂ ਦੇ ਝੁੰਡ
ਤਦ ਉਹ ਮਾਣ ਨਾਲ ਛਾਤੀ ਫੁਲਾ ਕੇ
ਹਮੇਸ਼ਾ ਵਾਂਗ ਉਤਸ਼ਾਹ ਨਾਲ ਬੋਲੀ,
"ਇਹ ਬਾਗ਼ੀ ਪੰਛੀ
ਆਜ਼ਾਦੀ ਦਾ ਸੰਦੇਸ਼ ਲਈ ਜਾ ਰਹੇ ਨੇ
ਮਿੱਤਰ ਕੀ ਅਸੀਂ ਨਹੀਂ ਬਣ ਸਕਦੇ ਪੰਛੀ ਭਲਾ"?

## 2. ਯੁੱਧ

ਕਿਸ ਤਰ੍ਹਾਂ ਦੀ ਸੀ ਤੁਹਾਡੀ ਲੜਾਈ
ਤੇ ਕਿਹੋ ਜਿਹਾ ਸੀ ਤੇਰਾ ਵਿਦਰੋਹ
ਖਾਲੀ ਬੰਦੂਕ ਲਈ ਜੰਗ ਦੇ ਮੈਦਾਨ ਵਿਚ ਜਾਓਗੇ!

ਅੱਜ ਮੈਂ ਜਾਂਦਾ ਹਾਂ ਕਾਰਤੂਸ ਭਰ ਕੇ
ਸਾਵਧਾਨੀ ਨਾਲ
ਕਿਹੋ ਜਹੇ ਸੀ ਉਹ ਲੋਕ
ਜੋ ਹੱਥ ਬੰਨ੍ਹ ਕੇ ਅਸੀਂ ਬੈਠੇ ਰਹੇ
ਅੱਜ ਉਹ ਵੀ ਮੇਰੇ ਪਿੱਛੇ
ਸ਼ਸਤਰ ਬਣਕੇ ਆ ਰਹੇ ਨੇ
ਮੈਂ ਅੱਖਾਂ ਖੁੱਲ੍ਹੀਆਂ ਰੱਖ ਕੇ
ਅੱਗੇ ਵਧ ਰਿਹਾ ਹਾਂ
ਮੈਂ ਵੀ ਸਾਵਧਾਨ ਹਾਂ
ਤੇ ਮੇਰੇ ਲੋਕ ਵੀ
ਤੂੰ ਵੇਖਦੇ ਜਾ
ਯੁੱਧ ਆਰੰਭ ਹੋ ਚੁੱਕਾ ਹੈ।

# ਮੁਲਾਂਕਣ : 'ਕਵਿਤਾ ਦੀ ਤਲਾਸ਼' ਪ੍ਰਤੀਬੱਧਤਾ ਦਾ ਕਾਵਿ-ਸਫ਼ਰ

*ਡਾ. ਸੁਰਿੰਦਰ ਸ਼ਾਂਤ*

ਹਰਭਜਨ ਸਿੰਘ ਹੁੰਦਲ ਅੱਜ ਤੋਂ ਲਗਪਗ ਚਾਰ ਦਹਾਕੇ ਪਹਿਲਾਂ ਪੰਜਾਬੀ ਕਵਿਤਾ ਦੇ ਪਿੜ ਵਿਚ ਉੱਤਰਿਆ। ਆਪਣੀ ਪਹਿਲੀ ਕਾਵਿ-ਪੁਸਤਕ 'ਮਾਰਗ' ਤੋਂ ਲੈ ਕੇ 'ਮੁਖ਼ਬਰੀ ਕਰਦੇ ਦਿਨ' ਤੱਕ ਉਸਦੀ ਕਲਮ ਨਿਰੰਤਰ ਕਾਵਿ-ਸਾਧਨਾ ਵਿਚ ਲੱਗੀ ਹੋਈ ਹੈ। ਇਸ ਲੰਮੇ ਅੰਤਰਾਲ (ਲਗਪਗ 37 ਸਾਲ) ਵਿਚ ਸਮਾਜਿਕ, ਆਰਥਿਕ ਖੇਤਰਾਂ ਵਿਚ ਕਈ ਵਰਤਾਰੇ ਵਾਪਰੇ। ਇਹਨਾਂ ਵਰਤਾਰਿਆਂ ਨੂੰ ਸਮੇਤ ਇਸਦੀ ਪ੍ਰਸੰਗਿਕਤਾ ਦੀਆਂ ਸਮੂਹ ਤੰਦਾਂ ਦੇ ਸਮੱਗਰ ਰੂਪ ਵਿਚ ਸਮਝਣਾ ਅਤੇ ਸਮੂਰਤ ਰੂਪ ਵਿਚ ਕਵਿਤਾ ਦੇ ਸਿਰਜਣਾਤਮਕ ਅਮਲ ਵਿਚ ਲਿਆਉਣਾ ਕੋਈ ਸੌਖਾ ਕਾਰਜ ਨਹੀਂ। ਪਰ ਹੁੰਦਲ ਦੀ ਕਵਿਤਾ ਇਹਨਾਂ ਸਮੂਹ ਵਰਤਾਰਿਆਂ ਅਤੇ ਇਹਨਾਂ ਦੇ ਪਿਛੋਕੜ ਵਿਚ ਕੰਮ ਕਰਦੇ ਗਤੀਸ਼ੀਲ ਕਾਰਕਾਂ ਪ੍ਰਤੀ ਇਕ ਸੁਚੇਤਕ ਵਾਂਗ ਪ੍ਰਤੀਕਿਰਿਆ ਪ੍ਰਗਟਾਉਂਦੀ ਰਹੀ ਹੈ। ਅੱਜ ਦੀ ਵਿਚਾਰ ਅਧੀਨ ਪੁਸਤਕ 'ਕਵਿਤਾ ਦੀ ਤਲਾਸ਼' ਵਿਚ ਪਿਛਲੇ ਸਾਰੇ 15 ਕਾਵਿ ਸੰਗ੍ਰਹਿਆਂ ਦੀ ਕਵਿਤਾ ਦਰਜ ਹੈ। ਕਾਵਿ-ਸਿਰਜਣਾ ਦੇ ਖੇਤਰ ਵਿਚ ਏਨਾ ਲੰਮਾ ਪੰਧ ਤੈਅ ਕਰਨ ਤੋਂ ਬਾਅਦ ਵੀ ਹੁੰਦਲ ਨੂੰ ਅਜੇ ਕਵਿਤਾ ਦੀ ਤਲਾਸ਼ ਹੈ। ਸ਼ਾਇਦ ਉਸਨੇ ਅਜੇ ਆਪਣੀ ਸਭ ਤੋਂ ਵਧੀਆ ਕਵਿਤਾ ਦੀ ਰਚਨਾ ਕਰਨੀ ਹੈ। ਜੇ ਅਜਿਹਾ ਹੈ ਤਾਂ ਇਸ ਨੂੰ ਸ਼ੁੱਭ ਸੰਕੇਤ ਮੰਨਣਾ ਚਾਹੀਦਾ ਹੈ। ਉਮਰ ਦੇ 70 ਵਰ੍ਹੇ ਪੁੱਗ ਜਾਣ ਤੋਂ ਬਾਅਦ ਵੀ ਉਸ ਦਾ ਸਿਰਜਣਾਤਮਕ ਅਮਲ ਜਾਰੀ ਹੈ।

ਆਪਣੇ ਪਹਿਲੇ ਕਾਵਿ-ਸੰਗ੍ਰਹਿ 'ਮਾਰਗ' ਨਾਲ ਉਹ ਜਿਸ ਪ੍ਰਤੀਬੱਧਤਾ ਨਾਲ ਜੁੜਿਆ ਸੀ, ਅੱਜ ਤੱਕ ਅਡੋਲ, ਅਹਿੱਲ ਉਸੇ ਥਾਂ 'ਤੇ ਖੜ੍ਹਾ ਹੈ। ਉਸਦੀ ਪ੍ਰਤੀਬੱਧਤਾ ਲੋਕਾਂ ਨਾਲ ਹੈ, ਜਨ ਸਧਾਰਨ ਨਾਲ। ਜੂਝਦੇ ਜੁਝਾਰ ਲੋਕਾਂ ਸੰਗ। ਲੋਕ-ਸੰਘਰਸ਼ ਵਿਚ ਉਹ ਤਨ ਕਰਕੇ ਵੀ ਸ਼ਾਮਲ ਹੁੰਦਾ ਰਿਹਾ ਹੈ ਅਤੇ ਮਨ ਕਰਕੇ ਵੀ। ਇਸੇ ਲਈ ਉਸਦੀ ਕਵਿਤਾ ਵਿਚ ਲੋਕ-ਵੇਦਨਾ ਦੀ ਸਮੂਰਤ ਪੇਸ਼ਕਾਰੀ ਹੋਈ ਹੈ। ਜਦੋਂ ਪ੍ਰਤੀਬੱਧਤਾ ਦੀ ਗੱਲ ਹੁੰਦੀ ਹੈ ਤਾਂ ਕਈ ਪ੍ਰਸ਼ਨ ਵੀ ਖੜ੍ਹੇ ਹੁੰਦੇ ਹਨ, ਜਿਵੇਂ ਪ੍ਰਤੀਬੱਧਤਾ ਕਾਵਿ-ਸਮਰੱਥਾ ਲਈ ਇਕ ਸੀਮਾ ਬਣ ਜਾਂਦੀ ਹੈ। ਪ੍ਰਤੀਬੱਧਤਾ ਕਈ ਵਾਰ ਉਲਾਰ ਦਾ ਰੂਪ ਧਾਰਨ ਕਰ ਲੈਂਦੀ ਹੈ। ਪ੍ਰਤੀਬੱਧਤਾ ਅਨੁਸ਼ਾਸ਼ਨ ਅਧੀਨ ਕਰਕੇ ਬੁੱਧੀ ਦੇ ਬਿਬੇਕ ਉੱਤੇ ਸੱਟ ਮਾਰਦੀ ਹੈ। ਆਦਿ ਆਦਿ। ਪਰ ਹੁੰਦਲ-ਕਾਵਿ ਦਾ ਅਧਿਐਨ ਕਰਦਿਆਂ ਇਹਨਾਂ ਪ੍ਰਸ਼ਨਾਂ ਦੇ ਸਮਾਧਾਨ ਸਹਿਜ ਰੂਪ ਵਿਚ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ। ਹੁੰਦਲ ਮਾਰਕਸਵਾਦ ਪ੍ਰਤੀ ਚੇਤੰਨ ਰੂਪ ਵਿਚ ਪ੍ਰਤੀਬੱਧ ਹੈ। ਉਹ ਜਨਵਾਦੀ ਸੋਚ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੈ। ਉਸ ਦਾ ਇਹ ਸਮਰਪਣ ਸਤਹੀ ਨਹੀਂ, ਨਾ ਹੀ ਫੈਸ਼ਨ ਪ੍ਰਸਤੀ ਹੈ ਅਤੇ ਨਾ ਹੀ ਕੋਈ ਕੜ੍ਹੀ ਦਾ ਉਬਾਲ, ਸਗੋਂ ਇਨਸਾਫ਼, ਬਰਾਬਰੀ ਅਤੇ ਏਕਤਾ ਲਈ ਉਸਦੀ ਸੱਚੀ-ਸੁੱਚੀ ਆਕਾਂਖਿਆ ਦਾ ਸਹਿਜ ਪ੍ਰਗਟਾਵਾ ਹੈ।

ਉਸਦੀ ਪ੍ਰਤੀਬੱਧਤਾ ਉਸ ਨੂੰ ਸਮਕਾਲ ਨਾਲ ਜੁੜਨ ਦੀ ਪ੍ਰੇਰਨਾ ਦਿੰਦੀ ਹੈ। ਐਮਰਜੈਂਸੀ ਦਾ ਕਾਲਾ ਦੌਰ ਹੋਵੇ ਜਾਂ ਅੱਤਵਾਦ ਦੇ ਵਿਹੁ-ਵਿਲੱਸੇ ਖੂਨੀ ਦਿਨ ਹੋਣ, ਨਕਸਲਵਾਦ ਦਾ ਵਿਗਾੜ ਹੋਵੇ ਜਾਂ ਉੱਤਰ-ਆਧੁਨਿਕਤਾ ਦੀਆਂ ਸ਼ਾਤਰ ਚਾਲਾਂ ਹੋਣ, ਉਹ ਹਰੇਕ ਸਥਿਤੀ ਵਿਚ ਆਪਣੇ ਸਮਕਾਲ ਨੂੰ ਸੰਬੋਧਿਤ ਹੁੰਦਾ ਰਿਹਾ ਹੈ। ਇਸ ਪ੍ਰਤੀਬੱਧਤਾ ਲਈ ਉਸਨੂੰ ਅਨੇਕਾਂ ਤਸੀਹੇ ਵੀ ਝੱਲਣੇ ਪਏ ਪਰ ਉਹ ਅਡੋਲ ਰਿਹਾ। ਭਾਵੇਂ ਕੁਝ ਲੋਕ ਪ੍ਰਸਥਿਤੀਆਂ ਦੀ ਕਰੂਰਤਾ ਨੂੰ ਵੇਖ ਕੇ ਰੁਕ ਗਏ, ਪਿੱਛੇ ਮੁੜ ਗਏ ਜਾਂ ਪਾਸਾ ਵੱਟ ਗਏ। ਕੁਝ ਨੇ ਸਦੀਵੀ ਰਚਨਾ ਰਚਣ ਦੇ ਬਹਾਨੇ ਸਮਕਾਲ ਤੋਂ ਮੂੰਹ ਮੋੜ ਲਿਆ। ਉਹ ਸ਼ਾਤਰ ਲੋਕ ਇਹ ਗੱਲ ਜਾਣ ਬੁੱਝ ਕੇ ਵਿਸਰ ਗਏ ਕਿ ਸਮਕਾਲੀ ਯਥਾਰਥ ਤੋਂ ਟੁੱਟ ਕੇ 'ਸਦੀਵੀ ਰਚਨਾ' ਨਹੀਂ ਰਚੀ ਜਾ ਸਕਦੀ। ਜੋ ਸਮੇਂ ਦੇ ਸੱਚ ਦਾ ਹਾਣੀ ਨਹੀਂ, ਉਹ ਕਿਸੇ ਵੀ ਸਮੇਂ ਦਾ ਹਾਣੀ ਨਹੀਂ ਹੋ ਸਕਦਾ। ਇਸੇ ਲਈ ਹੁੰਦਲ ਦੀ ਕਵਿਤਾ ਹਰ ਦੌਰ ਦੇ ਸੰਕਟ ਵਿਚ ਵਿਚਾਰਧਾਰਕ ਸੰਵਾਦ ਰਚਾਉਂਦੀ, ਜਨਹਿੱਤਾਂ ਦੀ ਸੁਰ ਉਭਾਰਦੀ ਹੋਈ ਸੰਘਰਸ਼ ਦੀ ਸੰਵਾਹਕ ਬਣਦੀ ਹੈ। ਤਾਂ ਹੀ ਤੇ ਹੁੰਦਲ ਕਵਿਤਾ ਨੂੰ ਦੈਵੀ ਇਲਹਾਮ ਨਹੀਂ ਮੰਨਦਾ ਸਗੋਂ ਇਕ ਪ੍ਰੋਢ ਸਮਾਜਿਕ ਅਮਲ ਮੰਨਦਾ ਹੈ ਜਿਸ ਵਿਚ ਪ੍ਰਤਿਭਾ ਨੂੰ ਕਰਮ ਦੀ ਕਸਵੱਟੀ 'ਤੇ ਲਾ ਕੇ ਨਿਖਾਰਿਆ, ਚਮਕਾਇਆ ਜਾਂਦਾ ਹੈ। ਹੁੰਦਲ ਦੀ ਕਾਵਿ-ਪ੍ਰਤਿਭਾ ਵਿਚਲਾ ਨਿਖਾਰ ਜਨ-ਸਧਾਰਨ ਦੇ ਭੋਗੇ-ਭੁਗਤੇ ਅਨੁਭਵ ਅਤੇ ਮਾਨਵਵਾਦੀ ਜੀਵਨ-ਕੀਮਤਾਂ ਨੂੰ ਸਮੱਗਰ ਰੂਪ ਵਿਚ ਪੇਸ਼ ਕਰਨ ਵਿਚ ਨਿਹਿਤ ਹੈ।



ਹੁੰਦਲ ਦੀ ਪ੍ਰਤੀਬੱਧਤਾ ਇਸ ਸਥਿਤੀ ਵਿਚ ਹੋਰ ਵੀ ਗੌਲਣਯੋਗ ਹੈ ਜਦੋਂ ਆਧੁਨਿਕ ਸਮੇਂ ਵਿਚ ਮਾਰਕਸਵਾਦ ਅਤੇ ਪ੍ਰਗਤੀਵਾਦ ਉੱਤੇ ਬਹੁ-ਦਿਸ਼ਾਵੀ ਵੱਡੇ ਹਮਲੇ ਹੋਏ ਹਨ। ਰੂਸੀ ਸਮਾਜਵਾਦ ਦੇ ਢਹਿ ਜਾਣ ਪਿੱਛੋਂ ਪੂਰੀ ਦੁਨੀਆ ਵਿਚ ਇਹਨਾਂ ਹਮਲਿਆਂ ਦਾ ਦੌਰ ਤਿੱਖਾ ਹੋਇਆ ਹੈ। ਬੁਰਜੂਆ ਸਮਝਦਾਰੀ ਨੇ ਕਈ ਪੈਂਤੜੇ ਧਾਰਨ ਕੀਤੇ ਹੋਏ ਹਨ। ਪੂੰਜੀਵਾਦ ਹੁਣ ਆਪਣਾ-ਤੰਦੂਆ-ਜਾਲ ਬੜੀ ਬੇਫਿਕਰੀ ਅਤੇ ਬੇਦਰੇਗੀ ਨਾਲ ਫੈਲਾ ਰਿਹਾ ਹੈ। ਕਿਤੇ ਤਾਂ ਇਹ ਲੋਕਤੰਤਰ ਲਿਆਉਣ ਲਈ ਦੁਹਾਈ ਪਾ ਕੇ ਸਥਾਪਤੀ ਨੂੰ ਚੁਣੌਤੀ ਦਿੰਦਾ ਹੈ ਅਤੇ ਕਿਤੇ ਲੋਕਤੰਤਰ ਦਾ ਚੋਲਾ ਉਤਾਰ ਕੇ ਖ਼ੂੰਖਾਰ ਦਮਨਕਾਰੀ ਦਹਿਸ਼ਤਗਰਦ ਵਜੋਂ। ਪੂੰਜੀਵਾਦੀ ਵਿਵਸਥਾ ਕੋਲ ਬੇਅੰਤ ਸਾਧਨ ਹਨ, ਧੌਂਸ ਵੀ, ਧੋਖਾ ਵੀ ਹੈ, ਅੱਖਾਂ ਚੁੰਧਿਆਉਣ ਵਾਲਾ ਵਿਕਾਸ ਮਾਡਲ ਵੀ। ਉਤਰ ਆਧੁਨਿਕਤਾ ਦਾ ਰੌਲਾ ਇਹਨਾਂ ਹੱਲਿਆਂ ਦੀ ਸਾਜ਼ਿਸ਼ ਹੈ। ਜੋ ਪੂੰਜੀਵਾਦੀ ਸੰਸਾਰੀਕਰਨ ਦੀ ਉਪਜ ਹੈ। ਇਸਨੇ ਸਾਹਿਤ ਦੇ ਮਾਨਵਵਾਦੀ ਉਦੇਸ਼ 'ਤੇ ਸੱਟ ਮਾਰੀ ਹੈ। ਹੁੰਦਲ ਅਤੇ ਉਸ ਵਰਗੇ ਹੋਰ ਪ੍ਰਤੀਬੱਧ ਲੋਕ ਇਹਨਾਂ ਸਾਜ਼ਿਸ਼ਾਂ ਵਿਰੁੱਧ ਡਟੇ ਹਨ। ਪਰ ਕਈ ਲੋਕ ਇਹਨਾਂ ਗੁੰਝਲਾਂ ਅਤੇ ਪੇਚੀਦਗੀਆਂ ਦਾ ਸ਼ਿਕਾਰ ਵੀ ਹੋਏ ਹਨ। ਖੱਬਿਆਂ ਵਿਚ ਵੀ ਕਈ ਵਿਚਾਰਧਾਰਕ ਸੰਕਟ ਅਤੇ ਕੁਰੁੱਚੀਆਂ ਪਨਪੀਆਂ ਹਨ। ਐਸੀ ਸਥਿਤੀ ਵਿਚ ਪ੍ਰਗਤੀਵਾਦ ਦਾ ਝੰਡਾ ਬਰਦਾਰ ਬਣੇ ਰਹਿਣਾ ਸੂਰਮਗਤੀ ਤੋਂ ਘੱਟ ਨਹੀਂ। 'ਮੁਖ਼ਬਰੀ ਕਰਦੇ ਦਿਨ' ਵਿਚ ਉਸਨੇ ਖੱਬੇ ਪੱਖੀ ਰਾਜਨੀਤੀ ਵਿਚ ਆਏ ਨਿਘਾਰਾਂ ਦੀ ਵਿਆਪਕ ਨਿੰਦਾ ਕੀਤੀ ਹੈ। ਅੰਤਰ-ਪਾਰਟੀ ਸੰਘਰਸ਼ ਦੇ ਸਿਧਾਂਤ ਦੇ ਖੰਭ-ਕੁਤਰ ਕੇ ਡਿਕਟੇਟਰੀ ਰੁਝਾਨ ਦੇ ਅੰਤਰਗਤ ਜੀ-ਹਜ਼ੂਰੀਏ ਪੈਦਾ ਕਰਨਾ ਇਕ ਵੱਡਾ ਵਿਗਾੜ ਹੈ। ਅਜਿਹਾ ਵਿਗਾੜ ਧਮਕੀ-ਧਾੜੇ ਅਤੇ ਦਾਬੇ ਵਾਲੇ ਲੱਠਮਾਰ ਰੁਝਾਨ ਨੂੰ ਜਨਮ ਦਿੰਦਾ ਹੈ। ਐਸੀ ਸਥਿਤੀ ਹੁੰਦਲ ਦੀ ਪ੍ਰਤੀਬੱਧਤਾ ਲਈ ਇਕ ਅਗਨੀ- ਪ੍ਰੀਖਿਆ ਤੋਂ ਘੱਟ ਨਹੀਂ ਸੀ। ਬਿਗਾਨਿਆਂ ਨਾਲ ਲੜਨਾ ਸੂਰਮਗਤੀ ਹੁੰਦਾ ਹੈ ਪਰ ਆਪਣਿਆਂ ਨਾਲ ਲੜਨਾ ਬੜਾ ਕਠਿਨ, ਦਲੇਰੀ ਅਤੇ ਸੂਝ-ਬੂਝ ਵਾਲਾ ਕਾਰਜ ਹੁੰਦਾ ਹੈ। ਫਿਰ ਆਪਣੇ ਵੀ ਉਹ ਹੋਣ ਜਿਹਨਾਂ ਸੰਗ ਜਨਮ-ਮਰਨ ਦੀ ਸਾਂਝ ਦਾ ਪ੍ਰਣ ਕੀਤਾ ਸੀ। ਪ੍ਰਸਥਿਤੀਆਂ ਦੀ ਕੈਸੀ ਵਿਡੰਬਨਾ ਸੀ ਕਿ ਹੁੰਦਲ ਨੂੰ ਉਹਨਾਂ ਵਿਰੁੱਧ ਹੀ ਮੋਰਚਾ ਖੋਲ੍ਹਣ ਦੀ ਲੋੜ ਪਈ ਜਿਹਨਾਂ ਨੂੰ ਮਾਰਕਸਵਾਦ ਦੇ ਗਾਡੀਰਾਹ ਦੇ ਅਗਵਾਨੂ ਮੰਨ ਕੇ ਤੁਰੇ ਸੀ। ਪਰ ਹੁੰਦਲ ਦੀ ਕਵਿਤਾ ਨੂੰ ਉਸਦੀ ਪ੍ਰਤੀਬੱਧਤਾ ਯਾਦ ਸੀ। ਹਰੇਕ ਵਿਗਾੜ ਉੱਪਰ ਉਂਗਲ ਧਰਨੀ। ਭਾਵੇਂ ਕਵਿਤਾ ਨੂੰ ਕੋਈ ਵੀ ਮੁੱਲ ਕਿਉਂ ਨਾ ਤਾਰਨਾ ਪਵੇ। ਕਵੀ ਤਾਂ ਹੀ ਲਿਖਦਾ ਹੈ,

**ਮਰਦੀ ਨਹੀਂ ਹੈ ਕਵਿਤਾ**<br>
**ਲਾਠੀ ਜ਼ਰੂਰ ਤਿੜਕਦੀ ਹੈ।**<br>
**ਇਹ ਵਰ੍ਹਦੀ ਅੱਗ ਵਿਚ**<br>
**ਪੈਰਾਂ 'ਤੇ ਖਲੋਣਾ ਜਾਣਦੀ ਹੈ।**<br>
**ਹਮਦਰਦ ਨੂੰ, ਬੇਦਰਦ ਨੂੰ**<br>
**ਪਹਿਚਾਣਦੀ ਹੈ।**<br>
**ਦੁੱਧ ਪਾਣੀ ਛਾਣਦੀ ਹੈ।**

ਉਸਦੀ ਕਵਿਤਾ 'ਭਵਨ' ਆਪਣੇ-ਆਪ ਵਿਚ ਇਕ ਪ੍ਰਾਪਤੀ ਹੈ। ਉਹ ਭਵਨ ਜਿਸ ਦੀ ਮਹਿਕ-ਭਰਪੂਰ ਜ਼ਿੰਦਾਦਿਲੀ ਕਾਇਮ ਰੱਖਣ ਦਾ ਅਹਿਦ ਕੀਤਾ ਸੀ, ਉਦਾਸ ਖੜ੍ਹਾ ਹੈ। ਇਸ ਭਵਨ 'ਤੇ ਬੌਣੀ ਸੋਚ ਵਾਲੇ ਲੋਕ ਕਾਬਜ਼ ਹੋ ਗਏ ਹਨ।

**ਸੂਹੇ ਰੰਗ ਦਾ,**<br>
**ਸੱਜਰੇ ਢੰਗ ਦਾ**<br>
**ਉੱਚਾ ਭਵਨ ਉਦਾਸ ਖੜ੍ਹਾ ਹੈ।**

ਹੁੰਦਲ ਦੀ ਕਵਿਤਾ ਸੰਘਰਸ਼ ਦੀ ਕਵਿਤਾ ਹੈ। ਦੋ ਸ਼੍ਰੇਣੀਆਂ ਵਿਚਲੇ ਇਸ ਸੰਘਰਸ਼ ਦੇ ਕਈ ਪਾਸਾਰ ਹਨ। ਆਰਥਿਕ-ਸਮਾਜਿਕ ਬਰਾਬਰੀ ਲਈ ਸੰਘਰਸ਼, ਹੋਂਦ ਦੇ ਸਵੈ-ਮਾਣ ਨੂੰ ਬਚਾਉਣ ਲਈ ਸੰਘਰਸ਼, ਵਿਚਾਰਧਾਰਕ ਖੇਤਰ ਵਿਚ ਪਾਏ ਜਾ ਰਹੇ ਰੋਲ-ਘਚੋਲਿਆਂ ਵਿਰੁੱਧ ਸੰਘਰਸ਼, ਕੁਰੁੱਚੀਆਂ ਦੇ ਸ਼ਿਕਾਰ ਹੋਏ ਆਪਣਿਆਂ ਵਿਰੁੱਧ ਸੰਘਰਸ਼, ਦੰਭੀ ਧਾਰਮਿਕਤਾ ਵਿਰੁੱਧ ਸੰਘਰਸ਼, ਪੂੰਜੀਵਾਦ ਸੱਭਿਆਚਾਰ ਵਿਰੁੱਧ ਸੰਘਰਸ਼, ਮਾਨਵੀ ਕਦਰਾਂ-ਕੀਮਤਾਂ ਤੇ ਭਾਈਚਾਰਕ ਸਾਂਝ ਕਾਇਮ ਰੱਖਣ ਲਈ ਸੰਘਰਸ਼। ਹੁੰਦਲ-ਕਾਵਿ ਵਿਚ ਸੰਘਰਸ਼ ਕੇਂਦਰੀ ਧੁਰਾ ਹੈ। ਕਿਉਂਕਿ ਪੂੰਜੀਵਾਦ ਦੇ ਗਰਭ ਵਿਚ ਟਕਰਾਅ ਦਾ ਪਲਣਾ ਇਕ ਲਾਜ਼ਮੀ ਅਤੇ ਕੁਦਰਤੀ ਵਰਤਾਰਾ ਹੈ। ਜੂਝ ਰਹੀਆਂ ਜਨਵਾਦੀ ਸ਼ਕਤੀਆਂ ਦਾ ਕਾਰਜ

ਪਹਿਲਾਂ ਨਾਲੋਂ ਵਧੇਰੇ ਕਠਿਨ ਹੋ ਗਿਆ ਹੈ। ਤਾਂ ਹੀ ਹੁੰਦਲ ਇਸ ਪ੍ਰਬੰਧ ਵਿਰੁੱਧ ਪੂਰੀ ਸ਼ਿੱਦਤ ਅਤੇ ਤੀਖਣਤਾ ਨਾਲ ਲੜਨ ਦਾ ਹੋਕਾ ਦਿੰਦਾ ਹ।

**ਵੈਰੀਆਂ ਸੰਗ ਜਿੱਤ ਤੀਕਰ**
**ਤੇ ਅਖੀਰੀ ਦਮਾਂ ਤੀਕਰ ਲੜੀਦਾ ਹੈ।**
**ਵੈਰੀਆਂ ਦੇ ਨਾਲ ਇਕ-ਇਕ ਪੈਰ ਉੱਤੇ**
**ਲੜੀਦਾ ਤੇ ਅੜੀਦਾ ਹੈ।**
**ਵੈਰੀਆਂ ਦੇ ਨਾਲ ਕਾਹਦੀ ਸੁਲ੍ਹਾ ਹੁੰਦੀ।**

ਹੁੰਦਲ ਦੀ ਪ੍ਰਤੀਬੱਧਤਾ ਲਈ ਨਕਸਲੀ ਲਹਿਰ ਨੂੰ ਸਮਝਣਾ ਅਤੇ ਉਸ 'ਤੇ ਆਪਣੀ ਪ੍ਰਤੀਕਿਰਿਆ ਪੇਸ਼ ਕਰਨੀ ਇਕ ਵਿਚਾਰਧਾਰਕ ਵੰਗਾਰ ਵਜੋਂ ਆਈ। ਭਾਵੇਂ ਸ਼ੁਰੂ ਵਿਚ ਉਸ ਦਾ ਵਤੀਰਾ ਇਸ ਲਹਿਰ ਪ੍ਰਤੀ ਹਾਂ-ਪੱਖੀ ਸੀ, ਪਰ ਛੇਤੀ ਹੀ ਉਸਦੀ ਬਾਜ਼-ਅੱਖ ਇਸ ਦੇ ਕਮਿਊਨਿਸਟ ਵਿਰੋਧੀ ਰੁਝਾਨਾਂ ਨੂੰ ਸਮਝ ਗਈ। ਮਾਅਰਕੇਬਾਜ਼ੀ ਅਤੇ ਵਿਅਕਤੀਗਤ ਕਤਲਾਂ ਨੇ ਜਿੱਥੇ ਇਕ ਪਾਸੇ ਨੌਜਵਾਨ ਵਿਦਿਆਰਥੀਆਂ ਨੂੰ ਤੇਜ਼ੀ ਨਾਲ ਆਪਣੇ ਵੱਲ ਆਕਰਸ਼ਿਤ ਕੀਤਾ ਉੱਥੇ ਮਾਰਕਸਵਾਦੀ ਦਾਅ-ਪੇਚਾਂ, ਅਤੇ ਇਨਕਲਾਬੀ ਪ੍ਰਸਥਿਤੀਆਂ ਨੂੰ ਸਮਝਣ ਵਾਲੇ ਪ੍ਰਤੀਬੱਧ ਨਿਸ਼ਠਾਵਾਨ, ਲੋਕ ਇਕ ਦਮ ਚੁਕੰਨੇ ਹੋ ਗਏ। ਪੰਜਾਬ ਦੇ ਬੁੱਧੀ-ਜੀਵੀ ਵਰਗ ਨੇ ਇਸ ਲਹਿਰ ਨੂੰ ਤੇਜ਼ੀ ਨਾਲ ਹੁਲਾਰਾ ਦਿੱਤਾ। ਫੈਸ਼ਨ ਪ੍ਰਸਤੀ ਅਧੀਨ ਕਈ ਅਖੌਤੀ ਅਗਾਂਹਵਧੂ ਲੇਖਕ ਰਾਤੋ-ਰਾਤ ਇਨਕਲਾਬ ਦੇ ਸੋਹਿਲੇ ਗਾਉਣ ਲੱਗ ਪਏ। ਪਰ ਹੁੰਦਲ ਅਨੁਸਾਰ ਇਨਕਲਾਬ ਕੋਈ ਖੇਡ ਨਹੀਂ ਸੀ।

**ਇਨਕਲਾਬ ਸਾਲ ਛਿਮਾਹੀ ਲਈ**
**ਮਨ ਵਿਚ ਉਠਿਆ ਕੜ੍ਹੀ ਦਾ ਉਬਾਲ ਨਹੀਂ।**
**ਇਹ ਤਾਂ ਵਰ੍ਹਿਆਂ ਬੱਧੀ**
**ਤੱਤੀਆਂ ਤਵੀਆਂ 'ਤੇ ਬਹਿਣ ਦਾ ਅਹਿਦਨਾਮਾ ਹੈ।**
**ਇਹ ਗੁਰਦਾਸ ਨੰਗਲ ਤੋਂ ਚਾਂਦਨੀ ਚੌਕ ਤੱਕ ਦਾ**
**ਬਿਖੜਾ ਮਾਰਗ ਹੈ।**

ਹੁੰਦਲ ਨੇ ਨਕਸਲੀ ਲਹਿਰ ਦਾ ਵਿਚਾਰਧਾਰਕ ਵਿਰੋਧ, ਰਚਨਾਤਮਿਕ ਪੱਧਰ 'ਤੇ ਬੜੀ ਸ਼ਿੱਦਤ ਨਾਲ ਕੀਤਾ। ਤੱਤੇ-ਤੱਤੇ ਨਾਅਰਿਆਂ ਦੇ ਭਰਮਜਾਲ ਅਤੇ ਰਾਤੋ-ਰਾਤ ਇਨਕਲਾਬ ਦੇ ਸੁਪਨਈ ਕਿਲ੍ਹਿਆਂ ਦੀ ਉਸਾਰੀ ਦੀ ਭ੍ਰਾਂਤੀ ਨੂੰ ਖੰਡ-ਖੰਡ ਕਰਨਾ ਔਖਾ ਕਾਰਜ ਸੀ ਪਰ ਹੁੰਦਲ ਪੂਰੀ ਬੇਬਾਕੀ ਨਾਲ ਇਸ ਲਹਿਰ ਵਿਰੁੱਧ ਕਾਵਿ-ਖੇਤਰ ਦੇ ਯੁੱਧ ਵਿਚ ਨਿੱਤਰਿਆ। ਭਾਵੇਂ ਉਸ ਅਨੁਸਾਰ ਕਈ ਨਕਸਲੀ ਸਾਹਿਤਕਾਰ ਤੇ ਆਗੂ ਉਸ ਨੂੰ ਇਸ ਰੋਸ ਤਹਿਤ 'ਪ੍ਰਵਾਨ ਕਰਨ ਤੋਂ ਇਨਕਾਰੀ ਹਨ।' ਹੁੰਦਲ ਦੀਆਂ ਇਸ ਦੌਰ ਦੀਆਂ ਕਵਿਤਾਵਾਂ ਵੱਡਾ ਵਿਚਾਰਧਾਰਕ ਮੁੱਲ ਰੱਖਦੀਆਂ ਹਨ।

**ਤੈਨੂੰ ਭਰਮ ਸੀ**
**ਮਿਰਜ਼ੇ ਦਾ ਇਕੋ ਤੀਰ ਹੀ**
**ਵੈਰੀ ਨੂੰ ਕਾਂਬਾ ਛੇੜ ਦੇਵੇਗਾ।**
**ਪਰ ਭਰਮ ਤਾਂ ਭਰਮ ਹੀ ਹੁੰਦੇ ਨੇ ਯਾਰ।**
**ਤੀਰਾਂ ਤੇ ਤਲਵਾਰਾਂ ਉੱਤੇ ਮਾਣ ਬੜਾ ਸੀ ਕਰਦਾ,**
**ਐਪਰ ਜ਼ਿੱਦਣ ਮਰਿਆ ਮਿਰਜ਼ਾ, ਮਰਿਆ ਬਾਝ ਭਰਾਵਾਂ।**

---

**ਤੱਤੇ ਲੂਹ ਦੀ ਕਵਿਤਾ ਲਿਖੀਏ, ਅੰਦਰ ਵੜ੍ਹ ਕੇ ਗਾਈਦੀ,**
**ਡਰਦੇ ਮਾਰੇ ਵਿਚ ਰਿਸਾਲੇ, ਆਪਾਂ ਕਦੇ ਛਪਾਈ ਨਾ।**

ਇਕ ਇਨਕਲਾਬੀ ਦੀ ਮਾਨਸਿਕਤਾ ਦਾ ਹੂ-ਬ-ਹੂ ਚਿਤਰਨ ਕਰਦਾ ਇਕ ਵਿਅੰਗ ਦੇਖੋ,

**"ਇਨਕਲਾਬ ਤਾਂ ਹਥਿਆਰਾਂ ਨਾਲ ਆਉਣਾ"**
**ਉਹ ਮੁੱਕਾ ਤਾਣ ਕੇ ਆਖਦਾ।**
**ਤੇ ਤੂੜੀ 'ਚ ਲੁਕਾਈ ਗੰਡਾਸੀ ਨੂੰ**
**ਬਾਹਰ ਕੱਢ ਕੇ ਰੇਤੀ ਲਾਉਣ ਲੱਗ ਪੈਂਦਾ।**

ਹੁੰਦਲ ਦੀ ਪ੍ਰਤੀਬੱਧਤਾ ਨੂੰ ਇਕ ਹੋਰ ਵੱਡੀ ਚੁਣੌਤੀ ਐਮਰਜੈਂਸੀ ਦੇ ਕਾਲੇ ਦਿਨਾਂ ਵੇਲੇ ਆਈ।



ਹਾਕਮਾਂ ਨੇ ਲੋਕਾਂ ਦੀ ਕਲਮ ਤੇ ਜ਼ੁਬਾਨ ਉਤੇ ਪਾਬੰਦੀ ਲਾ ਦਿੱਤੀ। ਉਹ ਤਾਂ ਜ਼ਿਹਨ 'ਤੇ ਵੀ ਜਿੰਦਰਾ ਲਗਾਉਣਾ ਚਾਹੁੰਦੇ ਸਨ। ਹੁੰਦਲ ਦੀ ਇਹ ਕਵਿਤਾ ਬੜਾ ਡੂੰਘਾ ਚਿੰਨ੍ਹਾਤਮਕ ਪ੍ਰਭਾਵ ਪਾਉਂਦੀ ਹੈ।

**ਤੇ ਦਾਤਰੀਆਂ ਰੰਬੇ ਬਣਾਉਂਦਾ**
**'ਰੱਤੂ ਲੁਹਾਰ'**
**ਹੁਣ ਰਾਤ ਦਿਨ ਜੰਦਰੇ ਹੀ ਜੰਦਰੇ ਬਣਾਈ ਜਾਂਦਾ ਹੈ।**
**ਪਤਾ ਨਹੀਂ ਏਨੇ ਜਿੰਦਰੇ**
**ਘਰਾਂ ਨੂੰ ਲੱਗਣੇ ਹਨ ਜਾਂ ਜ਼ੁਬਾਨਾਂ ਨੂੰ।**

ਐਮਰਜੈਂਸੀ ਦਾ ਵਿਰੋਧ ਕਰਨ ਬਦਲੇ ਉਸ ਨੂੰ ਜੇਲ੍ਹ ਵੀ ਜਾਣਾ ਪਿਆ। ਇਥੋਂ ਉਸਦੀ ਪ੍ਰਤੀਬੱਧਤਾ ਅਤੇ ਕਵਿਤਾ ਦੋਵੇਂ ਕੁਠਾਲੀ 'ਚੋਂ ਨਿਕਲੇ ਸੋਨੇ ਵਾਂਗ ਹੋਰ ਸ਼ੁੱਧ ਤੇ ਸਹਿਜ ਹੋ ਕੇ ਨਿਕਲੀਆਂ। 'ਪ੍ਰੀਖਿਆ' ਕਵਿਤਾ ਵਿਚ ਕਵੀ ਆਪ ਪ੍ਰਵਾਨ ਕਰਦਾ ਹੈ। ਪਰ ਇਸ ਕਾਲੇ ਦੌਰ ਦੌਰਾਨ ਬਹੁਤ ਸਾਰੇ ਲੇਖਕਾਂ ਵਿਚਾਰਕਾਂ ਦੀਆਂ ਜ਼ੁਬਾਨਾਂ ਨੂੰ 'ਰੱਤੂ ਲੁਹਾਰ' ਦੇ ਜੰਦਰੇ ਵੱਜ ਗਏ। ਸਮਕਾਲ ਦੇ ਦ੍ਰਿਸ਼ਟ, ਅਦ੍ਰਿਸ਼ਟ ਕਰੂਰ ਵਰਤਾਰਿਆਂ ਅਤੇ ਇਸ ਦੇ ਦੁਰਪ੍ਰਭਾਵਾਂ ਨੂੰ ਹੁੰਦਲ ਨੇ ਬੜੀ ਉੱਚੀ ਸੁਰ ਵਿਚ ਸੁਹਜਾਤਮਕ ਢੰਗ ਨਾਲ ਪੇਸ਼ ਕੀਤਾ। ਉਹ ਸਾਬਤ ਸਬੂਤ ਲੋਕਾਂ ਦੇ ਅੰਗ-ਸੰਗ ਆ ਖੜ੍ਹਾ ਹੋਇਆ ਹੈ।

**ਪਰ ਜਦੋਂ ਮੌਸਮ ਹੀ ਅਜਿਹਾ ਆ ਗਿਆ**
**ਕਿ ਬਾਹਰ ਤਾਂ ਕੀ**
**ਘਰ ਵਿਚ ਵੀ ਗੱਲ ਕਰਨੀ ਗੁਨਾਹ ਹੋਈ**
**ਤਾਂ ਉਸ ਤੋਂ ਰਹਿ ਨਾ ਹੋਇਆ**
**ਉਹ ਭੀੜ ਦਾ ਅੰਗ ਬਣ ਕੇ**
**ਬਾਜ਼ਾਰਾਂ 'ਚ ਨਿਕਲ ਆਇਆ ।**

ਐਮਰਜੈਂਸੀ ਦੇ ਦਿਨਾਂ ਵਿਚ ਦਹਿਸ਼ਤ ਦਾ ਖੁੱਲ੍ਹਾ ਨਾਚ ਸੀ। ਹਰੇਕ ਵਿਰੋਧੀ ਨੂੰ ਸੀਖਾਂ ਪਿੱਛੇ ਧੱਕ ਦਿੱਤਾ ਗਿਆ। ਲੋਕਾਂ ਦੀ ਮਾਨਸਿਕਤਾ ਨੂੰ ਵੀ ਗੁਲਾਮ ਬਣਾਉਣ ਦੇ ਯਤਨ ਹੋਏ। ਸਿਰਫ਼ ਵੀਹ ਨੁਕਾਤੀ ਪ੍ਰੋਗਰਾਮ ਬਾਰੇ ਗੱਲ ਕਰਨ ਦੀ ਖੁੱਲ੍ਹ ਸੀ, ਬਾਕੀ ਸਭ ਬੰਦ। ਸਟੇਟ ਦਾ ਖੂੰਖਾਰ ਚਿਹਰਾ ਬੇਪਰਦ ਹੋ ਕੇ ਬਾਹਰ ਨਿਕਲਿਆ ਸੀ। ਲੋਕਾਂ ਵਿਚਾਰਿਆਂ ਚੁੱਪ ਸਾਧ ਲਈ। ਪਰ ਹਾਕਮ ਇਹ ਭੁੱਲ ਗਏ ਕਿ ਸੱਚ ਦਾ ਬੀਜ ਕਦੇ ਮੁੱਕਦਾ ਨਹੀਂ। ਸਗੋਂ ਜਿੰਨਾ ਵੱਢੋ ਓਨਾ ਹੀ ਉੱਗਦਾ ਹੈ। ਜ਼ੁਲਮ ਵਿਰੁੱਧ ਸੱਚ ਦਾ ਇਹ ਐਲਾਨਨਾਮਾ 'ਮੰਨੂ ਸਾਡੀ ਦਾਤਰੀ ਅਸੀਂ ਮੰਨੂ ਦੇ ਸੋਏ, ਮੰਨੂ ਜਿਉਂ-ਜਿਉਂ ਸਾਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ', ਪੰਜਾਬੀ ਸੱਭਿਆਚਾਰ ਵਿਚਲੀ ਉਸ ਸੰਘਰਸ਼-ਬਿਰਤੀ ਦਾ ਸੂਚਕ ਹੈ ਜਿਹੜੀ ਅਖੀਰਲੇ ਸਾਹ ਤੱਕ ਲੜਦੀ ਹੈ। ਹੁੰਦਲ ਨੇ ਇਸ ਸੱਚ ਨੂੰ 'ਸਿਰਾਂ ਦੀ ਫ਼ਸਲ' ਕਵਿਤਾ ਵਿਚ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਹੈ।

**ਉਹ ਸਲਵਾਨ ਦੇ ਪੂਰਨ ਵਾਂਗ**
**ਵੱਢਿਆ ਟੁੱਕਿਆ ਖੇਤਾਂ ਵਿਚਕਾਰ ਪਿਆ ਸੀ।**
**ਲੱਤਾਂ ਕਿਤੇ ਸੀ ਤੇ ਸਿਰ ਕਿਤੇ**
**ਅੱਖਾਂ ਦਿਸਦੀਆਂ ਹੀ ਨਹੀਂ ਸੀ।**
**ਵੱਢਣ ਵਾਲਿਆਂ ਬੰਦ-ਬੰਦ ਕੱਟਿਆ ਸੀ**
**ਪ੍ਰੇਮ ਨਾਲ**
**ਬਿਲਕੁਲ ਭਾਈ ਮਨੀ ਸਿੰਘ ਦੇ ਅੰਗਾਂ ਵਾਂਗ**
**ਉਹਨਾਂ ਦੀ ਮਨਸ਼ਾ ਸੀ ਕਿ ਦੋਸ਼ੀ ਦੀਆਂ ਅੱਖਾਂ**
**ਵੇਖਣੋ ਹਟ ਜਾਣ ਤੇ ਦਿਮਾਗ਼ ਸੋਚਣੋ।**
**ਦੋਸ਼ ਇਹ ਸੀ**
**ਕਿ ਉਹ ਵੇਖ ਕੇ ਅਣਡਿੱਠ ਨਹੀਂ ਸੀ ਕਰ ਸਕਦਾ।**
**ਤੇ ਨਾ ਸੁਣ ਕੇ ਅਣਸੁਣਿਆ।**
**ਜਦੋਂ ਉਹ ਸੰਪੂਰਨ ਮਨੁੱਖ ਨੂੰ**
**ਆਪਣੇ ਵਲੋਂ ਅਧੂਰਾ ਕਰ**
**ਖੂਹ ਵਿਚ ਸੁੱਟ ਘਰੀਂ ਜਾ ਸੁੱਤੇ**

**ਤਾਂ ਉਹ ਕੌਤਕ ਵਰਤਿਆ**
**ਜਿਹੜਾ ਉਹਨਾਂ ਦੇ ਚਿੱਤ ਚੇਤੇ ਵੀ ਨਹੀਂ ਸੀ।**
**ਸਵੇਰੇ ਜਾਗੇ**
**ਤਾਂ ਮੂੰਹ ਵਿਚ ਉਂਗਲਾਂ ਪਾਉਣ ਲੱਗੇ**
**ਖੇਤਾਂ ਵਿਚੋਂ ਸਿਰਾਂ ਦੀ ਨਵੀਂ ਉੱਗੀ ਫ਼ਸਲ**
**ਹੈਰਾਨ ਕਰਨ ਵਾਲੀ ਸੀ।**
**ਹਾਕਮਾਂ ਨੂੰ ਕੀ ਪਤਾ ਸੀ**
**ਕਿ ਸਿਰਾਂ ਦੀ ਫ਼ਸਲ**
**ਮੁੱਢੋਂ ਫੁੱਟ ਪੈਂਦੀ ਹੈ, ਤੇ ਕਈ ਗੁਣਾ ਵੱਧ**
**ਤੇ ਇਹ ਵੱਢਿਆਂ ਹੋਰ ਵੀ ਵਧਦੀ ਹੈ।**

ਇਸ ਦੌਰ ਦੀ ਕਾਵਿ-ਸਿਰਜਣਾ ਸਮੇਂ ਹੁੰਦਲ ਨੇ ਮੱਧ-ਕਾਲੀਨ ਸਿੱਖ ਸੰਘਰਸ਼ ਅਤੇ ਕੁਰਬਾਨੀਆਂ ਦੀ ਪ੍ਰਸੰਗਿਕਤਾ ਨੂੰ ਅਜੋਕੇ ਦੌਰ ਦੀਆਂ ਪ੍ਰਸਥਿਤੀਆਂ ਦੀ ਪੇਸ਼ਕਾਰੀ ਲਈ ਚਿੰਨ੍ਹਾਤਮਕ ਰੂਪ ਵਿਚ ਵਰਤੋਂ ਕੀਤੀ ਹੈ। ਇਹਨਾਂ ਸ਼ਹੀਦੀਆਂ ਅਤੇ ਸ਼ਹੀਦਾਂ ਦੇ ਕਿਰਦਾਰ ਨੂੰ ਇਕ ਮਾਡਲ ਵਜੋਂ ਸਿਰਜ ਕੇ ਅਜੋਕੇ ਰਾਜਨੀਤਕਾਂ, ਅਨੁਯਾਈਆਂ ਉੱਤੇ ਤਿੱਖਾ ਕਟਾਖਸ਼ ਕੀਤਾ ਹੈ। ਸਿਆਣਾ ਲੇਖਕ, ਵਿਚਾਰਕ-ਇਤਿਹਾਸ ਦੀਆਂ ਪ੍ਰਮੁੱਖ ਘਟਨਾਵਾਂ, ਵਿਅਕਤੀਆਂ, ਮੁਹਾਵਰਿਆਂ ਨੂੰ ਅੱਜ ਲਈ ਪ੍ਰੇਰਨਾ ਸਰੋਤ ਵਜੋਂ ਵੀ ਵਰਤਦਾ ਹੈ, ਸਵੈ-ਆਲੋਚਨਾ ਲਈ ਵੀ ਅਤੇ ਭਵਿੱਖੀ ਜੁਗਤਾਂ ਦੀ ਘਾੜਤ ਸਮੇਂ ਇਕ ਸ਼ਬਦ ਵਜੋਂ ਵੀ! ਹੁੰਦਲ ਨੇ ਇਸ ਮਾਣ ਮੱਤੇ ਇਤਿਹਾਸ ਨੂੰ ਅੱਜ ਲਈ ਇਕ ਅਗਵਾਨੂ ਬਿੰਬ ਵਜੋਂ ਸਿਰਜਦਿਆਂ ਜਾਨਦਾਰ ਕਵਿਤਾਵਾਂ ਲਿਖੀਆਂ ਹਨ। ਜਿਵੇਂ 'ਗੁਰੂ ਤੇਗ ਬਹਾਦਰ', 'ਗੁਰੂ ਅਰਜਨ ਦੇਵ, 'ਹਰ ਪੈਰ ਤੇ ਸਰਸਾ', 'ਤੁਹਾਨੂੰ ਯਾਦ ਹੋਵੇਗਾ', 'ਗੁਲਾਬ ਦੀ ਫ਼ਸਲ' ਆਦਿ ਐਸੇ ਸ਼ਾਨਦਾਰ ਇਤਿਹਾਸ ਨੂੰ ਆਪਣੀ ਪਿੱਠ 'ਤੇ ਖੜ੍ਹਾ ਵੇਖ ਕੇ ਉਹ ਜ਼ੁਲਮ ਦਾ ਵਿਰੋਧ ਕਰਦੀ ਨਾਬਰ ਲਹਿਰ ਨਾਲ ਇਕਮੁੱਠਤਾ ਦਾ ਪ੍ਰਗਟਾਵਾ ਕਰਦਾ ਹੈ ਅਤੇ ਮਾਨਵੀ-ਮੁੱਲਾਂ ਨਾਲ ਓਤ-ਪੋਤ ਆਸ਼ਾਵਾਦੀ ਮਨੁੱਖਾਂ ਵਿਚ ਚੜ੍ਹਦੀ ਕਲਾ ਦੇ ਦਰਸ਼ਨ ਕਰਦਾ ਹੈ।

**ਤੁਹਾਡੇ ਚਿਹਰਿਆਂ ਦਾ ਜਲਾਲ ਦੱਸਦਾ ਹੈ**
**ਕਿ ਮਨੁੱਖ ਅਜੇ ਜ਼ਿੰਦਾ ਹੈ**
**ਤੇ ਚੜ੍ਹਦੀ ਕਲਾ ਦੀ ਭਾਵਨਾ ਮਰ ਨਹੀਂ ਗਈ**
**ਇਹ ਓਹੀ ਸਮਾਂ ਹੈ**
**ਜਦੋਂ ਕਵੀ ਨੇ ਕਿਹਾ ਸੀ!**
**'ਖੇੜਿਆਂ ਦੇ ਨਵਾਰੀ ਪਲੰਘ ਨਾਲੋਂ ਸਾਨੂੰ ਯਾਰੜੇ ਦਾ ਸੱਥਰ ਚੰਗਾ।'**

ਪੂੰਜੀਵਾਦੀ ਸਟੇਟ ਦੀਆਂ ਸ਼ਤਰੰਜੀ ਚਾਲਾਂ ਬੜੀਆਂ ਲੁਭਾਣੀਆਂ, ਸ਼ਾਤਰ ਅਤੇ ਕਈ ਵਾਰ ਅਦ੍ਰਿਸ਼ਟ ਹੁੰਦੀਆਂ ਹਨ! ਲੋੜ ਪੈਣ 'ਤੇ ਇਹ ਦ੍ਰਿਸ਼ਟਮਾਨ ਹੋ ਕੇ ਤਸ਼ੱਦਦ ਵੀ ਕਰਦੀ ਹੈ। ਇਸ ਲਈ ਇਸ ਸਾਰੇ ਕੁਝ ਵਿਰੁੱਧ ਅਡੋਲ ਮਨੋਸਥਿਤੀ ਕਾਇਮ ਰੱਖਣੀ ਤੇ ਸੰਘਰਸ਼ ਦੀ ਸੁਰ ਉੱਚੀ ਰੱਖਣੀ ਹਾਰੀ ਸਾਰੀ ਦਾ ਕੰਮ ਨਹੀਂ, ਇਹ ਹੁੰਦਲ ਵਰਗਾ ਪ੍ਰਤੀਬੱਧ ਲੇਖ ਹੀ ਕਰ ਸਕਦਾ ਹੈ। ਬਹੁਤੇ ਸਾਹਿਤਕਾਰ ਤੇ ਇਸ ਸਮੇਂ ਵੀ ਅੱਖ ਬਚਾ ਕੇ ਨਿਕਲ ਗਏ। ਹੁੰਦਲ ਐਸੇ ਲੇਖਕਾਂ ਪ੍ਰਤੀ ਬੇਬਾਕ ਵਿਅੰਗ ਕੱਸਦਾ ਹੈ।

**ਚੌਕ ਵਿਚ ਲੱਗੇ ਸ਼ਹੀਦਾਂ ਦੇ ਪਿਆਰੇ ਬੁੱਤ ਕੋਲੋਂ**
**ਮੀਟ ਕੇ ਅੱਖਾਂ ਕਬੂਤਰ ਵਾਂਗਰਾਂ ਲੰਘ ਜਾਣਗੇ**
**ਜੇ ਕੋਈ ਵਕਤ ਦੇ ਸ਼ੀਸ਼ੇ 'ਚ ਅੱਖਾਂ ਪਾਉਣ ਦੀ ਗੱਲ ਛੋਹੇਗਾ**
**ਖੂਬ ਰੌਲਾ ਪਾਉਣਗੇ**
**ਸ਼ੇਰ ਨੂੰ ਤੇ ਬੱਕਰੀ ਨੂੰ, ਬੈਠ ਕੇ ਸਮਝਾਉਣਗੇ**
**ਤੇ ਉਹਨਾਂ ਦੀ ਖੋਪਰੀ ਵਿਚ ਸਰਬ ਸਾਂਝੀ ਪ੍ਰੀਤ ਦੀ ਗੱਲ ਪਾਉਣਗੇ।**

**ਹੁੰਦਲ ਨੂੰ ਸਮਝਾਓ ਸਾਰੇ, ਕੀ ਕਵਿਤਾ ਤੋਂ ਲੈਣਾ ਹੈ**
**ਉਸ ਰਾਹ ਉੱਤੇ ਕਿਉਂ ਨਹੀਂ ਤੁਰਦਾ, ਜਿੱਧਰ ਨੂੰ ਉਹ ਯਾਰ ਗਿਆ**

ਹੁੰਦਲ ਦੀ ਪ੍ਰਤੀਬੱਧਤਾ ਲਈ ਸਭ ਤੋਂ ਵੱਡੀ ਵੰਗਾਰ ਦੇ ਰੂਪ ਵਿਚ ਆਇਆ ਪੰਜਾਬ ਸੰਕਟ ਦਾ



ਸਮਾਂ। ਇਹ ਸਮਾਂ ਪੰਜਾਬੀਆਂ ਲਈ ਸਭ ਤੋਂ ਵਿਆਪਕ ਦੁਖਾਂਤ ਦਾ ਸਮਾਂ ਸੀ। ਪੰਜਾਬ ਦੀ ਖੁਸ਼ਬੂ ਵੰਡਦੀ ਮਿੱਟੀ ਦਾ ਕਣ-ਕਣ ਵੇਦਨਾ ਅਤੇ ਦਰਦ ਨਾਲ ਕੁਰਲਾ ਉੱਠਿਆ। ਸੰਗੀਨਾਂ ਦੀ ਖੜਖੜਾਹਟ ਅਤੇ ਬੇਗੁਨਾਹਾਂ ਦੇ ਖ਼ੂਨ ਦੀ ਹੌਲਨਾਕ ਹੋਲੀ ਰੁਟੀਨ ਦਾ ਕੰਮ ਬਣ ਗਿਆ। ਲੋਟੂ ਸ਼੍ਰੇਣੀ ਦੀ ਸੰਕੀਰਨ ਰਾਜਨੀਤਕ ਪਹੁੰਚ ਅਤੇ ਧਰਮ ਦੇ ਅਖੌਤੀ ਠੇਕੇਦਾਰਾਂ ਨੇ ਰਲ਼ ਕੇ ਅਜਿਹੀ ਕਰੂਰ ਸਥਿਤੀ ਪੈਦਾ ਕਰ ਦਿੱਤੀ। ਸਾਬਤ-ਸਬੂਤ ਦਿਸਦਾ ਮਾਨਵ ਮਨਹੀਣ ਹੋ ਗਿਆ। ਕਲਾਤਮਿਕਤਾ, ਸੂਖਮਤਾ, ਸੁਹਜ, ਸਹਿਜ, ਪਿਆਰ, ਮੋਂਤ ਅਤੇ ਅਪਣੱਤ ਦੇ ਅਰਥ ਬਾਰੂਦ ਦੇ ਧੂੰਏ ਵਿਚ ਗੁਆਚ ਗਏ। ਅੱਖਾਂ ਹੁੰਦਿਆਂ-ਸੁੰਦਿਆਂ ਲੋਕ ਵੇਖਣੋਂ ਹਟ ਗਏ। ਕੰਨ ਹੁੰਦਿਆਂ-ਸੁੰਦਿਆਂ ਸੁਣਨੋਂ ਹਟ ਗਏ। ਜ਼ਬਾਨਾਂ ਨੂੰ ਤਾਲੇ ਲੱਗ ਗਏ। ਅਜਿਹੀ ਬੇਵਿਸ਼ਵਾਸੀ ਵਾਲੀ ਤ੍ਰਾਸਦਿਕ ਅਤੇ ਘ੍ਰਿਣਾਤਮਕ ਸਥਿਤੀ ਦਾ ਅੰਦਾਜ਼ਾ ਉਹਨਾਂ ਨੂੰ ਵੀ ਨਹੀਂ ਸੀ ਜਿਹਨਾਂ ਇਹ ਤੀਲੀ ਲਾਈ ਸੀ। ਸਥਿਤੀ ਬੜੀ ਗੁੰਝਲਦਾਰ ਤੇ ਵਿਸਫੋਟਕ ਸੀ।

ਸਥਿਤੀ ਦਾ ਸਤਹੀ ਤੇ ਸਰਲ ਵਿਸ਼ਲੇਸ਼ਣ ਗਲਤ ਸਿੱਟੇ ਵੀ ਕੱਢ ਸਕਦਾ ਸੀ। ਇਹ ਸਾਰਾ ਵਾਰਤਾਰਾ ਸਮਝਣ ਲਈ ਇਸ ਪਿੱਛੇ ਕਾਰਜਸ਼ੀਲ ਕਾਰਕਾਂ, ਵਿਭਿੰਨ ਪਹਿਲੂਆਂ ਦੀ ਜਟਿਲਤਾ ਤੇ ਵਿਭਿੰਨ ਪਾਸਾਰਾਂ ਦੀਆਂ ਵੱਖ-ਵੱਖ ਤੰਦਾਂ ਨੂੰ ਸਮੁੱਚਤਾ ਸਹਿਤ ਫੜਨਾ, ਫਿਰ ਰਾਜਨੀਤਿਕ, ਆਰਥਿਕ ਪ੍ਰਬੰਧ ਅਧੀਨ ਉਪਜੀਆਂ ਪ੍ਰਸਥਿਤੀਆਂ ਦਬਾਵਾਂ ਅਤੇ ਪ੍ਰਭਾਵਾਂ ਦੇ ਅੰਤਰਗਤ ਤਾਰਕਿਕ ਵਿਸ਼ਲੇਸ਼ਣ ਕਰਨਾ ਕੋਈ ਸੌਖਾ ਕਾਰਜ ਨਹੀਂ ਸੀ। ਵਧੇਰੇ ਲੇਖਕ, ਕਲਾਕਾਰ ਚੁੱਪ ਹੋ ਗਏ। ਕੁਝ ਨਿੱਜ ਦੇ ਖੋਲ ਵਿਚ ਜਾ ਲੁਕੇ ਤੇ ਸਵੈ-ਮਾਣ ਦੇ ਬਾਰ ਢੋ ਲਏ। ਹੁੰਦਲ ਦੀ ਪ੍ਰਤੀਬੱਧਤਾ ਫਿਰ ਇਕ ਵਾਰ-ਕਵਿਤਾ ਦੇ ਲੋਕ-ਪਿੜ ਵਿਚ ਉੱਤਰੀ। ਮੌਤ ਤੋਂ ਬੇਪਰਵਾਹ ਉਹ ਹੋਰ ਉੱਚੀ ਸੁਰ ਵਿਚ ਕਲਮ ਲੈ ਕੇ ਮੈਦਾਨ ਵਿਚ ਨਿੱਤਰਿਆ।

**ਇਹ ਕੀ ਸਹਿਮ ਜਿਹਾ ਘੁੰਮਦਾ ਹੈ ਸਾਡੇ ਆਲੇ-ਦੁਆਲੇ**
**ਇਹ ਫਨੀਅਰ ਦਰਵਾਜ਼ੇ ਸਾਡੇ ਕਿਸ ਨੇ ਆਣ ਬਹਾਲੇ,**

**ਨਿਰਦੋਸ਼ਾਂ ਨੂੰ ਮਾਰ ਬਹਾਦਰ ਬਣ ਬੈਠੇ**
**ਗਲ਼ ਲਟਕਾਈ ਪੁੱਛਦੀ ਸੀ ਤਲਵਾਰ ਪਈ,**

**ਅੰਮ੍ਰਿਤ ਵੇਲੇ ਪਾਠ ਕਰੀਦਾ, ਸੰਧਿਆ ਵੇਲੇ ਹੱਤਿਆਵਾਂ**
**ਅਸੀਂ ਦਮੂਹੀ ਸੱਪਣੀ ਦਾ ਕਿਰਦਾਰ ਉਠਾਈ ਫਿਰਦੇ ਹਾਂ।**

ਹੁੰਦਲ ਨੂੰ ਪਤਾ ਹੈ ਕਿ ਪੰਜਾਬੀਆਂ ਦੇ ਮਾਣ-ਮੱਤੇ ਧਾਰਮਿਕ ਸਾਂਸਕ੍ਰਿਤਕ ਵਿਰਸੇ ਨੂੰ ਕੁਝ ਲੂੰਬੜ ਲੋਕਾਂ ਨੇ ਕਿੰਝ ਆਪਣੇ ਹੱਕ ਵਿਚ ਵਰਤ ਕੇ ਲੋਕਾਂ ਨੂੰ ਵਰਤਿਆ। ਰਾਜਨੀਤੀ ਕਿੰਨੀ ਕਰੂਰ ਖੇਡ ਖੇਡ ਸਕਦੀ ਹੈ, ਅਖੌਤੀ ਧਾਰਮਿਕ ਲੋਕ ਕਿਸ ਤਰ੍ਹਾਂ ਲੋਕਾਂ ਨੂੰ ਜਨੂੰਨੀ ਬਣਾ ਕੇ ਉਹਨਾਂ ਦੇ ਹੱਥੀਂ ਸੰਗੀਨਾਂ ਫੜਾ ਸਕਦੇ ਹਨ, ਰਾਜਸੱਤਾ ਦੀ ਪ੍ਰਾਪਤੀ ਲਈ ਧਰਮ ਨੂੰ ਕਿੰਜ ਪੌੜੀ ਵਾਂਗ ਵਰਤਿਆ ਜਾਂਦਾ ਹੈ, ਇਹ ਸਭ ਕੁਝ ਹੁਣ ਲੋਕਾਂ ਸਾਹਮਣੇ ਚਿੱਟੇ ਦਿਨ ਵਾਂਗ ਸਾਕਸ਼ਾਤ ਹੈ।

**ਕੁਝ ਕਿਰਪਾ ਸਾਧਾਂ ਸੰਤਾਂ ਦੀ, ਕੁਝ ਚੰਦ ਚੜ੍ਹਾਏ ਬੀਬੀ ਨੇ**
**ਕਿਆ ਸੇਹ ਦੇ ਤੱਕਲੇ ਗੱਡੇ ਨੇ, ਕਿਆ ਅੱਕ ਬਰੂਹੀਂ ਚੋਇਆ ਹੈ।**

ਇਸ ਦੁਖਾਂਤ ਦਾ ਸਭ ਤੋਂ ਤ੍ਰਾਸਦਿਕ ਪਹਿਲੂ ਇਹ ਸੀ ਕਿ ਇਸਨੇ ਲੋਕਾਂ ਦੀ ਭਾਈਚਾਰਕ ਸਾਂਝ 'ਤੇ ਸੱਟ ਮਾਰੀ। ਦਿੱਲੀ ਦੰਗੇ ਇਸ ਦੀ ਸਿਖਰ ਸਨ। ਮਜ਼ਹਬੀ ਜਨੂੰਨ ਪਸ਼ੂਪੁਣੇ ਦੀ ਬਿਰਤੀ ਵਿਚ ਬਦਲ ਗਿਆ। ਫਿਰਕੂ ਸ਼ਾਵਨਵਾਦ ਤੇਜ਼ੀ ਨਾਲ ਉੱਭਰਿਆ। ਦਹਿਸ਼ਤ, ਬੇਭਰੋਸਗੀ, ਸ਼ੰਕਾ, ਸਹਿਮ, ਬੇਵਸੀ, ਘੁਟਨ, ਨਿਰਾਸ਼ਾ ਅਤੇ ਸਾਹਸਹੀਣਤਾ ਦਾ ਆਲਮ ਚੁਫੇਰੇ ਪਸਰ ਗਿਆ।

ਵਿਚਾਰਧਾਰਕ ਧੁੰਧਲਕੇ ਨੇ ਕਈ ਸਿਆਣਿਆਂ ਦਾਨਿਆਂ ਨੂੰ ਵੀ ਔਝੜੇ ਪਾ ਦਿੱਤਾ। ਮਾਨਵਵਾਦੀ ਬਿਰਤੀ ਵਾਲੀ ਪੰਜਾਬੀ ਧਾਰਮਿਕਤਾ ਨੂੰ ਲੀਰੋ-ਲੀਰ ਕਰਨ ਦਾ ਜਤਨ ਕੀਤਾ ਗਿਆ। ਹਾਰੇ ਹੁੱਟੇ ਮਨੁੱਖ ਦੀ ਬਿਰਤੀ ਪੂਰੀ ਤਰ੍ਹਾਂ ਖੰਡਿਤ ਹੋ ਗਈ। ਸਾਂਝੀ ਪੰਜਾਬੀਅਤ ਦੇ ਨਾਇਕਾਂ ਨੂੰ ਵੀ ਵੰਡਣ ਦੀਆਂ ਗੋਂਦਾ ਗੁੰਦੀਆਂ ਜਾਣ ਲੱਗੀਆਂ। ਲੇਖਕਾਂ ਨੇ ਇਸ ਤ੍ਰਾਸਦੀ ਦੇ ਵਿਭਿੰਨ ਪਹਿਲੂਆਂ ਨੂੰ ਆਪਣੀਆਂ ਲਿਖਤਾਂ ਵਿਚ ਆਧਾਰ ਬਣਾਇਆ। ਪਰ ਅੱਤਵਾਦ ਵਿਰੁੱਧ ਸਿੱਧੀਆਂ ਟਿੱਪਣੀਆਂ ਏਨੀ ਬੇਬਾਕੀ ਅਤੇ ਕਲਾਤਮਿਕਤਾ ਨਾਲ ਸ਼ਾਇਦ ਹੀ ਕੋਈ ਹੋਰ ਕਵੀ ਕਰ ਸਕਿਆ ਹੋਵੇ, ਜਿੰਨੀਆਂ ਹੁੰਦਲ ਨੇ ਕੀਤੀਆਂ।

**ਪਹਿਲਾਂ ਅਇਤਾਂ ਵੰਡੀਆਂ, ਹੁਣ ਆਸਾ ਦੀ ਵਾਰ**

ਕਿੱਥੇ ਜਾ ਕੇ ਮੁੱਕਣੀ ਇਹ ਵੰਡਣ ਦੀ ਕਾਰ।
ਮਰਦਾਨੇ ਨੂੰ ਟੁੱਕਿਆ ਕਰ ਦਿੱਤਾ ਦੋ-ਫਾੜ
ਇਕ ਰਿਹਾ ਇਸ ਪਾਰ ਸੀ, ਇਕ ਰਿਹਾ ਉਸ ਪਾਰ।
ਕਿੱਥੇ ਮਿਰਜ਼ਾ, ਕਿੱਥੇ ਬੱਕੀ, ਕਿੱਥੇ ਤੀਰ ਕਮਾਨਾਂ ਨੇ,
ਲਾਸ਼ਾਂ ਹੀ ਲਾਸ਼ਾਂ ਨੇ ਏਥੇ, ਹੇਠਾਂ ਜੰਡ ਕਰੀਰਾਂ ਦੇ।
ਹੇ ਗੁਰੂ
ਦੇਰ ਹੋਈ ਤੇਰਾ ਪੰਥ
ਮਲਕ ਭਾਗੋਆਂ ਤੇ ਮਸੰਦਾਂ ਨੇ ਖਰੀਦ ਲਿਆ ਹੈ
ਤੇ ਭਾਈ ਲਾਲੋ ਨਿਰਾਸ਼ ਤੇ ਉਦਾਸ, ਬੂਹੇ ਅੱਗੇ ਖੜ੍ਹਾ
ਤੇਰੇ ਨਾਂ 'ਤੇ ਬਣੇ ਉੱਚੇ ਭਵਨ ਦੀ ਮਮਟੀ ਵੱਲ
ਹੈਰਾਨ ਪ੍ਰੇਸ਼ਾਨ ਵੇਖਦਾ ਹੈ।

ਇਕ ਦਰ ਲਿਸ਼ਕਦੀਆਂ ਕਿਰਪਾਨਾਂ
ਇਕ ਦਰ 'ਤੇ ਤਿਰਸ਼ੂਲਾਂ ਨੇ
ਦੋਹਾਂ ਕੋਲੋਂ ਕਿੱਤ ਬਹਾਨੇ
ਨਿੱਕੀ ਜਿੰਦ ਬਚਾਵਾਂ ਮੈਂ।

ਐਸੀ ਸਥਿਤੀ ਵਿਚ ਚੁਫੇਰੇ ਪੱਧਰੀ ਚੁੱਪ ਨੇ ਸਥਿਤੀ ਦੀ ਭਿਆਨਕਤਾ ਹੋਰ ਵੀ ਵਧਾ ਦਿੱਤੀ। ਆਤੰਕਿਤ ਲੋਕ ਅੰਦਰੇ ਦੜ੍ਹੇ ਰਹਿਣ ਦੀ ਪ੍ਰਵਿਰਤੀ ਦੇ ਧਾਰਨੀ ਹੋ ਗਏ। ਨਿਰਦੋਸ਼ਾਂ ਦੇ ਖ਼ੂਨ ਤੇ ਪਲ ਦੋ ਪਲ ਰੁਦਨ ਕਰਕੇ ਫਿਰ ਅੰਤਰਮੁਖੀ ਹੋ ਜਾਣਾ, ਨਿੱਜ ਦੇ ਖੋਲ ਵਿਚ ਵੜ ਕੇ ਸਮਾਂ ਲੰਘਾਉਣਾ ਮਨੁੱਖ ਵਿਚੋਂ ਜੀਣ ਥੀਣ ਦੀ ਜੀਵੰਤ ਆਸ ਦਾ ਮਰ ਜਾਣਾ, ਕਿੰਨੀ ਦੁਖਦਾਈ ਸਥਿਤੀ ਸੀ। ਐਸੀ ਸਥਿਤੀ ਪ੍ਰਤੀਬੱਧ ਲੇਖਕ ਦਾ ਕੀ ਫਰਜ਼ ਹੈ, ਸੱਚ ਬੋਲੇ, ਸੱਚ ਬੋਲਣ ਲਈ ਪ੍ਰੇਰੇ ਅਤੇ ਡਿੱਗੇ ਢੱਠੇ ਲੋਕਾਂ ਨੂੰ ਹੌਸਲਾ ਦੇਵੇ।

ਦੋਸ਼ੀ ਭਾਵੇਂ ਬੇਗਾਨਾ, ਹਮਸਾਇਆ ਹੈ
ਭਾਵੇਂ ਮਾਂ ਪਿਉ ਜਾਇਆ ਹੈ,
ਸੱਚੀ-ਸੁੱਚੀ ਗੱਲ ਕਰੇਂ ਤਾਂ ਜੀਵੇਂਗਾ,
ਨਹੀਂ ਤਾਂ ਦੋਸ਼ੀ ਥੀਵੇਂਗਾ।
ਦਿਨ ਕਿਤੇ ਸਦਾ ਇੰਝ ਤਾਂ ਨਹੀਂ ਰਹਿਣੇ।
ਬੁੱਲ੍ਹੇ ਸ਼ਾਹ ਦੀ ਕਾਫ਼ੀ ਮਹਿਫ਼ਲਾਂ ਦਾ ਗਹਿਣਾ ਬਣੇਗੀ।
ਤੇ ਬਾਬੇ ਨਾਨਕ ਦੇ ਬੋਲ ਪੁੱਛਣਗੇ !
ਕਿਹਨੇ ਦਿੱਤਾ ਸੀ ਸਰਾਪ ਤੁਹਾਨੂੰ
ਇਹਨਾਂ ਘਰਾਂ ਨੂੰ ਕਤਲਗਾਹਾਂ 'ਚ ਬਦਲਣ ਦਾ।
ਭਗਤ ਸਿੰਘ ਦਾ 'ਇਨਕਲਾਬ ਜ਼ਿੰਦਾਬਾਦ' ਹਰ ਬੂਹੇ 'ਤੇ ਦਸਤਕ ਦਿੰਦਾ ਰਹੇਗਾ।
ਓਇ ਪੰਜਾਬੀਓ, ਵੱਡੇ ਯੋਧਿਓ,
ਤੁਹਾਨੂੰ ਅਜੇ ਤੀਕ ਅਸਲੀ ਦੁਸ਼ਮਣ ਹੀ ਨਹੀਂ ਲੱਭਾ !

ਉਹ ਲੇਖਕ ਨੂੰ ਸੱਚ ਦੇ ਹੱਕ ਵਿਚ ਨਿਤਰਨ ਜਾਂ ਫਿਰ ਕਾਨੀ ਸੁੱਟ ਦੇਣ ਦੀ ਜੋ ਅਪੀਲ ਕਰਦਾ ਹੈ, ਉਸ ਪਿੱਛੇ ਵੀ ਉਸਦੀ ਮਾਨਵ ਪ੍ਰਤੀ ਪਿਆਰ ਅਤੇ ਪ੍ਰਤੀਬੱਧਤਾ ਦਿਖਾਈ ਦਿੰਦੀ ਹੈ।

ਚੁੱਪ ਰਹੇ ਤਾਂ ਨਾਲ ਕਲਮ ਦੇ ਧੋਖਾ ਹੈ।
ਚੁੱਪ ਰਿਹਾ ਨਾ ਜਾਏ ਏਹੀ ਮਾਰ ਪਈ।
ਤੂੰ ਕਦ ਸੱਚੀ ਗੱਲ ਕਰੇਂਗਾ, ਦੋਸ਼ੀ ਉੱਤੇ ਦੋਸ਼ ਧਰੇਂਗਾ,
ਜਾਂ ਤਾਂ ਠੋਕ ਵਜਾ ਕੇ ਕਹਿ ਦੇ ਜਾਂ ਫਿਰ ਸੁੱਟ ਪਰੇ ਕਾਨੀ।
ਤੇਰੇ ਨਾਲੋਂ ਬੁੱਲ੍ਹਾ ਸੌ ਦਰਜੇ ਚੰਗੇਰਾ ਸੀ,
ਗੱਲ ਕਰਦਾ ਤਾਂ ਕੋਰੀ-ਕੋਰੀ ਕਰਦਾ ਸੀ
ਦੋਸ਼ੀ ਉੱਤੇ ਸਿੱਧੀ ਉਂਗਲ ਧਰਦਾ ਸੀ।



ਪੰਜਾਬ ਸੰਕਟ ਨਾਲ ਜੁੜੀ ਉਸਦੀ ਇਕ ਹੋਰ ਰਚਨਾ 'ਜੰਗਨਾਮਾ' ਹੈ। ਸ਼ਾਹ ਮੁਹੰਮਦ ਵਾਲੀ ਮੱਧ ਕਾਲੀਨ ਪਰੰਪਰਾ ਨੂੰ ਅਜੋਕੀਆਂ ਪ੍ਰਸਥਿਤੀਆਂ ਦੀ ਪੇਸ਼ਕਾਰੀ ਲਈ ਬਾਖ਼ੂਬੀ ਵਰਤਿਆ ਹੈ। ਸ਼ਾਹ ਮੁਹੰਮਦ ਇਸ ਗੱਲੋਂ ਦੁਖੀ ਹੋ ਕੇ ਖ਼ੂਨ ਦੇ ਅੱਥਰੂ ਕੇਰਦਾ ਹੈ ਕਿ 'ਸਰਕਾਰ' ਤੋਂ ਮਗਰੋਂ ਉਸਦੇ ਵਾਰਸਾਂ ਨੇ ਪੰਜਾਬ ਨਾਲ ਖਿਲਵਾੜ ਕੀਤਾ। ਕੁਰਸੀ ਖਾਤਰ ਆਪਸੀ ਖਹਿਬਾਜ਼ੀ ਅਧੀਨ ਇਹਨਾਂ ਬਦਰੰਗ, ਬੇਗ਼ੈਰਤ ਅਤੇ ਨਾਸ਼ੁਕਰੇ ਹਾਕਮਾਂ, ਜਰਨੈਲਾਂ ਨੇ ਜੋ ਧਰੋਹ ਆਪਣੀ ਮਾਂ ਮਿੱਟੀ ਨਾਲ ਕੀਤਾ ਉਹ ਮੁਆਫ਼ ਨਹੀਂ ਕੀਤਾ ਜਾ ਸਕਦਾ। ਐਸੀ ਹੀ ਸਥਿਤੀ ਪੰਜਾਬ ਦੀ ਸੀ। ਦਿੱਲੀ ਗੱਦੀ 'ਤੇ ਬਿਰਾਜਮਾਨ ਰਾਣੀ ਅਤੇ ਗੱਦੀ ਲਈ ਤਰਲੇ ਲੈਂਦੇ ਪੰਜਾਬ ਦੇ ਰਾਜਨੀਤਕਾਂ ਦੇ ਕੋਝੇ ਚੰਡਾਲ ਮਨਸੂਬਿਆਂ ਰਾਹੀਂ ਜੋ ਤਾਂਡਵ ਨਾਚ ਖ਼ੂਨ ਦੇ ਸੋਹਿਲੇ ਗਾਉਂਦਿਆਂ ਪੰਜਾਬ ਵਿਚ ਨੱਚਣ ਦੀ ਖੁੱਲ੍ਹ ਦਿੱਤੀ ਗਈ ਉਸ ਤੋਂ ਹੁੰਦਲ ਵਰਗਾ ਸੰਵੇਦਨਸ਼ੀਲ ਪ੍ਰਤੀਬੱਧ ਅਤੇ ਸੂਖਮ ਬਿਰਤੀ ਵਾਲਾ ਕਵੀ ਅਭਿੱਜ ਕਿਵੇਂ ਰਹਿ ਸਕਦਾ ਸੀ। ਇਹਨਾਂ ਹਾਕਮਾਂ ਅਤੇ ਉਹਨਾਂ ਦੇ ਇਹਨਾਂ ਅਖੌਤੀ 'ਜਰਨੈਲਾਂ' ਪ੍ਰਤੀ ਹੁੰਦਲ ਦੇ 'ਵਿਅੰਗਨਾਮੇ' ਵਿਚਲੇ ਵਿਅੰਗ ਬੜੇ ਕਾਟਵੇਂ ਅਤੇ ਤੀਖਣ ਹਨ। ਸ਼ਾਹ ਮੁਹੰਮਦ ਵਾਲਾ ਬੈਂਤ, ਭਾਸ਼ਾ ਦੀ ਠੇਠਤਾ, ਲੋਕ-ਮੁਹਾਵਰੇ ਦਾ ਰੰਗ, ਚੋਭਵੀਆਂ ਟਕੋਰਾਂ, ਵਿਅੰਗ ਅਤੇ ਹੋਰ ਕਲਾ-ਜੁਗਤਾਂ ਦੀ ਵਰਤੋਂ ਕਰਦਿਆਂ ਤਾਰਕਿਕ ਦ੍ਰਿਸ਼ਟੀ ਤੇ ਸਿਧਾਂਤਕ ਸੂਝ ਰਾਹੀਂ ਸਮਕਾਲੀ ਸੱਚ ਨੂੰ ਪੇਸ਼ ਕੀਤਾ ਹੈ। ਭਾਵੇਂ ਕਿ ਜੰਗਨਾਮੇ ਵਿਚ ਸ਼ਾਹ ਮੁਹੰਮਦ ਜਿਹੀ ਭਾਵ ਦੀ ਗਹਿਨਤਾ, ਸ਼ਿੱਦਤ ਅਤੇ ਤੀਬਰਤਾ ਨਹੀਂ। ਸ਼ਾਹ ਮੁਹੰਮਦ ਵਰਗੀ ਸੂਤਰਿਕ ਸ਼ੈਲੀ ਦੀ ਵੀ ਘਾਟ ਹੈ। ਸ਼ਾਇਦ ਅਜਿਹਾ ਦੋਹਾਂ ਘਟਨਾਵਾਂ ਦੀ ਇਤਿਹਾਸਕ ਪ੍ਰਸੰਗਿਕਤਾ। ਗਹਿਰਾਈ। ਪਾਤਰਾਂ ਦੇ ਨਾਇਕਤੱਵ ਵਿਚ ਅੰਤਰ ਕਰਕੇ ਹੈ। ਪਰ ਮੱਧ ਕਾਲੀਨ ਪੰਜਾਬੀ ਕਾਵਿ ਨੂੰ ਲੋਕ-ਵੇਦਨਾ ਦੀ ਅੱਕਾਸੀ ਲਈ ਨਵੇਂ ਸਿਰਿਓਂ ਸਿਰਜਣਾਤਮਕ ਅਮਲ ਵਿਚ ਲਿਆਉਣਾ ਹੁੰਦਲ ਦੀ ਮਹੱਤਵਪੂਰਨ ਪ੍ਰਾਪਤੀ ਹੈ।

ਇਹ ਜੋ ਗੁਰਾਂ ਨੇ ਤੁਸਾਂ ਨੂੰ ਤੇਗ ਬਖ਼ਸ਼ੀ, ਕਿਉਂ ਕਰ ਲਹੂ ਗਰੀਬ ਦਾ ਮੰਗਦੀ ਹੈ।
ਇਹਨੂੰ ਕਿਸਨੇ ਜਨੂੰਨ ਦੀ ਪਾਣ ਚਾੜ੍ਹੀ, ਹੱਥ ਲਹੂ ਨਿਰਦੋਸ਼ ਦੇ ਰੰਗਦੀ ਹੈ।
ਫੇਰ ਨਿਕਲਦੀ ਬਾਹਰ ਮਿਆਨ ਵਿਚੋਂ, ਪਹਿਲਾਂ ਅਕਲ ਨੂੰ ਛਿੱਕੇ ਟੰਗਦੀ ਹੈ।
ਭਲਾ ਕਦੋਂ ਸਰਬੱਤ ਦਾ ਮੰਗਦੀ ਹੈ, ਬੰਦੇ ਮਾਰਨੋਂ ਕਦੋਂ ਇਹ ਸੰਗਦੀ ਹੈ।

ਉਸ ਦੀ ਕਾਵਿ ਕਲਾ ਦੀਆਂ ਜੁਗਤਾਂ ਵਿਚੋਂ ਇਕ ਸਭ ਤੋਂ ਮਹੱਤਵਪੂਰਨ ਵਿਅੰਗ ਹੈ। ਇਹ ਵਿਅੰਗ ਬੜਾ ਕਾਟਵਾਂ ਹੈ, ਤਿੱਖਾ ਹੈ, ਨਸ਼ਤਰ ਦੀ ਚੋਭ ਵਾਲਾ ਹੈ। ਤੀਰ ਵਾਂਗੂ ਸਿੱਧਾ ਅਸਲ ਨੁਕਤੇ 'ਤੇ ਜਾ ਕੇ ਲੱਗਦਾ ਹੈ, ਪਾਠਕ ਇਕਦਮ ਹੈਰਾਨ ਹੁੰਦਾ ਹੈ ਤੇ ਅਵਾਕ ਰਹਿ ਜਾਂਦਾ ਹੈ। ਉਸਦੇ ਵਿਅੰਗ ਝੰਜੋੜਦੇ ਹਨ ਤੇ ਸੋਚਣ ਲਈ ਮਜਬੂਰ ਕਰਦੇ ਹਨ। ਵਿਅੰਗ ਦਾ ਮਸਾਲਾ ਉਹ ਆਪਣੇ ਆਲੇ-ਦੁਆਲੇ ਵਿਚੋਂ ਹੀ ਲੈਂਦਾ ਹੈ। ਵਿਅੰਗ ਵਿਚ ਗਹਿਰਾਈ ਵੀ ਹੁੰਦੀ ਹੈ ਤੇ ਠੇਠਤਾ ਵੀ। ਸਹਿਜ ਵੀ ਹੈ ਤੇ ਸੁਹਜ ਵੀ। ਸੂਖਮਤਾ ਵੀ ਹੁੰਦੀ ਹੈ ਤੇ ਸਪਸ਼ਟਤਾ ਵੀ। ਜਿਵੇਂ—

ਮੇਰੀ ਮੰਨ ਤੇ ਈਕਣ ਕਰ। ਬੂਹੇ ਉੱਤੇ ਇਕ ਤਿਰੰਗਾ ਝੰਡਾ ਲਾ।
ਸਿਰ ਤੇ ਗਾਂਧੀ ਟੋਪੀ ਰੱਖ। ਹੱਥ ਖੱਡੀ ਦਾ ਖੱਦਰ ਪਾ।

ਅੱਜ ਦੀਆਂ ਪਰਸਥਿਤੀਆਂ ਵਿਚ ਹੁੰਦਲ ਅਤੇ ਹੁੰਦਲ ਵਰਗੇ ਹੋਰ ਪ੍ਰਤੀਬੱਧ ਲੋਕਾਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਗਈ ਹੈ। ਸਮਾਜਵਾਦੀ ਵਿਚਾਰਧਾਰਾ ਦੇ ਨਾਲ-ਨਾਲ ਪ੍ਰਗਤੀਵਾਦ ਉੱਤੇ ਤਿੱਖੇ ਹਮਲੇ ਹੋ ਰਹੇ ਹਨ। ਉੱਤਰ ਆਧੁਨਿਕਤਾ ਪੂੰਜੀਵਾਦ ਦਾ ਹੀ ਇਕ ਬਚੂੰਗੜਾ ਹੈ ਜਿਹੜਾ ਆਧੁਨਿਕਤਾ ਦੇ ਅੰਤ ਦੀ ਗੱਲ ਕਰਦਾ -ਕਰਦਾ ਆਪ ਵੀ ਅੰਤ ਦਾ ਸ਼ਿਕਾਰ ਹੋ ਚੁੱਕਾ ਹੈ। ਅਨੇਕਾਂ ਵਿਗਾੜ ਵੱਖ-ਵੱਖ ਪਾਸਿਓਂ ਹੱਲੇ ਕਰ ਰਹੇ ਹਨ। ਅਸ਼ਲੀਲਤਾ, ਨਿਪੁੰਸਕਤਾ, ਉਦਾਸੀਨਤਾ, ਅਤੇ ਅਨਿਸ਼ਚਤਤਾ। ਕਵਿਤਾ ਵਿਚ ਵਿਚਾਰਧਾਰਕ ਖੜੋਤ ਆ ਗਈ ਹੈ। ਐਸੇ ਸਮੇਂ ਪ੍ਰਤੀਬੱਧ ਲੇਖਕ ਹੀ ਅਗਵਾਨੂ ਬਣ ਸਕਦੇ ਹਨ।

'ਮਾਰਗ' ਕਾਵਿ ਸੰਗ੍ਰਹਿ ਤੋਂ ਤੋਂ ਲੈ ਕੇ 'ਮੁਖਬਰੀ ਕਰਦੇ ਦਿਨ' ਤੱਕ ਉਸਦੀ ਪ੍ਰਤੀਬੱਧਤਾ ਨੇ ਕਵਿਤਾ ਦੀ ਤਲਾਸ਼ ਵਿਚ ਲੰਮਾ ਪੰਧ ਤੈਅ ਕੀਤਾ ਹੈ। ਉਸ ਦੀ ਕਵਿਤਾ ਦਾ ਵਧੇਰੇ ਹਿੱਸਾ ਰਾਜਨੀਤਕ ਕਵਿਤਾ ਹੈ। ਅਜਿਹੀ ਕਵਿਤਾ ਵਿਚ ਅੰਤਰ-ਵਿਰੋਧ ਪੈਦਾ ਹੋ ਜਾਣਾ, ਕਲਾਤਮਿਕਤਾ ਦੀ ਥਾਂ ਪ੍ਰਚਾਰ ਭਾਰੂ ਹੋ ਜਾਣਾ, ਉਲਾਰ ਦਾ ਸ਼ਿਕਾਰ ਹੋ ਜਾਣਾ, ਸੰਕੀਰਣਤਾ ਧਾਰਨ ਕਰ ਲੈਣੀ, ਬਦਲਦੇ ਰਾਜਨੀਤਕ ਪੈਂਤੜਿਆਂ ਕਾਰਨ ਵਿਚਾਰਧਾਰਕ ਸੰਕਟ ਵਿਚ ਗ੍ਰਸੇ ਜਾਣਾ, ਬਿਬੇਕੀ ਤੋਂ ਅਬਿਬੇਕੀ ਹੋ ਕੇ ਆਲੋਚਨਾਤਮਕ ਨੀਵਾਣਾਂ ਵੱਲ ਤਿਲਕ ਜਾਣਾ, ਕਵਿਤਾ ਨੂੰ ਕਿਸੇ ਵਿਅਕਤੀ, ਪਾਰਟੀ ਦੇ ਸੋਹਿਲੇ ਗਾਉਣ ਤੱਕ ਹੀ ਸੀਮਤ ਕਰ ਦੇਣਾ, ਭਾਵਹੀਣਤਾ ਤੋਂ ਕੋਰੀ ਅਕਵਿਤਾ ਦਾ ਰਚਣ ਲੱਗ ਪੈਣਾ ਆਦਿ

ਕਈ ਵਿਗਾੜ ਹਨ, ਜਿਹਨਾਂ ਦਾ ਐਸੀ ਕਵਿਤਾ ਦੀ ਸਿਰਜਣਾਤਮਕ ਅਮਲ ਵਿਚ ਉਭਰਨ ਦਾ ਡਰ ਰਹਿੰਦਾ ਹੈ। ਹੁੰਦੱਲ ਇਹਨਾਂ ਤੋਂ ਲਗਪਗ ਬਚਿਆ ਹੋਇਆ ਹੈ। ਹਾਂ ਕਿਤੇ-ਕਿਤੇ ਉਸਦੀ ਕਵਿਤਾ ਵਾਰਤਕ ਬਣ ਕੇ ਅਕਵਿਤਾ ਦਾ ਰੂਪ ਧਾਰਨ ਕਰ ਗਈ ਹੈ। ਵਿਰੋਧੀ ਰਾਜਨੀਤਿਕ ਵਿਚਾਰਧਾਰਨਾਵਾਂ ਵਿਰੁੱਧ ਬੇਬਾਕ ਹੁੰਦਿਆਂ ਉਹ ਕਈ ਵਾਰ ਸਪਾਟ ਵੀ ਹੋਇਆ ਹੈ। ਇੱਥੇ ਕਵਿਤਾ ਮਨਫ਼ੀ ਹੋ ਗਈ ਹੈ। ਅਤੇ ਕਲਾਤਮਿਕਤਾ ਪਿੱਛੇ ਜਾ ਪਈ ਹੈ। ਇਕ ਨਕਸਲੀ ਦੇ 'ਰੇਖਾ ਚਿੱਤਰ' ਸਮੇਂ ਦੀ ਕਵਿਤਾ ਦੇਖੋ—

**ਹੱਥੀਂ ਪਾਈ ਹੋਣ ਪਿੱਛੋਂ ਉਸ ਨੂੰ ਯਾਦ ਨਹੀਂ ਸੀ**
**ਕਿ ਉਹਦੀ ਪੱਗ ਕਿੱਥੇ ਤੇ ਜੁੱਤੀ ਕਿੱਥੇ**
**ਉਹਨੂੰ ਤਾਂ ਬੱਸ ਉਦੋਂ ਹੋਸ਼ ਆਈ**
**ਜਦੋਂ ਨਰਸ ਨੇ ਉਹਦੀ ਨਾੜ 'ਚ ਟੀਕਾ ਖੋਭਿਆ**
**ਘਰਦਿਆਂ ਨੇ ਸਮਝਿਆ ਕਿ ਸ਼ਾਇਦ**
**ਉਹ ਕਿੱਧਰੇ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ ਹੈ।**
**ਉਹਨਾਂ ਉਡੀਕ-ਉਡੀਕ ਕੇ ਉਸਦੀ ਤੀਵੀਂ**
**ਛੋਟੇ ਦੇ ਘਰ ਬਿਠਾਲ ਦਿੱਤੀ।**

ਪਦਾਰਥਕ ਲੁੱਟ-ਖਸੁੱਟ ਵਿਚ ਮਾਨਵ ਦੀ ਅੰਤ੍ਰੀਵਤਾ ਇਕੱਲਤਾ, ਸਹਿਮ, ਦੁਬਿਧਾ, ਡਰ, ਬੇਵਿਸ਼ਵਾਸੀ ਅਤੇ ਨੀਰਸਤਾ ਆਦਿ ਵਿਚ ਸੰਕਟ ਗ੍ਰਸਤ ਹੈ। ਇਹਨਾਂ ਬਾਰੇ ਹੋਰ ਸੂਖਮਤਾ, ਸੁੰਦਰਤਾ ਅਤੇ ਸਹਿਜ-ਭਾਵ ਨਾਲ ਲਿਖਣ ਦੀ ਲੋੜ ਹੈ। ਜੀਵਨ ਨੂੰ ਖਤਰੇ ਵੀ ਪਹਿਲਾਂ ਨਾਲੋਂ ਵੱਡੇ ਹਨ, ਇਸ ਲਈ ਕਵਿਤਾ ਦੀ ਮਾਨਵਵਾਦੀ ਸੁਰ ਵੀ ਹੋਰ ਉੱਚੀ ਹੋਣੀ ਚਾਹੀਦੀ ਹੈ। ਉਸਦਾ ਪਾਠਕ-ਖੇਤਰ ਵੀ ਵਿਸ਼ਾਲ ਹੋਵੇ। ਉਹ ਸਿਰਫ਼ ਖੱਬਿਆਂ ਦਾ ਲੇਖਕ ਹੀ ਨਾ ਹੋਏ, ਸਮੂਹ ਲੋਕਾਂ ਦਾ ਅਗਵਾਣੂ ਬਣੇ। ਏਨੇ ਲੰਮੇ ਕਾਵਿ-ਪੰਧ ਸਮੇਂ ਉਹ ਅਡੋਲ ਰਿਹਾ ਹੈ। ਜੀਵਨ-ਮੁੱਲਾਂ ਨੂੰ ਦਰਪੇਸ਼ ਹਰੇਕ ਸੰਕਟ ਵਿਚ ਉਸਦੀ ਕਵਿਤਾ ਪ੍ਰਤੀਕਿਰਿਆ ਉਤਪੰਨ ਕਰਦੀ ਰਹੀ ਹੈ। ਉਸਦੀ ਪ੍ਰਤੀਬੱਧਤਾ ਜੀਵਨ ਦੇ ਹਰੇਕ ਖੇਤਰ ਵਿਚ ਉਸਦੇ ਅੰਗ-ਸੰਗ ਰਹਿੰਦੀ ਹੈ ਅਤੇ ਕਵਿਤਾ ਵਿਚ ਵੀ। ਐਸੀ ਕਵਿਤਾ ਬਹੁਤ ਕੁਝ ਕਰਦੀ ਹੈ—

**ਠਰੇ ਹੱਥਾਂ 'ਤੇ ਨਿੱਘ ਧਰਦੀ ਹੈ,**
**ਕਾਲੀ ਰਾਤ ਪਹਿਰੇ 'ਤੇ ਖਲੋ**
**ਸੁੱਤਿਆਂ ਨੂੰ ਜਗਾਉਂਦੀ ਹੈ**
**ਖਾਲੀ ਹੱਥਾਂ 'ਚ ਹਥਿਆਰ ਬਣ**
**ਲੜਨਾ ਸਿਖਾਉਂਦੀ ਹੈ**
**ਕਵਿਤਾ ਵੀ ਬਹੁਤ ਕੁਝ ਕਰਦੀ ਹੈ।**

***(ਨਵੀਂ ਆਬਾਦੀ, ਧਾਰੀਵਾਲ, ਗੁਰਦਾਸਪੁਰ)***

---------

*(ਸਫ਼ਾ 55 ਦਾ ਬਾਕੀ ਹਿੱਸਾ)*

ਕਰਨ ਲਈ ਉਸ ਨੂੰ ਥਾਣੇ ਲੈ ਗਏ। ਲਾਸ਼ਾਂ ਵੀ ਪੁਲਿਸ ਵਾਲੇ ਆਪਣੇ ਨਾਲ ਹੀ ਲੈ ਗਏ।

ਪੁੱਛ-ਗਿੱਛ ਦੌਰਾਨ ਜੁਆਲੀ ਨੂੰ ਟਾਰਚਰ ਕੀਤਾ ਗਿਆ। ਉਹ ਦੱਸਦੀ ਕੀ? ਉਸਨੂੰ ਤਾਂ ਕੁਝ ਪਤਾ ਵੀ ਨਹੀਂ ਸੀ। ਉਹ ਨਹੀਂ ਜਾਣਦੀ ਸੀ ਕਿ ਅੱਤਵਾਦੀ ਕੌਣ ਹੁੰਦੇ ਹਨ। ਜੁਆਲੀ ਹੱਡੀਆਂ ਦੀ ਮੁੱਠ ਤਾਂ ਬਣੀ ਪਈ ਸੀ। ਪੁਲਿਸ ਦੀ ਮਾਰ ਸਹਿਣ ਜੋਗੀ ਕਿੱਥੇ ਸੀ। ਉਸਨੂੰ ਵਾਲਾਂ ਤੋਂ ਫੜ ਕੇ ਇਕ ਸਿਪਾਹੀ ਨੇ ਚਪੇੜ ਮਾਰੀ ਤਾਂ ਉਹ ਪਰਾਣ ਤਿਆਗ ਗਈ। ਦਹਿਸ਼ਤ ਦਾ ਮਾਹੌਲ ਸੀ। ਪੁਲਿਸ ਨੂੰ ਕੌਣ ਕੁਝ ਕਹਿੰਦਾ? ਬੱਸ ਜੁਆਲੀ ਦੀ ਲਾਸ਼ ਉਸਦੇ ਦੂਜੇ ਪੁੱਤਰਾਂ ਹਵਾਲੇ ਕਰ ਦਿੱਤੀ। ਉਹਨਾਂ ਚੁੱਪ-ਚਾਪ ਉਸਦਾ ਸੰਸਕਾਰ ਕਰ ਦਿੱਤਾ। ਅਗਲੇ ਦਿਨ ਅਖਬਾਰ 'ਚ ਖ਼ਬਰ ਸੀ ਕਿ ਨਿਹੰਗ ਬਾਬਾ, ਉਸਦੀ ਮਾਂ , ਹੁਸਨਾ ਅਤੇ ਉਸਦੇ ਸਾਥੀ ਇਕ ਪੁਲਿਸ ਮੁਕਾਬਲੇ ਵਿਚ ਹਲਾਕ।

ਬਹੁਤ ਸਾਰੇ ਉਕਤ ਸੁਆਲ ਅਜੇ ਵੀ ਧੂੜ 'ਚ ਦੱਬੇ ਪਏ ਸਨ। ਸ਼ਾਇਦ ਨਾ ਉਹ ਧਿਆਨ 'ਚ ਆਉਣ, ਨਾ ਉਹਨਾਂ ਦਾ ਹੱਲ ਹੋ ਸਕੇ।

---------



*__ਮੁਲਾਂਕਣ :__* **ਹਾਸ਼ੀਆਗ੍ਰਸਤ ਪੰਜਾਬੀ ਮਾਨਸਿਕਤਾ ਦਾ ਦੁਖਾਂਤਕ ਬਿਰਤਾਂਤ**

**(ਨਚੀਕੇਤਾ ਦੀ ਮੌਤ)**

***ਡਾ. ਬਲਦੇਵ ਸਿੰਘ ਧਾਲੀਵਾਲ***

ਅਜਮੇਰ ਸਿੱਧੂ ਪੰਜਾਬੀ ਦਾ ਨਵਾਂ ਪਰ ਬਹੁਤ ਸਮਰੱਥ ਕਹਾਣੀਕਾਰ ਹੈ। ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਉਸ ਦੀਆਂ ਕਹਾਣੀਆਂ ਪੰਜਾਬੀ ਦੇ ਪ੍ਰਸਿੱਧ ਮੈਗਜ਼ੀਨਾਂ ਵਿਚ ਪ੍ਰਕਾਸ਼ਿਤ ਹੋਣ ਲੱਗੀਆਂ ਤਾਂ ਉਹਨਾਂ ਨੇ ਇਕੋ ਸਮੇਂ ਪਾਠਕਾਂ ਅਤੇ ਆਲੋਚਕਾਂ ਦਾ ਧਿਆਨ ਝੰਜੋੜਨ ਦੀ ਹੱਦ ਤੱਕ ਖਿੱਚਿਆ। ਆਪਣੇ ਪਲੇਠੇ ਕਹਾਣੀ-ਸੰਗ੍ਰਹਿ 'ਨਚੀਕੇਤਾ ਦੀ ਮੌਤ' (1998) ਨਾਲ ਅਜਮੇਰ ਸਿੱਧੂ ਨੇ ਸਮੱਗਰ ਰੂਪ 'ਚ ਸਾਹਮਣੇ ਆ ਕੇ ਆਪਣੀ ਵਿਲੱਖਣ ਰਚਨਾ ਦ੍ਰਿਸ਼ਟੀ ਅਤੇ ਬਿਰਤਾਂਤਕ ਅੰਦਾਜ਼ ਦੀ ਭਰਵੀਂ ਗਵਾਹੀ ਦੇ ਦਿੱਤੀ। ਹਥਲਾ ਪੇਪਰ ਉਸਦੀ ਅਜਿਹੀ ਨਿਵੇਕਲੀ ਰਚਨਾ-ਦ੍ਰਿਸ਼ਟੀ ਨੂੰ ਪਛਾਨਣ ਦਾ ਸਮੀਖਿਆਤਮਕ ਉਪਰਾਲਾ ਹੈ.

'ਨਚੀਕੇਤਾ ਦੀ ਮੌਤ' ਸੰਗ੍ਰਹਿ ਦੀਆਂ ਕਹਾਣੀਆਂ ਦੀ ਪੜ੍ਹਤ ਉਪਰੰਤ ਇਹ ਧਾਰਨਾ ਕੇਂਦਰੀ ਰੂਪ 'ਚ ਉਭਰਦੀ ਹੈ ਕਿ ਸਿੱਧੂ ਪੰਜਾਬੀ ਜਗਤ ਦੀ ਉਤਰ-ਆਧੁਨਿਕ ਸਥਿਤੀ ਵਿਚ ਹਾਸ਼ੀਏ ਉੱਤੇ ਵਿਚਰਦੀ ਪੰਜਾਬੀ ਮਾਨਸਿਕਤਾ ਦੇ ਦੁਖਾਂਤਕ ਬਿਰਤਾਂਤ ਦਾ ਰਚਨਾਕਾਰ ਹੈ। ਆਪਣੀ ਇਸ ਪ੍ਰਕਾਰ ਦੀ ਪੇਸ਼ਕਾਰੀ ਹਿੱਤ ਉਸਨੇ ਜਿਹੜੀ ਬਿਰਤਾਂਤਕ ਜੁਗਤ ਨੂੰ ਅਪਣਾਇਆ ਹੈ ਉਹ ਸੰਕੇਤਕ ਅਤੇ ਜਟਿਲ ਬਿਰਤਾਂਤ ਦੀ ਹੈ। ਇਸ ਦੇ ਇਸ ਬਿਰਤਾਂਤਕ ਮਾਡਲ ਨੇ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦੇ ਵਿਲੱਖਣ ਨਕਸ਼ ਉਜਾਗਰ ਕਰਨ ਵਿਚ ਭਰਪੂਰ ਹਿੱਸਾ ਪਾਇਆ ਹੈ।

ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਪੂਰੇ ਵਿਸ਼ਵ ਵਾਂਗ ਹੀ ਪੰਜਾਬ-ਭਾਰਤ ਵਿਚ ਤੇਜ਼ੀ ਨਾਲ ਪਰਿਵਰਤਤ ਹੋਏ ਆਰਥਿਕ, ਸਮਾਜਿਕ ਤੇ ਰਾਜਨੀਤਿਕ ਦ੍ਰਿਸ਼ ਨੇ ਜਿਸ ਉਤਰ-ਆਧੁਨਿਕ ਸਥਿਤੀ ਨੂੰ ਜਨਮ ਦਿੱਤਾ ਹੈ ਉਸ ਦੀ ਜਟਿਲਤਾ ਨੂੰ ਸਮੱਗਰ ਰੂਪ 'ਚ ਸਮਝਣ ਲਈ ਉਤਰ ਆਧੁਨਿਕ ਵਿਸ਼ਵ-ਦ੍ਰਿਸ਼ਟੀ ਨੇ ਮਹੱਤਵਪੂਰਨ ਯੋਗਦਾਨ ਦਿੱਤਾ ਹੈ। ਇਸ ਸਥਿਤੀ ਦਾ ਸਭ ਤੋਂ ਉਭਰਵਾਂ ਪੱਖ ਵਿਸ਼ਵੀਕਰਨ ਅਤੇ ਖੇਤਰੀਵਾਦ ਦੀਆਂ ਧਾਰਨਾਵਾਂ ਦੇ ਟਕਰਾਵਾਂ ਰੂਪ ਧਾਰਨ ਕਰਨ ਨਾਲ ਸਬੰਧਿਤ ਹੈ, ਜਿਸਨੂੰ ਉਤਰ - ਆਧੁਨਿਕਵਾਦ ਦੀ ਸ਼ਬਦਾਵਲੀ ਵਿਚ ਮਹਾਂਬਿਰਤਾਂਤ (Grand Narrative) ਅਤੇ ਲਘੂ - ਬਿਰਤਾਂਤ (Little Narrative) ਕਿਹਾ ਗਿਆ ਹੈ। ਉਤਰ-ਆਧੁਨਿਕ ਵਿਸ਼ਵ-ਦ੍ਰਿਸ਼ਟੀ ਨੇ ਲਘੂ-ਬਿਰਤਾਂਤਾਂ ਦੀ ਪਛਾਣ ਦੇ ਸੰਕਟ ਨੂੰ ਸਭ ਤੋਂ ਪਹਿਲ ਦੇ ਆਧਾਰ ਉੱਤੇ ਮਹੱਤਤਾ ਦਿੱਤੀ। ਇਸੇ ਨਜ਼ਰੀਏ ਰਾਹੀਂ ਵਸਤੂ-ਯਥਾਰਥ ਦੀ ਸਮਝ ਦੇ ਰਾਹ ਪਿਆ ਅਜਮੇਰ ਸਿੱਧੂ ਉਹਨਾਂ ਸਮਾਜਿਕ ਸਮੂਹਾਂ, ਪਰਿਵਾਰਾਂ, ਧਰਮਾਂ, ਅਤੇ ਮਨੁੱਖਾਂ ਅੰਦਰਲੇ ਭਾਵਾਂ-ਵਿਚਾਰਾਂ ਨੂੰ ਆਪਣਾ ਰਚਨਾ-ਵਸਤੂ ਬਣਾਉਂਦਾ ਹੈ ਜਿਹੜੇ ਅਜੋਕੀਆਂ ਪਰਿਸਥਿਤੀਆਂ ਵਿਚ ਹਾਸ਼ੀਏ ਉੱਤੇ ਵਿਚਰਨ ਦਾ ਸੰਤਾਪ ਭੋਗ ਦੇ ਮੂਰਤੀ ਮਾਨ ਹੁੰਦੇ ਹਨ।

ਕਹਾਣੀ 'ਥੇਹ' ਦਾ ਉੱਤਮ-ਪੁਰਖੀ ਬਿਰਤਾਂਤਕਾਰ ਕਰਨੈਲ ਸਿੰਘ ਆਪਣੀ "ਅਬਸੇਸਿਵ ਕੰਪਲੈਕਸ ਨਿਊਰੋਸਿਸ" ਦੀ ਬਿਮਾਰੀ ਕਾਰਨ ਇਕ ਤੰਦਰੁਸਤ ਪਰਿਵਾਰ ਦੀ ਹਰ ਤਰ੍ਹਾਂ ਦੀ "ਸੇਵਾ" ਦੇ ਬਾਵਜੂਦ ਹਾਸ਼ੀਏ ਉੱਤੇ ਵਿਚਰਦਾ ਹੈ। ਅਲਰਜੀ ਅਤੇ ਟੈਨਸ਼ਨ ਦੇ ਨਾਲ ਨਾਲ ਏਡਜ਼ ਵਰਗੀ ਭਿਆਨਕ ਅਤੇ ਲਾਇਲਾਜ ਬਿਮਾਰੀ ਉਸਨੂੰ ਪੂਰੇ ਸਮਾਜਿਕ ਸਮੂਹ ਨਾਲੋਂ ਅਲੱਗ-ਥਲੱਗ ਕਰ ਦਿੰਦੀ ਹੈ। ਫਲਸਰੂਪ ਉਹ ਪਾਗਲ ਹੋਣ ਦੀ ਸਥਿਤੀ ਤੱਕ ਪਹੁੰਚ ਜਾਂਦਾ ਹੈ। ਕਹਾਣੀ 'ਗੌਰਜਾਂ' ਦਾ ਜਗਜੀਤ ਸਿੰਘ ਭਾਰਤੀ ਜਾਤਪਾਤੀ ਵਿਵਸਥਾ ਦੀ ਦਰਜੇਬੰਦੀ ਵਿਚ ਸਭ ਤੋਂ ਹੇਠਲੇ ਦਰਜੇ ਦੀ "ਜੰਗਮ" ਜਾਤੀ 'ਚੋਂ ਹੋਣ ਕਰਕੇ ਬਚਪਨ ਤੋਂ ਹੀ ਪੀੜਤ ਰਹਿੰਦਾ ਹੈ। ਆਰਥਿਕ ਸੁਧਾਰ ਰਾਹੀਂ ਆਪਣੀ ਸਥਿਤੀ ਤੋਂ ਉੱਪਰ ਉੱਠਣ ਦਾ ਯਤਨ ਕਰਦਾ ਕਰਦਾ ਉਹ "ਜੀਤੂ ਬਾਵੇ ਤੋਂ" ਸਰਦਾਰ ਜਗਜੀਤ ਸਿੰਘ ਬਣ ਜਾਂਦਾ ਹੈ ਪਰ ਜਾਤਪਾਤੀ ਵਿਵਸਥਾ ਤੋਂ ਸੇਧਿਤ ਲੋਕ-ਮਨ ਆਪਣੀਆਂ ਆਰਾਂ ਨਾਲ ਫਿਰ ਵੀ ਉਸਨੂੰ ਪੱਛਦਾ ਰਹਿੰਦਾ ਹੈ। ਇਹ ਵਿਵਹਾਰ ਉਸਨੂੰ "ਪਾਗਲ" ਬਣਾ ਦਿੰਦਾ ਹੈ। ਕਹਾਣੀਆ "ਨਾਸੂਰ" ਅਤੇ 'ਪਿੱਠ ਭੂਮੀ' ਦੀ ਕੇਂਦਰੀ ਪਾਤਰ ਮੰਗਲੀਕ ਹੋਣ ਕਾਰਨ ਪਹਿਲਾਂ ਢੁਕਵੀਂ ਉਮਰ ਵਿਚ ਵਰਪ੍ਰਾਪਤੀ ਤੋਂ ਵਾਂਝੀ ਰਹਿ ਜਾਂਦੀ ਹੈ, ਫੇਰ ਵਿਆਹ ਹੋ ਜਾਂਦਾ ਹੈ ਤਾਂ ਬੱਚਿਆਂ ਸਮੇਤ ਪਤੀ ਹੱਥੋਂ ਤ੍ਰਿਸਕਾਰੀ ਜਾਂਦੀ ਹੈ ਅਤੇ ਅੰਤ ਆਪਣੀ ਵਿਵਰਜਤ ਸਾਂਝ ਕਾਰਨ ਬੱਚਿਆਂ ਅਤੇ ਪੂਰੇ ਸਮਾਜਿਕ ਸਮੂਹ ਵੱਲੋਂ ਜ਼ਲੀਲ ਕੀਤੀ ਜਾਂਦੀ ਹੈ। ਸਿੱਟਾ ਉਸ ਔਰਤ ਦੀ ਮਾਨਸਿਕ ਅਵਸਥਾ ਦੇ ਡਾਵਾਂਡੋਲ ਹੋ ਜਾਣ ਦਾ ਹੀ ਨਿਕਲਦਾ ਹੈ। ਕਹਾਣੀ 'ਅੰਬਰਵੱਲ ਉੱਠੇ ਹੱਥ' ਦੀਆਂ ਚਾਰੇ ਭੈਣਾਂ ਮਰਦ-ਪ੍ਰਧਾਨ ਸੋਚ ਦੇ ਦਮਨ ਨਾਲ ਪੀੜਤ ਔਰਤ-ਸੰਵੇਦਨਾ ਦਾ ਦੁੱਖ ਭੋਗਦੀਆਂ ਅੰਤ ਖੁਦਕੁਸ਼ੀ ਦਾ ਮਾਰਗ ਚੁਣਦੀਆਂ ਹਨ। ਕਹਾਣੀ 'ਨੋ ਮੈਨਜ਼ਲੈਂਡ' ਦਾ ਉੱਤਮ -ਪੁਰਖੀ ਬਿਰਤਾਂਤਕਾਰ ਅਤੇ ਉਸਦੀ ਪ੍ਰੇਮਿਕਾ ਫਰਜ਼ਾਨਾ ਭਾਰਤ-ਪਾਕਿ ਦੀ

ਪ੍ਰਸਪਰ ਨਫ਼ਰਤੀ ਚੇਤਨਾ ਦਾ ਸ਼ਿਕਾਰ ਹੋ ਕੇ ਇਕ ਦੂਜੇ ਨੂੰ ਮਿਲਣ ਲਈ ਸਹਿਕਦੇ ਮਰ ਜਾਂਦੇ ਹਨ। ਕਹਾਣੀ 'ਬੰਦ ਦਰਵਾਜ਼ਾ' ਵਿਚਲਾ ਉੱਤਮ-ਪੁਰਖੀ ਬਿਰਤਾਂਤਕਾਰ ਦਾ ਭਰਾ ਆਪਣੀ ਕਾਮ-ਇੱਛਾ ਦੀ ਸਹਿਜ ਪੂਰਤੀ ਦੀ ਅਣਹੋਂਦ ਵਿਚ ਅੰਤ ਨੂੰ ਵਿਸਫੋਟ ਦੀ ਸਥਿਤੀ ਤੱਕ ਪਹੁੰਚ ਕੇ ਮਨੋਰੋਗੀ ਦੀ ਹੋਣੀ ਭੋਗਦਾ ਹੈ। ਕਹਾਣੀ 'ਦੀ ਸਵਾਰਡ ਆਫ ਬੰਦਾ ਸਿੰਘ ਬਹਾਦਰ' ਦਾ ਉੱਤਮ-ਪੁਰਖੀ ਬਿਰਤਾਂਤਕਾਰ ਸਥਾਪਤੀ ਦੇ ਵਿਭਿੰਨ ਰੂਪਾਂ-ਯੂਨਵਰਸਿਟੀਆਂ, ਸਿਹਤ ਮਹਿਕਮਿਆਂ ਅਤੇ ਪ੍ਰਬੰਧਕੀ ਦਫ਼ਤਰਾਂ-ਦੁਆਰਾ ਦਿੱਤੀ ਖੱਜਲ ਖੁਆਰੀ ਅਤੇ ਤ੍ਰਿਸਕਾਰ ਸਹਿੰਦਿਆਂ ਅੰਤ ਨੂੰ ਪਾਗਲਪਣ ਦੀ ਸਥਿਤੀ ਤੱਕ ਪਹੁੰਚ ਜਾਂਦਾ ਹੈ। ਇਸ ਸੰਗ੍ਰਹਿ ਦੇ ਨਾਮਕਰਨ ਦਾ ਆਧਾਰ ਬਣਨ ਵਾਲੀ ਕਹਾਣੀ 'ਨਚੀਕੇਤਾ ਦੀ ਮੌਤ' ਦਾ ਭਾਈ ਜੀ ਧਰਮ ਦੇ ਸੰਸਥਾਈ ਪ੍ਰਪੰਚ ਤੋਂ ਪ੍ਰੇਰਿਤ ਹੋਣ ਕਾਰਨ ਸਾਧਾਰਨ ਮਨੁੱਖੀ ਜੀਵਨ-ਜਾਚ ਤੋਂ ਵਾਂਝਾ ਹੋ ਕੇ ਮਕਾਨਕੀ ਕਿਸਮ ਦਾ ਜੀਵਨ ਜਿਊਂਦਾ ਹੈ।

ਇਹਨਾਂ ਸਮੂਹ ਕਹਾਣੀਆਂ ਦੇ ਕੇਂਦਰੀ ਮਹੱਤਤਾ ਵਾਲੇ ਪਾਤਰ ਹੀ ਨਹੀਂ ਬਲਕਿ ਦੁਜੇਲੀ ਮਹੱਤਤਾ ਵਾਲੇ ਗੋਰਖਣ ਵਰਗੇ ਪਾਤਰ ਵੀ ਕਿਸੇ ਨਾ ਕਿਸੇ ਪੱਖੋਂ ਹਾਸ਼ੀਆਗ੍ਰਸਤ ਸਥਿਤੀ ਦੀ ਹੋਣੀ ਭੋਗਦੇ ਹਨ। ਮਿਸਾਲ ਵਜੋਂ ਕਹਾਣੀ 'ਅੰਬਰ ਵੱਲ ਉੱਠੇ ਹੱਥ' ਦੀਆਂ ਭੈਣਾਂ ਆਪਣੇ ਮਾਂ-ਬਾਪ ਦੀ ਪੁੱਤਰ-ਲਾਲਸਾ ਕਾਰਨ ਹੀਣੇ-ਭਾਵ ਹੰਢਾਉਂਦੀਆਂ ਹਨ ਤਾਂ ਅੱਗੋਂ ਮਾਂ-ਬਾਪ ਕੇਵਲ ਪੁੱਤਰ ਹੱਥੋਂ ਆਰਥਿਕ ਤੇ ਸਮਾਜਿਕ ਗਤੀ ਹੋਣ ਵਾਲੀ ਸੰਮਤੀ-ਚੇਤਨਾ ਦੇ ਡੂੰਘੇ ਦਬਾਵਾਂ ਅਧੀਨ ਵਿਚਰਨ ਕਰਕੇ ਪੀੜਤ ਹਨ। ਇਉਂ ਕਿਸੇ ਇਕ ਸਥਿਤੀ ਵਿਚ ਮਹਾ-ਬਿਰਤਾਂਤ ਦੀ ਭੂਮਿਕਾ ਨਿਭਾਅ ਰਿਹਾ ਪਾਤਰ ਜਾਂ ਸਮਾਜਿਕ ਸਮੂਹ ਕਿਸੇ ਦੂਜੀ ਸਥਿਤੀ ਵਿਚ ਲਘੂ-ਬ੍ਰਿਤਾਂਤ ਦੀ ਹੋਣੀ ਭੋਗਦਾ ਨਜ਼ਰ ਆਉਂਦਾ ਹੈ। ਦਰਜੇਬੰਦੀ ਵਾਲੇ ਸ਼੍ਰੇਣੀ-ਸਮਾਜ ਵਿਚ ਇਹ ਸਿਲਸਿਲਾ ਨਿਰੰਤਰ ਅਤੇ ਅਮੁੱਕ ਨਜ਼ਰ ਅਉਂਦਾ ਹੈ। ਇਹਨਾਂ ਕਹਾਣੀਆਂ ਵਿਚ ਮਨੋਰੋਗੀ, ਮਰੀਜ਼, ਮੰਗਲੀਕ, ਬੇਰੜਾ, ਕੁੜੀਆਂ, ਭਾਈ ਜੀ, ਪ੍ਰੇਮੀ, ਧਾਰਮਿਕ ਘੱਟ ਗਿਣਤੀਆਂ, ਜੋਤਸ਼ੀ, ਜੰਗਮ ਅਤੇ ਨਿਮਨ ਜਾਤੀਆਂ ਆਦਿ ਸਭ ਦੇ ਸਭ ਹਾਸ਼ੀਆਗ੍ਰਸਤ ਹੋਂਦਾਂ ਵੱਲੋਂ ਹੀ ਦ੍ਰਿਸ਼ਟੀਗਤ ਹੁੰਦੇ ਹਨ। ਮਹਾ-ਬਿਰਤਾਂਤ ਦੀ ਧਾਰਨੀ ਸਥਾਪਤੀ ਅਤੇ ਉਸ ਦੀਆਂ ਵਿਭਿੰਨ ਸਹਾਇਕ ਸੰਸਥਾਵਾਂ ਸੰਸਥਾਈ ਧਰਮ, ਅਫ਼ਸਰਸ਼ਾਹੀ, ਵਿਦਿਅਕ ਸੰਸਥਾਵਾਂ, ਨਿਆਂ-ਪ੍ਰਬੰਧ, ਹਸਪਤਾਲ ਅਤੇ ਜੇਲ੍ਹਾਂ ਆਦਿ- ਉਪਰੋਕਤ ਵਰਣਿਤ ਹਾਸ਼ੀਆਗ੍ਰਸਤ ਹੋਂਦਾਂ ਨੂੰ ਆਪਣੇ ਵਿਧੀ ਵਿਧਾਨ ਅਨੁਕੂਲ ਸਾਧਣ ਦੀ ਪ੍ਰਕਿਰਿਆ ਵਿਚ ਸੋਧੇ ਗਏ ਪਾਤਰ ਅਤੇ ਨਾਬਰ ਹੋਏ ਪਾਤਰ, ਦੋਵੇਂ ਹੀ ਅੰਤ ਮਾਨਸਿਕ ਅੰਸਤੁਲਨ ਦੇ ਭਾਗੀ ਬਣਦੇ ਨਜ਼ਰੀ ਆਉਂਦੇ ਹਨ। ਬਹੁਤ ਥਾਈਂ ਇਹ ਵਰਤਾਰਾ ਪ੍ਰਤੱਖ ਹੈ ਜਿਵੇਂ ਕਹਾਣੀ ' ਦੀ ਸਵਾਰਡ ਆਫ਼ ਬੰਦਾ ਸਿੰਘ ਬਹਾਦਰ' ਦਾ ਪ੍ਰੋਫੈਸਰ ਚਾਣਕਿਆ ਆਪਣੇ ਖੋਜ-ਵਿਦਿਆਰਥੀ ਦੀ ਜੀਵਨ -ਦ੍ਰਿਸ਼ਟੀ ਬਦਲਣ ਦਾ ਯਤਨ ਕਰਦਾ ਹੈ। ਉਹ ਸਪੱਸ਼ਟ ਭਾਂਤ ਇਹ ਦਿਸ਼ਾ ਨਿਰਦੇਸ਼ ਦਿੰਦਾ ਹੈ, "ਤੁਸੀਂ ਰਾਜਬੀਰ ਮਸਲਿਆਂ ਬਾਰੇ ਕਿਉਂ ਲਿਖਦੇ ਓ। ਸਾਡੀ ਕੌਮ ਦਾ ਬੇੜਾ ਗਰਕ ਕਰਨ ਵਾਲੇ" ਇਉਂ ਹੀ ਇਸੇ ਕਹਾਣੀ ਦਾ ਡਾ. ਸ਼ੀਤਲ ਵਸ਼ਿਸ਼ਟ, ਜੋ ਡਿਪਾਰਟਮੈਂਟ ਦਾ ਡਾਇਰੈਕਟਰ ਹੈ, ਆਪਣੇ ਮਤਾਹਿਤ ਸਟਾਫ਼ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਭ੍ਰਿਸ਼ਟ ਮਾਨਸਿਕਤਾ ਦਾ ਹਾਮੀ ਬਨਾਉਣਾ ਚਾਹੁੰਦਾ ਹੈ।

ਅਪ੍ਰਤੱਖ ਰੂਪ ਵਿਚ ਇਹ ਵਰਤਾਰਾ ਪਾਤਰਾਂ ਦੇ ਅਵਚੇਤਨ ਦਾ ਅੰਗ ਬਣ ਕੇ ਲੁਕਵੇਂ ਰੂਪ 'ਚ ਵਾਪਰਦਾ ਹੈ। ਪਾਤਰ ਅਚੇਤ ਹੀ ਸਥਾਪਤੀ ਦੀ ਵਿਚਾਰਧਾਰਾ ਦੇ ਹਾਮੀ ਬਣ ਕੇ ਆਪਣਾ ਅਤੇ ਆਪਣੇ ਸੰਗੀਆਂ ਦਾ ਦਮਨ ਕਰਨ ਲੱਗਦੇ ਹਨ। ਮਿਸਾਲ ਵਜੋਂ ਕਹਾਣੀ 'ਅੰਬਰ ਵੱਲ ਉੱਠੇ ਹੱਥ' ਦੇ ਮਾਂ-ਬਾਪ ਅਚੇਤ ਹੀ ਸਾਮੰਤੀ ਕਦਰਾਂ ਦੀ ਰਹਿੰਦ-ਖੂੰਹਦ ਤੋਂ ਪ੍ਰੇਰਿਤ ਪੁੱਤਰ-ਪ੍ਰਾਪਤੀ ਦਾ ਪ੍ਰਪੰਚ ਕਰਦੇ ਕਰਦੇ ਆਪਣੀਆਂ ਧੀਆਂ ਤੋਂ ਬੇਮੁੱਖ ਹੋ ਜਾਂਦੇ ਹਨ। ਕਹਾਣੀਆਂ 'ਨਸੂਰ'ਅਤੇ 'ਪਿੱਠਭੂਮੀ' ਵਿਚਲੇ ਨੂੰਹ-ਪੁੱਤ ਦਾ ਆਪਣੀ ਸੱਸ-ਮਾਂ ਪ੍ਰਤੀ-ਤ੍ਰਿਸਕਾਰ ਅਚੇਤ ਹੀ ਉਹਨਾਂ ਨੂੰ ਸਥਾਪਤੀ ਦੇ ਪ੍ਰਤੀਨਿਧਾਂ ਦਾ ਰੂਪ ਦੇ ਦਿੰਦਾ ਹੈ। ਇਸ ਗੱਲ ਦੀ ਅੱਤ ਤਾਂ ਉਸ ਵੇਲੇ ਹੁੰਦੀ ਹੈ ਜਦੋਂ ਕਹਾਣੀ 'ਨਚੀਕੇਤਾ ਦੀ ਮੌਤ' ਵਿਚਲਾ ਭਾਈ ਜੀ ਧਰਮ ਦੇ ਸੰਸਥਾਈ ਰੂਪ ਤੋਂ ਪ੍ਰੇਰਿਤ ਹੋ ਕੇ ਆਪਣੀਆਂ ਹੀ ਮਾਨਵੀ ਸੇਵੇਦਨਾਵਾਂ ਪ੍ਰਤੀ ਦਮਨਕਾਰੀ ਰਵੱਈਆ ਧਾਰਨ ਕਰੀ ਰੱਖਦਾ ਹੈ ਜੋ ਬਾਅਦ ਵਿਚ ਵਿਸਫ਼ੋਟਕ ਰੂਪ ਗ੍ਰਹਿਣ ਕਰ ਜਾਂਦਾ ਹੈ। ਇਉਂ ਸਥਾਪਤੀ ਦੀ ਵਿਚਾਰਧਾਰਾ ਅਤੇ ਪਰੰਪਰਾ ਦੇ ਰੂੜੀਵਾਦੀ ਤੱਤਾਂ ਅਨੁਕੂਲ ਢਲੇ ਹੋਏ ਅਵਚੇਤਨ ਵਾਲਾ ਮਨੁੱਖ ਖੁਦ-ਬ-ਖੁਦ ਵੀ ਆਪਣੇ ਕੁਝ ਵਿਚਾਰਾਂ ਅਤੇ ਭਾਵਾਂ ਨੂੰ ਹਾਸ਼ੀਆਗ੍ਰਸਤ ਕਰਨ ਦੀ ਪ੍ਰਕਿਰਿਆ ਵਿਚ ਪੈ ਜਾਂਦਾ ਹੈ।

ਅਜਮੇਰ ਸਿੱਧੂ ਦੀਆਂ ਕਹਾਣੀਆਂ ਦੇ ਥੀਮਗਤ ਵੇਰਵਿਆਂ ਤੋਂ ਇਹ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਦੀ ਵਿਸ਼ੇਸ਼ ਰੁਚੀ ਕੇਂਦਰੀ ਸਪੇਸ ਤੋਂ ਹਾਸ਼ੀਏ ਉੱਤੇ ਧਕੇਲੇ ਜਾ ਰਹੇ ਪੰਜਾਬੀ



ਸੱਭਿਆਚਾਰਾਂ, ਮਨੁੱਖਾਂ ਅਤੇ ਮਨੁੱਖ ਅੰਦਰਲੇ ਭਾਵਾਂ ਵਿਚਾਰਾਂ ਨੂੰ ਸਮਝਣ ਅਤੇ ਗਲਪ-ਬਿੰਬ ਵਿਚ ਢਾਲਣ 'ਚ ਹੈ। ਆਪਣੇ ਉਤਰ-ਆਧੁਨਿਕ ਬੋਧ ਅਨੁਕੂਲ ਉਸ ਦੀ ਮਨ-ਪਸੰਦ ਕਥਾ-ਜੁਗਤ ਸੰਕੇਤਕ ਅਤੇ ਜਟਿਲ ਬਿਰਤਾਂਤ ਦੀ ਹੈ। ਉਸ ਦਾ ਪ੍ਰਤੀਨਿਧ ਬਿਰਤਾਂਤਕ ਪੈਟਰਨ ਇਸ ਪ੍ਰਕਾਰ ਬੁਣਿਆ ਜਾਂਦਾ ਹੈ ਕਿ ਕਹਾਣੀ ਦਾ ਆਰੰਭ ਉਤਮ-ਪੁਰਖੀ ਬਿਰਤਾਂਤਕਾਰ ਦੇ ਮਾਨਸਿਕ ਅੰਸਤੁਲਨ ਨੂੰ ਪ੍ਰਗਟਾਉਂਦੇ ਸਵੈ-ਕਥਨਾਂ ਅਤੇ ਪਾਤਰ-ਕਾਰਜ ਦੇ ਵਰਨਣ ਨਾਲ ਹੁੰਦਾ ਹੈ। ਮਿਸਾਲ ਵਜੋਂ ਕਹਾਣੀ 'ਬੇਹ' ਦੀ ਸ਼ੁਰੂਆਤ ਉਤਮ-ਪੁਰਖੀ ਬਿਰਤਾਂਤਕਾਰ ਕਰਨੈਲ ਸਿੰਘ ਦੇ ਆਪਣੀ ਬਿਮਾਰੀ ਸਬੰਧੀ ਸਵੈ-ਕਥਨਾਂ ਨਾਲ ਹੁੰਦੀ ਹੈ। 'ਅਬਸੈਸਿਵ ਕੰਪਲੈਸਿਵ ਨਿਊਰੋਸਿਸ' ਤੋਂ ਪੀੜਤ ਕਰਨੈਲ ਸਿੰਘ ਦੇ ਮਾਨਸਿਕ ਕਾਰਜ ਦੇ ਵਰਨਣ ਰਾਹੀਂ ਉਸਦੀ ਭਿਆਨਕ ਸਥਿਤੀ ਦਾ ਬਿਆਨ ਕੀਤਾ ਜਾਂਦਾ ਹੈ :-

ਮੈਨੂੰ ਡਰ ਲੱਗੀ ਜਾਂਦੈ ਅੱਜ ਤੜਕੇ ਪਾਠੀ ਬੋਲਿਆਸੀ ਜਦੋਂ ਮੇਰੀਆਂ ਅੱਖਾਂ ਸਾਹਮਣੇ ਆ ਗਿਆ। ਪਹਿਲਾਂ ਤਾਂ ਸਾਰੀ ਰਾਤ ਮੇਰੇ ਸਰੀਰ 'ਤੇ ਕੀੜੀ ਘੁੰਮਦੀ ਰਹੀ ਸੌਣ ਨਾ ਦਿੱਤਾ। ਫੜ੍ਹਨ ਦੀ ਕੋਸ਼ਿਸ਼ ਵੀ ਕੀਤੀ ਪਰ ਹੱਥ ਨ੍ਹੀ ਆਈ .......ਪਰ ਇਹ ਸ਼ਰੇਆਮ ਸਾਹਮਣੇ ਘੁੰਮੀ ਜਾਂਦਾ। ਪਰਸੋਂ ਵੀ ਬਹੂ ਨੇ ਬਚਾ ਲਿਆ। ਇਹ ਤਾਂ ਡੰਗ ਮਾਰਨ ਲੱਗਾ ਸੀ। ਖੈਰ .........। ਹੁਣ ਤਾਂ ਕੰਧ ਉੱਤੇ ਘੁੰਮੀ ਜਾਂਦਾ। ਕਾਲਾਸ਼ਾਹ ਕੌਡੀਆਂ ਆਲਾ ਏ।

ਫਿਰ ਬਿਰਤਾਂਤਕਾਰ ਦੀ ਅਜਿਹੀ ਮਾਨਸਿਕ ਅਵਸਥਾ ਦੇ ਪਿਛੋਕੜ ਵਿਚ ਕਾਰਜਸ਼ੀਲ ਉਹਨਾਂ ਪ੍ਰੇਰਕਾਂ ਦਾ ਵੇਰਵਾ ਦਿੱਤਾ ਜਾਂਦਾ ਹੈ। ਜਿਹਨਾਂ ਕਾਰਨ ਕਰਨੈਲ ਸਿੰਘ ਇਕ ਹੱਸਦੇ-ਵਸਦੇ ਪਰਿਵਾਰ ਦੇ ਸੰਤੁਲਿਤ ਮਾਨਸਿਕਤਾ ਵਾਲੇ ਜੀਅ ਦੀ ਸਥਿਤੀ ਤੋਂ ਇਕ ਮਰੀਜ਼ ਵਾਲੀ ਹਾਸ਼ੀਆਗ੍ਰਸਤ ਹੋਂਦ ਵਿਚ ਪਰਿਵਰਤਤ ਹੋ ਗਿਆ। ਕਰਨੈਲ ਸਿੰਘ ਨਾਲ ਪਹਿਲਾ ਹਾਦਸਾ ਛੜਾ ਰਹਿ ਜਾਣ ਦਾ ਵਾਪਰਿਆ। ਜੇ ਪਛੜ ਕੇ ਵਿਆਹ ਹੋ ਗਿਆ ਤਾਂ ਦੂਜੇ ਜਣੇਪੇ ਸਮੇਂ ਪਤਨੀ ਦੀ ਮੌਤ ਹੋ ਗਈ। ਉਹ ਆਪਣੀ ਕਾਮ-ਲੋੜ ਲਈ ਗਸ਼ਤੀ ਗੋਰਖਣ ਕੋਲ ਜਾਣ ਲੱਗ ਪਿਆ ਤਾਂ ਉਸ ਤੋਂ ਏਡਜ਼ ਹੋ ਗਈ। ਕੁੜੀ ਮੁਟਿਆਰ ਹੋਈ ਤਾਂ ਨੌਕਰ ਭਈਏ ਨਾਲ ਜਿਨਸੀ ਸਬੰਧ ਕਾਇਮ ਕਰਕੇ ਉਸਨੇ ਕਰਨੈਲ ਸਿੰਘ ਦੀ ਹਾਲਤ ਹੋਰ ਪਤਲੀ ਕਰ ਦਿੱਤੀ। ਕੁੜੀ ਨੂੰ ਕੈਨੇਡਾ ਵਿਆਹ ਕੇ ਸੁਰਖਰੂ ਹੋਣ ਦਾ ਯਤਨ ਕੀਤਾ ਤਾਂ ਜੁਆਈ ਦੇ ਵਿਵਰਜਤ ਸਬੰਧਾਂ ਨਾਲ ਕਰਨੈਲ ਸਿੰਘ ਦੀ ਧੀਅ ਅਤੇ ਦੋਹਤੀ ਨੂੰ ਵੀ ਏਡਜ਼ ਚਿੰਬੜ ਗਈ। ਅਤੇ ਉਸਦੀ ਅੰਸ਼ ਦਾ ਬੀਜ-ਨਾਸ਼ ਹੋ ਗਿਆ। ਇਹ ਸਭ ਪ੍ਰੇਰਕ ਅੰਤ ਨੂੰ ਕਰਨੈਲ ਸਿੰਘ ਦੀ ਹੋਂਦ ਦੇ ਸੰਕਟ ਦਾ ਕਾਰਨ ਬਣ ਗਏ। ਅਜਮੇਰ ਸਿੱਧੂ ਦੀ ਕਹਾਣੀ ਵਿਚ ਇਹ ਬਿਰਤਾਂਤਕ ਵੇਰਵੇ ਇਸ ਕ੍ਰਮ ਵਿਚ ਨਹੀਂ ਆਉਂਦੇ ਜਿਵੇਂ ਸੰਖੇਪ ਸਾਰ ਵਿਚ ਵਰਨਣ ਕੀਤੇ ਗਏ ਹਨ। ਸਗੋਂ ਇਹ ਵੇਰਵੇ ਗਾਹੇ-ਬਗਾਹੇ ਪ੍ਰਸੰਗ ਵੱਸ ਸੰਕੇਤਕ ਰੂਪ 'ਚ ਆਉਂਦੇ ਹਨ। ਇਹਨਾਂ ਨੂੰ ਇਸ ਪ੍ਰਕਾਰ ਜੋੜਿਆ- ਬੀੜਿਆ ਗਿਆ ਹੈ ਕਿ ਬਹੁਤ ਜਟਿਲ ਸੰਰਚਨਾ ਦੇ ਧਾਰਨੀ ਬਣ ਗਏ ਹਨ।

ਅਜਮੇਰ ਸਿੱਧੂ ਆਪਣੇ ਕੇਂਦਰੀ ਪਾਤਰ ਦੇ ਮਾਨਸਿਕ ਅੰਸਤੁਲਨ ਨੂੰ ਦੂਜੇ ਪਾਤਰਾਂ ਦੇ ਖਲਨਾਇਕੀ ਚਰਿਤਰ ਵਿੱਚੋਂ ਨਹੀਂ ਤਲਾਸ਼ਦਾ ਸਗੋਂ ਇਸ ਤੋਂ ਕਿਤੇ ਅਗਾਂਹ ਸਮੁੱਚੀ ਸਮਾਜਿਕ-ਰਾਜਨਿਤਕ ਵਿਵਸਥਾ ਤੱਕ ਲੈ ਜਾਂਦਾ ਹੈ। ਜੇ ਕੋਈ ਪਾਤਰ ਕਿਸੇ ਵਿਸ਼ੇਸ਼ ਸਥਿਤੀ ਵਿਚ ਖਲਨਾਇਕੀ ਵਿਵਹਾਰ ਕਰਦਾ ਵੀ ਹੈ ਤਾਂ ਆਪਣੀ ਸਥਿਤੀ ਵਿਚ ਉਹ ਖੁਦ ਵਿਵਸਥਾ ਦਾ ਸ਼ਿਕਾਰ ਨਜ਼ਰ ਆਉਂਦਾ ਹੈ। ਮਿਸਾਲ ਵਲੋਂ 'ਅੰਬਰ ਵੱਲ ਉੱਠੇ ਹੱਥ' ਦੀਆਂ ਕੁੜੀਆਂ ਲਈ ਉਹਨਾਂ ਦੇ ਮਾਂ-ਬਾਪ ਖਲਨਾਇਕ ਦੀ ਨਿਆਈ ਹਨ ਤਾਂ ਇਹ ਅੱਗੋਂ ਖੁਦ ਸਾਮੰਤੀ ਸੰਸਕਾਰਾਂ ਦੀ ਜਕੜ ਵਿਚ ਫਸੇ ਛਟਪਟਾ ਰਹੇ ਹਨ। ਕਹਾਣੀ 'ਦੀ ਸਵਾਰਡ ਆਫ਼ ਬੰਦਾ ਸਿਘ ਬਹਾਦਰ' ਦਾ ਉੱਤਮ ਪੁਰਖੀ ਬਿਰਤਾਂਤਕਾਰ ਜਦੋਂ ਦਫ਼ਤਰੀ ਖੱਜਲਖੁਆਰੀ ਤੋਂ ਖਿਝਿਆ ਰਿਸ਼ੈਪਸ਼ਨ ਲਈ ਬੈਠੀ ਮੈਡਮ ਨਾਲ ਲੜਨ ਲੱਗਦਾ ਹੈ ਤਾਂ ਉਹ ਆਖਦੀ ਹੈ, "ਦੇਖ, ਬਹੁਤਾ ਔਖਾ ਨਾ ਹੋ ਅਸੀਂ ਵੀ ਤੇਰੇ ਵਰਗੇ ਆਂ। ਅਫ਼ਸਰਾਂ ਨਾਲ ਜਾ ਕੇ ਲੜ। ਮੇਰੇ ਨਾਲ ਕਿਉਂ ਲੜਦਾਂ" ਆਪਣੀ ਇਸ ਕਥਾ-ਜੁਗਤ ਰਾਹੀਂ ਸਿੱਧੂ ਕੇਂਦਰੀ ਪਾਤਰ ਦੇ ਸੰਕਟ ਨੂੰ ਵਿਵਸਥਾ ਨਾਲ ਜੋੜਨ ਲਈ ਸਫਲ ਹੋ ਜਾਂਦਾ ਹੈ। ਪਰ ਹਰ ਬੁਰਾਈ ਨੂੰ ਸਥਾਪਤੀ ਦੇ ਗਲ ਮੜ੍ਹ ਕੇ ਕਹਾਣੀ ਕਾਰ ਸੁਰਖਰੂ ਨਹੀਂ ਹੋ ਜਾਂਦਾ ਸਗੋਂ ਹਾਸ਼ੀਏ ਉਤੇ ਵਿਚਰ ਰਹੇ ਪਾਤਰ ਜਾਂ ਸਮੂਹ ਦੇ ਅੰਦਰੋਂ ਵੀ ਉਹਨਾਂ ਪ੍ਰੇਰਕਾਂ ਨੂੰ ਤਲਾਸ਼ਦਾ ਹੈ ਜਿਹੜੇ ਉਹਨਾਂ ਦੀ ਸੰਕਟ-ਸਥਿਤੀ ਲਈ ਬਰਾਬਰ ਦੇ ਜ਼ਿੰਮੇਵਾਰ ਹਨ। ਮਿਸਾਲ ਵਜੋਂ 'ਗੌਰਜਾਂ' ਕਹਾਣੀ ਦਾ ਜੀਤੂ ਬਾਵਾ ਭਾਵੇਂ ਲੰਬੜਾਂ ਦੇ ਪਰਿਵਾਰ ਵੱਲੋਂ ਉਹਨਾਂ ਨੂੰ "ਮੰਗ ਖਾਣੀ ਜਾਤ" ਆਖੇ ਜਾਣ ਨਾਲ ਦੁਖੀ ਹੁੰਦਾ ਹੈ ਪਰ ਖੁਦ ਵੀ ਆਪਣੀ "ਬਰਾਦਰੀ" ਨਾਲ "ਨਫ਼ਰਤ" ਕਰਦਾ ਹੈ ਅਤੇ "ਬਾਵੇ......ਗੌਰਜਾਂ" ਕਹਿ ਕੇ ਗਾਲ੍ਹਾ ਕੱਢਦਾ ਹੈ। ਜੱਟ-ਹਉਮੈਂ ਵਾਲੇ ਬੀਜ ਉਸਦੇ ਆਪਣੇ ਅਵਚੇਤਨ ਵਿਚ ਵੀ ਢੰਗੂਰ ਮਾਰੀ ਬੈਠੇ ਹਨ। ਅਜਮੇਰ ਸਿੱਧੂ ਇਹਨਾਂ ਦੋਵਾਂ ਧਿਰਾਂ ਨੂੰ ਹੀ ਆਪਣੇ

ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੈ। ਕਹਾਣੀ 'ਗੌਰਜਾਂ' ਦੀ ਹੀ ਜਥੇਦਾਰ ਜਗੀਰ ਸਿੰਘ ਜਦੋਂ ਜਗਜੀਤ ਸਿੰਘ ਨੂੰ "ਦਲਿਤ ਚੇਤਨਾ ਦਾ ਫੈਦਾ ਲੈ" ਕੇ ਸਰਪੰਚੀ ਦੀ ਚੋਣ ਜਿੱਤਣ ਲਈ ਆਖਦਾ ਹੈ ਤਾਂ ਜਾਤ-ਪਾਤ ਨੂੰ ਖਤਮ ਕਰਨ ਦਾ ਦਾਅਵਾ ਲੈ ਕੇ ਸੰਘਰਸ਼ੀਲ ਰਹੀ ਸਿੱਖ-ਲਹਿਰ ਦਾ ਪਤਨਗ੍ਰਸਤ ਸੰਸਥਾਈ ਰੂਪ ਵਿਅੰਗ ਦਾ ਨਿਸ਼ਾਨਾ ਬਣ ਜਾਂਦਾ ਹੈ।

ਅਜਮੇਰ ਸਿੱਧੂ ਦੀ ਬਿਰਤਾਂਤ-ਦ੍ਰਿਸ਼ਟੀ ਦਾ ਸਭ ਤੋਂ ਧਿਆਨ ਖਿੱਚਣ ਵਾਲਾ ਪੱਖ ਉਸਦੀ ਡੂੰਘੀ ਨੀਝ ਹੈ ਜਿਸਦੀ ਪਿੱਠ ਭੂਮੀ ਵਿਚ ਉਸਦੀ ਤਰਕਮਈ ਸੂਝ, ਇਤਿਹਾਸ-ਮਿਥਿਹਾਸ ਦਾ ਮੰਥਨ ਅਤੇ ਸਿਰਜਣਾਤਮਕ ਕਲਪਨਾ ਸ਼ਕਤੀ ਵਿਦਮਾਨ ਹਨ। ਅਜਿਹੀ ਪ੍ਰਤਿਭਾ ਸਦਕਾ ਉਹ ਆਪਣੇ ਪਾਤਰਾਂ ਦੇ ਅਵਚੇਤਨ ਦੀਆਂ ਉਹ ਨੁੱਕਰਾਂ ਵੀ ਫਰੋਲਣ ਵਿਚ ਸਫ਼ਲ ਹੋਇਆ ਹੈ ਜਿਹਨਾਂ ਵੱਲ ਪਹਿਲਾਂ ਪੰਜਾਬੀ ਚਿੰਤਨ ਦੀ ਨਜ਼ਰ ਹੀ ਨਹੀਂ ਸੀ ਗਈ। ਮਿਸਾਲ ਦੇ ਤੌਰ 'ਤੇ ਪੰਜਾਬੀ ਅਵਚੇਤਨ ਉੱਤੇ ਭਾਰਤੀ ਜਾਤ-ਪਾਤੀ ਵਿਵਸਥਾ ਨਾਲ ਹੋਂਦ 'ਚ ਆਏ ਸੰਸਕਾਰਾਂ ਦੀ ਏਨੀ ਮਜ਼ਬੂਤ ਅਤੇ ਸੂਖ਼ਮ ਪਕੜ ਨੂੰ ਵਸਤੂਪਰਕ ਢੰਗ ਨਾਲ ਸਮਝਣ ਦੀ ਸਫ਼ਲ ਕੋਸ਼ਿਸ਼ ਬਹੁਤ ਘੱਟ ਹੋਈ ਹੈ। ਅਜਮੇਰ ਸਿੱਧੂ ਨੇ ਇਸ ਪ੍ਰਸੰਗ ਵਿਚ ਥਾਂ-ਪਰ-ਥਾਂ ਸਿੱਖੀ-ਪ੍ਰਵਚਨ ਨਾਲ ਸੰਕੇਤਕ ਸੰਵਾਦ ਰਚਾਇਆ ਹੈ। ਗੁਰਬਾਣੀ ਗੁਰਮੁੱਖ ਦੇ ਸੰਕਲਪ ਅਤੇ ਕਹਾਣੀ 'ਥੇਹ' ਦੇ ਜਥੇਦਾਰ ਨਿਹੰਗ ਸਿੰਘ ਟੱਕਰ ਦੇ ਵਿਵਹਾਰ ਦੀ ਤੁਲਨਾ ਵੇਖਣੀ ਹੋਵੇ ਤਾਂ ਗੋਰਖਣ ਦੇ ਬੋਲ ਵੇਖੇ ਜਾ ਸਕਦੇ ਹਨ।

"ਅਰੇ ਜੋ ਮੋਲ ਕਲਾਂ ਏ ਨਾ। ਵਹਾਂ ਦਾ ਵੋ ..........ਜਥੇਦਾਰ ਨਿਹੰਗ ਸਿੰਘ ਟੱਕਰ ਏ ਨਾ। ਦੋ ਹਜ਼ਾਰ ਮੇਂ ਮੁਝੇ ਖਰੀਦ ਕਰ ਲਾਯਾ ਥਾ।........ਸਾਦਾ ਰੋਟੀ ਨ੍ਹੀ ਦੇ ਪਾਇਆ।ਪਹਿਲੇ ਤੋਂ ਬੜੇ ਸਬਜ਼ਬਾਗ ਦਿਖਾਤਾ ਥਾ। ਛੋਡਕਰ ਭਾਗ ਗਿਆ। ਭੁੱਖੀ ਮਰ ਜਾਤੀ।....ਧੰਦਾ ਕਰ ਲੀਆ"

ਅਜਮੇਰ ਸਿੱਧੂ ਦਾ ਸਿੱਖ- ਪ੍ਰਵਚਨ ਨਾਲ ਇਹ ਸੰਵਾਦ ਇਸ ਸਮੇਂ ਹਾਂਵਾਚੀ ਅਰਥ ਗ੍ਰਹਿਣ ਕਰ ਜਾਂਦਾ ਹੈ ਜਦੋਂ ਉਹ ਰੂੜ੍ਹੀਵਾਦ ਦੇ ਸਾਮੰਤੀ ਵਰਤਾਰੇ ਦੇ ਖਾਤਮੇ ਲਈ ਅੰਤ "ਬੰਦਾ ਸਿੰਘ ਬਹਾਦਰ ਦੀ ਤਲਵਾਰ" ਨੂੰ ਚਿਤਵਦਾ ਹੈ। ਰੌਚਿਕ ਗੱਲ ਇਹ ਹੈ ਕਿ ਅਜਿਹੀ ਸੋਚ ਵਾਲੇ ਵਿਦਿਆਰਥੀ ਰਾਜਬੀਰ ਨੂੰ ਉਸਦਾ ਪੀ. ਐੱਚ. ਡੀ. ਦਾ ਨਿਗਰਾਨ ਪ੍ਰੋਫੈਸਰ ਬਲਵਿੰਦਰ ਸਿੰਘ "ਮੁਸਲਿਆਂ ਬਾਰੇ" ਲਿਖਣ ਦਾ ਫਤਵਾ ਦਿੰਦਾ ਹੈ। ਸਿੱਖੀ ਦੇ ਸਾਮੰਤੀਕਰਨ ਦਾ ਇਹ ਵਰਤਾਰਾ ਹੀ 'ਨਚੀਕੇਤਾ ਦੀ ਮੌਤ' ਦੇ ਮੈਟਾਫ਼ਰ ਰਾਹੀਂ ਉੱਭਰ ਕੇ ਸਾਹਮਣੇ ਆਉਂਦਾ ਹੈ। ਇਸ ਪ੍ਰਕਿਰਿਆ ਦੇ ਮਾਰੂ ਪ੍ਰਭਾਵਾਂ ਪ੍ਰਤੀ ਟਿੱਪਣੀ ਕਰਦਿਆਂ ਕਹਾਣੀ 'ਦੀ ਸਵਾਰਡ ਆਫ਼ ਦਾ ਬੰਦਾ ਸਿੰਘ ਬਹਾਦਰ' ਦੇ ਬਿਰਤਾਂਤਕਾਰ ਦਾ ਪਾਪਾ ਆਖਦਾ ਹੈ :-

"ਜਿਹੜੇ ਸਾਡੇ ਨਾਇਕ ਸਨ। ਖਪਾ ਦਿੱਤੇ ਗਏ। ਉਹ ਜਿਉਣਾ ਚਾਹੁੰਦੇ ਸਨ। ਲੋਕਾਂ ਨੂੰ ਜਿਉਣ ਦੇਣਾ ਚਾਹੁੰਦੇ ਸਨ। ਉਹ ਇਤਿਹਾਸ ਦੇ ਪੰਨਿਆਂ ਤੋਂ ਵੀ ਗਾਇਬ ਨੇ। ਸਾਲੀਆਂ ਬੰਦੇ ਦੁਆਲੇ ਗਿਰਝਾਂ.......।

ਇਉਂ ਅਜਮੇਰ ਸਿੱਧੂ ਆਪਣੀ ਬਿਰਤਾਂਤਕਾਰੀ ਰਾਹੀਂ ਇਤਿਹਾਸ ਦੇ ਪੁਨਰ-ਅਰਥਾਂ ਦਾ ਸਿਰਜਣ ਉਤਰ-ਆਧੁਨਿਕ ਦ੍ਰਿਸ਼ਟੀ ਤੋਂ ਕਰਨ ਲਈ ਰਾਹ ਪੱਧਰਾ ਕਰਦਾ ਹੈ। ਆਪਣੀ ਕਹਾਣੀ ਤੋਂ ਏਨੇ ਵੱਡੇ ਕਾਰਜ ਦਾ ਭਾਰ ਚੁਕਾਉਣ ਕਰਕੇ ਭਾਵੇਂ ਉਸ ਦੀ ਬਿਰਤਾਂਤ-ਕਲਾ ਕਿਤੇ ਕਿਤੇ ਐਬਸਟ੍ਰੈਕਸ਼ਨ (ਅਮੂਰਤਤਾ) ਅਤੇ ਪ੍ਰਯੋਗਵਾਦ ਉੱਤੇ ਵਧੇਰੇ ਆਸ਼੍ਰਿਤ ਹੋਣ ਲੱਗ ਪੈਂਦੀ ਹੈ ਪਰ ਆਪਣੀ ਇਸ ਕਮਜ਼ੋਰੀ ਨੂੰ ਉਹ ਮੈਟਾਫਰ ਦੇ ਸੱਜਰੇਪਣ ਅਤੇ ਅਰਥਾਂ ਦੀ ਵੰਨ-ਸੁਵੰਨਤਾ ਨਾਲ ਢਕ ਲੈਂਦਾ ਹੈ। ਪਾਤਰਾਂ ਦੇ ਮਾਨਸਿਕ ਕਾਰਜ ਨੂੰ ਸਮੂਰਤ ਕਰਨ ਦੇ ਹੁਨਰ ਅਤੇ ਉੱਤਮ-ਪੁਰਖੀ ਬਿਰਤਾਂਤਕ ਪ੍ਰਵਚਨ ਰਾਹੀਂ ਬਿਆਨ ਨੂੰ ਸਵੈਜੀਵਨੀਆਤਮਕ ਛੋਹਾਂ ਦੇਣ ਰਾਹੀਂ ਵੀ ਉਹ ਪਾਠਕ ਨੂੰ ਏਨਾ ਨੇੜੇ ਕਰ ਲੈਂਦਾ ਹੈ ਕਿ ਉਹ ਖੁਦ ਪਾਠਕ-ਪ੍ਰਵਚਨ ਸਿਰਜਣ ਦੇ ਅਮਲ ਵਿਚ ਪੈ ਜਾਂਦਾ ਹੈ। ਪਾਠਕ ਇਉਂ ਪਾਤਰਾਂ ਦੇ ਅਵਚੇਤਨ ਦੇ ਨਾਲ ਨਾਲ ਆਪਣੇ ਅਵਚੇਤਨ ਦੀ ਪੁਨਰ-ਸਿਰਜਣਾ ਕਰਨ ਦਾ ਬੌਧਿਕ ਆਨੰਦ ਮਾਣਦਾ ਹੈ।

ਸਮੁੱਚੇ ਰੂਪ 'ਚ ਕਿਹਾ ਜਾ ਸਕਦਾ ਹੈ ਕਿ ਅਜਮੇਰ ਸਿੱਧੂ ਦੇ ਕਹਾਣੀ-ਸੰਗ੍ਰਹਿ 'ਨਚੀਕੇਤਾ ਦੀ ਮੌਤ' ਨਾਲ ਪੰਜਾਬੀ ਕਹਾਣੀ ਨੇ ਇਕ ਪੁਲਾਂਘ ਹੋਰ ਅੱਗੇ ਨੂੰ ਪੁੱਟੀ ਹੈ। ਇਸ ਨਾਲ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦੇ ਨਕਸ਼ ਹੋਰ ਵੀ ਸਪੱਸ਼ਟ ਰੂਪ 'ਚ ਸਾਹਮਣੇ ਆਉਣ ਲੱਗੇ ਹਨ। ਅਜਮੇਰ ਸਿੱਧੂ ਇਸ ਪੜਾਅ ਦਾ ਮੋਹਰੀ ਬਣ ਕੇ ਉਭਰਿਆ ਹੈ। *(ਰੀਡਰ, ਪੱਤਰ - ਵਿਹਾਰ ਵਿਕਾਸ, ਵਿਭਾਗ ਪੰਜਾਬੀ ਯੂਨੀ. ਪਟਿਆਲਾ)*



*ਪੁਸਤਕ ਪੜਚੋਲ:*

## ਆਥਣ ਵੇਲਾ *(ਹਰਬਖਸ਼ ਸਿੰਘ ਮਕਸੂਦਪੁਰੀ)*

'ਆਥਣ ਵੇਲਾ' ਇੰਗਲੈਂਡ ਨਿਵਾਸੀ ਹਰਬਖਸ਼ ਸਿੰਘ ਮਕਸੂਦਪੁਰੀ ਦਾ ਤੀਜਾ ਕਾਵਿ ਸੰਗ੍ਰਹਿ ਹੈ। ਉਹ ਵਾਰਤਕ ਦੀਆਂ ਦੋ ਪੁਸਤਕਾਂ ਵੀ ਪੰਜਾਬੀ ਭਾਸ਼ਾ ਦੇ ਸਾਹਿਤ ਨੂੰ ਭੇਟਾ ਕਰ ਚੁੱਕਾ ਹੈ ਜਿਹਨਾਂ ਵਿਚ ਉਸ ਦੀ ਆਲੋਚਨਾ ਦੀ ਪੁਸਤਕ 'ਬਰਤਾਨਵੀ ਪੰਜਾਬੀ ਸਾਹਿਤ ਦੀਆਂ ਪ੍ਰਾਪਤੀਆਂ' ਵੀ ਸ਼ਾਮਲ ਹੈ। ਇਸ ਪੁਸਤਕ ਨਾਲ ਬਰਤਾਨੀਆ ਵਿਚ ਪੰਜਾਬੀ ਸਾਹਿਤ ਦੀ ਆਲੋਚਨਾ ਦਾ ਮੁੱਢ ਬੱਝਾ ਸੀ ਭਾਵੇਂ ਕਿ ਇਸ ਵਿਚ ਗਲੋਰੀਫਾਈ ਕੀਤੇ ਉਸ ਦੇ ਨਿੱਜੀ ਮਿੱਤਰਾਂ ਅਤੇ ਕੰਡੈਮ/ਇਗਨੌਰ ਕੀਤੇ ਗਏ ਉਹਨਾਂ ਨਾਲੋਂ ਸਮਰੱਥ ਲੇਖਕਾਂ ਪ੍ਰਤੀ ਉਸ ਦੇ ਨਿਸ਼ਚਤਵਾਦੀ ਸਿਧਾਂਤ ਉੱਪਰ ਅਧਾਰਤ ਰੀਡਕਸ਼ਨਿਸਟ ਵਿਧੀ ਨਾਲ ਸਹਿਮਤ-ਅਸਹਿਮਤ ਹੋਣ ਦੇ ਵੱਖਰੇ ਪ੍ਰਸੰਗ ਹਨ। ਫਿਰ ਵੀ ਇਸ ਪੁਸਤਕ ਦੀ ਉਸ ਸਮੇਂ ਦੀ ਮਹੱਤਤਾ ਨੇ ਉਸ ਦੀ ਲੇਖਕ ਵਜੋਂ ਪਹਿਚਾਣ ਸਥਾਪਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਇਕ ਕਵੀ ਵਜੋਂ ਸਥਾਪਤ ਹੋਣ ਦੀ ਪ੍ਰਕਿਰਿਆ ਦੇ ਸੰਦਰਭ ਵਿਚ ਉਸ ਦੇ ਪ੍ਰਥਮ ਪ੍ਰਯਤਨ ਸਮੇਂ ਉਸਦਾ ਆਪਣਾ ਕਥਨ ਉਸਦੇ ਸਮੁੱਚੇ ਕਾਵਿ ਦੇ ਵਿਸ਼ਲੇਸ਼ਣ ਵਿਚ ਸਹਾਈ ਹੋ ਸਕਦਾ ਹੈ ਜੋ ਇਸ ਪ੍ਰਕਾਰ ਹੈ-"ਪਿਆਰ ਦੇ ਅਨੁਭਵ ਦੀਆਂ ਤੇ ਇਨਕਲਾਬ ਦੇ ਰੁਮਾਂਸ ਦੀਆਂ ਮੇਰੇ ਪਾਸ ਦੋ ਸੌ ਕਵਿਤਾਵਾਂ ਸਨ। ਜਿਉਂ ਜਿਉਂ ਉਮਰ ਦੇ ਸਾਲਾਂ ਦੀ ਗਿਣਤੀ ਵਧਦੀ ਗਈ ਮੈਂ ਉਹਨਾਂ ਕਵਿਤਾਵਾਂ ਦੀ ਅਣ-ਯਥਾਰਥਕ ਤੇ ਰੁਮਾਂਚਿਕ ਪਹੁੰਚ ਤੋਂ ਉੱਪਰ ਹੁੰਦਾ ਗਿਆ ਤੇ ਪਹੁੰਚ ਯਥਰਾਥਕ ਬਣ ਗਈ।"

(ਆਰਸੀ ਜੂਨ1997)

ਉਪਰੋਕਤ ਕਥਨ ਤੋਂ ਸਹਿਜ ਅਤੇ ਸਪੱਸ਼ਟ ਰੂਪ ਵਿਚ ਸਿੱਟਾ ਕੱਢਿਆ ਜਾ ਸਕਦਾ ਹੈ ਕਿ 'ਆਥਣ ਵੇਲਾ' ਦੀਆਂ ਕਵਿਤਾਵਾਂ ਕਵੀ ਦੀ ਉਮਰ ਦੇ ਆਥਣ ਵੇਲੇ ਦੀਆਂ ਲਖਾਇਕ ਹਨ ਜਿਹਨਾਂ ਦੀ ਪਿੱਠਭੂਮੀ ਵਿਚ ਉਸ ਦੇ ਜੀਵਨ ਦੇ ਵਿਸ਼ਾਲ ਤਜਰਬੇ ਅਤੇ ਚਿੰਤਨ ਦਾ ਜੋੜ-ਫਲ ਕ੍ਰਿਆਸ਼ੀਲ ਹੈ ਜਿਸ ਨੇ ਉਸਨੂੰ ਜੀਵਨ-ਯਥਾਰਥ ਦੀ ਸੂਝ-ਗਿਆਨ-ਚੇਤਨਾ ਪ੍ਰਦਾਨ ਕੀਤੀ ਹੈ। ਕਵੀ ਦਾ ਹੁਣਵਾਂ ਜੀਵਨ-ਯਥਾਰਥ ਕੀ ਹੈ? ਇਹ ਉਸ ਦੀਆਂ 'ਆਥਣ ਵੇਲਾ' ਦੀਆਂ ਕਵਿਤਾਵਾਂ ਵਿਚੋਂ ਇਸ ਪਰਕਾਰ ਉਪਲਬਧ ਹੁੰਦਾ ਹੈ-

1. ਲੱਖ ਚੁਰਾਸੀ ਜੂਨਾਂ ਵਿਚੋਂ ਲੰਘ ਕੇ ਮਾਨਸ ਦੀ ਮੈਂ ਜੂਨ ਦੇ ਵਿਚ ਆ ਗਿਆ। (ਆਦਿ ਕਥਾ ਪੰਨਾ9)

2. ਹੇ ਸਰੀਰਾ ਮੇਰਿਆ ਇਸ ਜੱਗ ਵਿਚ ਆਉਣ ਤੋਂ ਪਹਿਲਾਂ ਤੂੰ ਇਹ ਸੱਭ ਕੁਝ ਕਿੱਥੋਂ ਪਾਇਆ? ਕਿਥੋਂ ਪਾਇਆ ਤੂੰ ਇਹ ਸਭ ਕੁਝ ਹੇ ਸਰੀਰਾ ਮੇਰਿਆ। (ਹੇ ਸਰੀਰਾ ਮੇਰਿਆ ਸਫ਼ਾ 58)

ਜੀਵਨ-ਯਥਾਰਥ ਦਾ ਉਪਰੋਕਤ ਰਹੱਸਵਾਦੀ-ਅਮੂਰਤ ਅਨੁਭਵ ਇਸ ਸੰਗ੍ਰਹਿ ਦੀਆਂ ਹੋਰ ਵੀ ਕਈਆਂ ਕਵਿਤਾਵਾਂ ਵਿਚ ਪ੍ਰਾਪਤ ਹੈ। ਇਸ ਕਾਵਿ-ਅਨੁਭਵ ਦੇ ਦਾਰਸ਼ਨਿਕ ਅਧਾਰ ਕੀ ਹਨ? ਇਸ ਦੇ ਵਿਸਥਾਰ ਵਿਚ ਜਾਣ ਦੀ ਆਵਸ਼ੱਕਤਾ ਨਹੀਂ। ਸੱਭ ਕੁਝ ਸ਼ਪੱਸ਼ਟ ਹੈ।

ਇਸ ਸੰਗ੍ਰਹਿ ਦਾ ਰਚਨਾ ਸੰਸਾਰ ਜੀਵਨ ਦੀਆਂ ਸਧਾਰਣ ਘਟਨਾਵਾਂ ਤੋਂ ਲੈ ਕੇ ਬ੍ਰਹਿਮੰਡ ਦੇ ਕੁਦਰਤੀ ਵਰਤਾਰਿਆਂ ਤੱਕ ਫੈਲਿਆ ਹੋਇਆ ਹੈ ਪਰੰਤੂ ਰਚਨ-ਪ੍ਰਕਿਰਿਆ ਵਿਚ ਕਲਾਤਮਿਕ ਅੰਸ਼ ਸੰਯੁਕਤ ਹੋ ਕੇ ਕੋਈ ਅਜਿਹਾ ਕਾਵਿਕ ਪੈਰਾਡਾਈਮ ਨਹੀਂ ਸਿਰਜਦੇ ਜਿਸ ਦਾ ਪਾਠ ਕਰਕੇ ਪਾਠਕ ਚਕ੍ਰਿਤ ਹੋ ਜਾਵੇ ਅਤੇ ਉਸ ਦੀ ਕਲਪਨਾ ਵਿਚ ਦ੍ਰਿਸ਼ ਸਾਕਾਰ ਹੋ ਜਾਣ। ਕਈਆਂ ਕਵਿਤਾਵਾਂ ਵਿਚ ਕੁਦਰਤ ਦੀ ਸੁੰਦਰਤਾ ਅਤੇ ਕੁਦਰਤੀ ਦ੍ਰਿਸ਼ਾਂ ਦੇ ਮਾਨਵੀਕਰਨ ਦਾ ਪਰਿਪੇਖ ਵੀ ਆਕਾਰ ਗ੍ਰਹਿਣ ਕਰਦਾ ਹੈ ਪਰੰਤੂ ਇਸ ਪ੍ਰਕਾਰਜ ਵਿਚ ਸੁਹਜਾਤਮਿਕ ਨਵੀਨਤਾ, ਤਾਜ਼ਗੀ ਅਤੇ ਵਿਲੱਖਣਤਾ ਉਤਪੰਨ ਹੋਣ ਤੋਂ ਇਹ ਕਾਵਿ ਉਰੇ ਹੀ ਰਹਿ ਜਾਂਦਾ ਹੈ।

ਆ ਪਿਆਰ ਕਰੀਏ ਇਸ ਤਰ੍ਹਾਂ
ਸਗਲ ਬਨਸਪਤ ਵਿਚ ਸਮਾਈਏ
ਕਾਦਰ ਤੇ ਕੁਦਰਤ ਵਾਂਗ
ਇੱਕ ਹੋ ਜਾਈਏ। (ਆ ਪਿਆਰ ਕਰੀਏ, ਪੰਨਾ 66)

ਇਸ ਸੰਗ੍ਰਹਿ ਵਿਚ ਸੰਮਿਲਤ ਕਵਿਤਾਵਾਂ ਦੀ ਸੰਰਚਨਾ ਤੇ ਜੁਗਤ ਦਾ ਰਹੱਸ ਇਹ ਹੈ ਕਿ ਇਹ

ਜੀਵਨ ਤਜਰਬੇ(ਦੇਸ਼ ਅਤੇ ਪਰਦੇਸ ਦੇ ਵਿਵਹਾਰਕ ਵੇਰਵੇ ਕਵੀ ਦੇ ਸੰਵੇਦਨਸ਼ੀਲ ਮਨ (ਚੇਤਨ-ਅਵਚੇਤਨ) ਨੂੰ ਪ੍ਰਭਾਵਤ ਕਰਕੇ ਮਾਨਸਿਕ ਪ੍ਰਕਿਰਿਆ ਨੂੰ ਜਾਗਰਤ ਉਤਜਤ ਕਰਦੇ ਹਨ। ਫਲ ਸਰੂਪ ਮਨੋਭਾਵਾਂ-ਵਿਚਾਰਾਂ ਦੀ ਪ੍ਰਕਿਰਿਆ ਆਰੰਭ ਹੁੰਦੀ ਹੈ ਜਿਸ ਨੂੰ ਮਕਸੂਦਪੁਰੀ ਆਪਣੇ ਸਟਾਈਲ ਅਤੇ ਸਿਨਟੈਕਸ ਦੀ ਸਮਰੱਥਾ ਨਾਲ ਕਵਿਤਾ ਵਿਚ ਰੂਪਾਂਤਰਨ ਕਰਨ ਦਾ ਪ੍ਰਯਤਨ ਕਰਦਾ ਹੈ। ਪਰੰਤੂ ਉਹ ਉਸ ਵਿਚਾਰ-ਮਨੋਭਾਵ ਦੀਆਂ ਪਦਾਰਥਿਕ, ਸਮਾਜਿਕ ਅਤੇ ਸੱਭਿਆਚਾਰਕ ਪਰਤਾਂ ਨੂੰ ਨਵੀਂ ਬਿੰਬ-ਵਿਧਾਨ ਰਾਹੀਂ ਪ੍ਰਸਤੁਤ ਕਰਕੇ ਕੋਈ ਮਹਾ-ਬ੍ਰਿਤਾਂਤ ਸਿਰਜਣ ਦੀ ਬਜਾਏ ਉਸ ਵਿਚਾਰ-ਮਨੋਭਾਵ ਦੀ ਆਪਣੇ ਚਿੰਤਨ ਅਨੁਸਾਰ ਵਿਆਖਿਆ ਵਾਲਾ ਰਸਤਾ ਅਖਤਿਆਰ ਕਰ ਲੈਂਦਾ ਹੈ। ਫਲਸਰੂਪ ਉਸ ਵਿਚਾਰ-ਮਨੋਭਾਵ ਦਾ ਚਿੰਤਕੀ ਵਿਸਥਾਰ-ਰੂਪ ਤਾਂ ਪ੍ਰਾਪਤ ਹੋ ਜਾਂਦਾ ਹੈ ਪਰੰਤੂ ਕਾਵਿ-ਸੰਰਚਨਾ ਵਿਚ ਊਣਤਾਈ ਰਹਿ ਜਾਂਦੀ ਹੈ। ਮੇਰੀ ਜਾਚੇ, ਮਕਸੂਦਪੁਰੀ ਸਾਹਿਬ ਦੇ ਕਾਵਿ ਦੀ ਇਹ ਹੀ ਸੀਮਾ-ਸਮਰੱਥਾ ਹੈ। ਉਦਾਹਰਣ ਵਜੋਂ-

ਕੰਮ! ਕੰਮ! ਹੀ ਕੰਮ ਜੀਵਨ ਕਦ ਹੈ ਜੀਣਾ
ਜੀਵਨ ਨਹੀਂ   ਬੱਸ ਕੰਮ ਹੀ ਕਰਨਾ,
ਜੀਵਨ ਨਹੀਂ   ਬੱਸ ਖਾਣਾ ਪੀਣਾ,
ਜੀਵਨ ਨਹੀਂ   ਬੱਸ ਜਾਗਣਾ ਸੌਣਾ।

**(ਜੀਵਨ ਕਦ ਹੈ ਜੀਣਾ, ਪੰਨਾ 60)**

ਇਸ ਸੰਗ੍ਰਹਿ ਦੀਆਂ ਕਵਿਤਾਵਾਂ ਦਾ ਰੂਪਕ ਪੱਖ ਵੀ ਹੋਰ ਕਈਆਂ ਸ਼ਾਇਰਾਂ ਦਾ ਬਹੁਤ ਚਿਰ ਪਹਿਲਾਂ ਅਜ਼ਮਾਇਆ ਅਤੇ ਹੰਢਾਇਆ ਹੋਇਆ ਹੈ। ਏਥੇ ਇਕ ਗੁਮਨਾਮ ਕਵੀ ਦੀ 1970 ਵਿਚ ਪ੍ਰਕਾਸ਼ਤ ਪੁਸਤਕ ਵਿਚੋਂ ਇਕ ਕਵਿਤਾ ਦੀਆਂ ਟੂਕਾਂ ਨਾਲ ਤੁਲਨਾ ਕਰਕੇ ਇਹ ਤੱਥ ਸਹਿਜੇ ਹੀ ਉਜਾਗਰ ਹੋ ਜਾਂਦਾ ਹੈ—ਡੂੰਘੀ, ਅਥਰੀ, ਠੋਕਰ ਖਾ ਕੇ/ਦਿਲ ਤੇ ਲਾ ਕੇ/ਕੱਚੀ ਉਮਰੇ, ਸੁਖੀਂ ਸਾਂਦੀ/ ਬੈਠ ਗਈ ਹੈ, ਮਨ ਦਾ ਕੋਈ/ਰੋਗ ਲਵਾ ਕੇ।

ਹੁਣ ਮਕਸੂਦਪੁਰੀ ਸਾਹਿਬ ਦੀ ਇਕ ਕਵਿਤਾ ਦੀਆਂ ਟੂਕਾਂ ਵੇਖੋ - ਵੇਚਣ ਵਾਲਾ, ਕੱਪੜੇ ਵੇਚ, ਉਸਦੀ ਚਿੰਤਾ ਲਾਗਤ ਦੇ ਨਾਲ ਢੋ-ਢੁਆਈ/ਘਸ ਘਸਾਈ/ਕੰਮ ਚਲਾਈ-ਮਕਸੂਦਪੁਰੀ ਕਾਵਿ ਦੀ ਸਭ ਤੋਂ ਗੁਣਨਾਤਮਿਕ ਸਮਰੱਥਾ ਇਹ ਹੈ ਕਿ ਉਹ ਫੈਸ਼ਨ ਵੱਸ ਉੱਤਰ-ਆਧੁਨਿਕ ਜਾਂ ਦੇਹੀਵਾਦ ਦੇ ਖੇਮੇ ਵਿਚ ਸ਼ੁਮਾਰ ਹੋਣ ਲਈ ਅਚੇਤ-ਸੁਚੇਤ ਰੂਪ ਵਿਚ ਪੱਛਮ ਦੇ ਸ਼ਾਇਰਾਂ ਅਤੇ ਪੱਛਮੀ ਰੁਚੀਆਂ ਦਾ ਅਨੁਕਰਣ ਨਹੀਂ ਕਰਦਾ ਸਗੋਂ ਆਪਣੇ ਵਿਰਸੇ ਦੀਆਂ ਤਰੁੱਟੀਆਂ ਨੂੰ ਦੂਰ ਕਰਨ ਦਾ ਇੱਛਕ ਹੁੰਦਾ ਹੋਇਆ ਉਸ ਨੂੰ ਸਮੇਂ ਦਾ ਹਾਣੀ ਬਣਾਉਣ ਦਾ ਪਰਮਾਣ ਦਿੰਦਾ ਹੈ ਭਾਵੇਂ ਕਿ ਇਸ ਦੀਆਂ ਆਪਣੀਆਂ ਸੀਮਾਵਾਂ ਹਨ-

ਮੈਂ ਮਰਾਂਗਾ ਨਹੀਂ ਜਦੋਂ ਤੱਕ
ਮੇਰੇ ਪੁਰਖਿਆਂ ਦਾ
ਸੁਨਹਿਰੀ ਸੁਪਨਾ
ਹਸਤਨਾਪੁਰ ਸੁਰੱਖਿਅਤ ਨਹੀਂ।

**(ਭੀਸ਼ਮ ਪ੍ਰਤਿਗਿਆ, ਸਫ਼ਾ 90)**

ਮਕਸੂਦਪੁਰੀ ਕਾਵਿ ਦਾ ਇਕ ਹੋਰ ਗੁਣ ਭਾਸ਼ਾ ਦੀ ਸਾਦਗੀ ਅਤੇ ਪ੍ਰਗੀਤਕ ਧੁਨੀ ਵਿਚ ਹੈ ਪਰੰਤੂ ਇਸ ਦੀਆਂ ਸੀਮਾਵਾਂ ਵੀ ਪ੍ਰਗਟ ਹੋ ਜਾਦੀਆਂ ਹਨ ਜਦੋਂ ਉਹ ਆਪਣੀ ਅਧਿਅਨ ਅਧਾਰਤ ਸ਼ਬਦਾਵਲੀ ਦੇ ਪ੍ਰਯੋਗ ਵੱਲ ਰੁਚਤ ਹੋ ਜਾਂਦਾ ਹੈ ਜਿਵੇਂ-

ਵਿਸਮਾਦ ਲਿੰਗ
ਵਿਸਮਾਦ ਯੋਨੀ
ਵਿਸਮਾਦ ਸ਼ਿਵ
ਸ਼ਕਤੀ ਦੀ ਹੋਣੀ।

**(ਵਿਸਮਾਦ ਪੰਨਾ 47)**

ਪੰਜਾਬੀ ਸਾਹਿਤ ਦੇ ਮਹਾਂਰਥੀ ਮਰਹੂਮ ਡਾ. ਹਰਭਜਨ ਸਿੰਘ ਹੋਰੀਂ ਮਕਸੂਦਪੁਰੀ ਨੂੰ "ਮਾਰਕਸਵਾਦੀ ਵਿਚਾਰਧਾਰਾ ਅਤੇ ਕਾਰਜਸ਼ੈਲੀ ਪ੍ਰਤੀ ਸਮਰਪਿਤ ਰਿਹਾ ਹੈ" ਦਾ ਸਰਟੀਫਿਕੇਟ ਪ੍ਰਦਾਨ ਕਰਦੇ ਹਨ ਪਰੰਤੂ ਇਸ ਪੁਸਤਕ ਦੇ ਪਾਠ ਉਪਰੰਤ ਮਕਸੂਦਪੁਰੀ ਦਾ ਸਿਧਾਂਤਕ ਬਿੰਬ ਮੁੱਖ ਤੌਰ 'ਤੇ ਇਕ ਸੁਧਾਰਵਾਦੀ-ਅਧਿਆਤਮਕਵਾਦੀ ਵਿਅਕਤੀ ਵਜੋਂ ਹੀ ਉਜਾਗਰ ਹੁੰਦਾ ਹੈ ਭਾਵੇਂ ਕਿ ਉਹ ਇਕ ਇਸ਼ਤਿਹਾਰ ਨਾਮੀ ਆਪਣੀ ਕਵਿਤਾ ਵਿਚ ਧਰਮ ਅਸਥਾਨਾਂ ਉੱਤੇ ਕਾਬਜ਼ ਪੁਜਾਰੀਆਂ ਉੱਤੇ ਖ਼ੂਬ ਵਿਅੰਗ ਕੱਸਦਾ



ਹੈ।

ਇਸ ਕਾਵਿ ਸੰਗ੍ਰਹਿ ਵਿਚ 58 ਕਵਿਤਾਵਾਂ ਹਨ। ਇਹ ਸਜਿਲਦ ਅਤੇ ਪੇਪਰ ਬੈਕ ਦੋਹਾਂ ਹੀ ਸਰੂਪਾਂ ਵਿਚ ਉਪਲਬਦ ਹੈ। ਇਸ ਦੀ ਪ੍ਰਕਾਸ਼ਨਾ ਕੁਕਨੁਸ ਪ੍ਰਕਾਸ਼ਨ ਜਲੰਧਰ ਨੇ ਕੀਤੀ ਹੈ। ਸਜਿਲਦ ਦੀ ਕੀਮਤ 85 ਰੁਪਏ ਜਾਂ ਪੰਜ ਪੌਂਡ ਅਤੇ ਪੇਪਰ ਬੈਂਕ ਦੀ ਕੀਮਤ 50 ਰੁਪਏ ਜਾਂ ਚਾਰ ਪੌਂਡ ਰੱਖੀ ਗਈ ਹੈ। ਇਕ ਪੌਂਡ ਦੀ ਅੱਜ ਦੀ ਕੀਮਤ ਲੱਗਭੱਗ 75 ਰੁਪਏ ਹੈ। ਪਰਵਾਸੀ ਪੰਜਾਬੀ ਪਾਠਕਾਂ ਪ੍ਰਤੀ ਅਜਿਹਾ ਵਤੀਰਾ ਕਿਉਂ ਅਪਣਾਇਆ ਜਾ ਰਿਹਾ ਹੈ? ਇਸ ਪ੍ਰਸ਼ਨ ਦਾ ਉੱਤਰ ਦਿਆਨਤਦਾਰੀ ਨਾਲ ਢੂੰਡਣ ਦੀ ਅਵੱਸ਼ਕਤਾ ਹੈ।

**—(ਗੁਰਨਾਮ ਢਿੱਲੋਂ ਯੂ. ਕੇ.)**

## ਅੱਧੇ ਅਧੂਰੇ *(ਲਾਲ ਸਿੰਘ)*

"ਅੱਧੇ ਅਧੂਰੇ" ਕਥਾਕਾਰ ਲਾਲ ਸਿੰਘ ਦਾ ਪੰਜਵਾਂ ਕਹਾਣੀ ਸੰਗ੍ਰਹਿ ਹੈ। 1984 ਤੋਂ ਲਿਖਦਾ ਆ ਰਿਹਾ ਲੇਖਕ ਲਾਲ ਸਿੰਘ ਇਸ ਤੋਂ ਪਹਿਲਾਂ ਚਾਰ ਕਹਾਣੀ ਸੰਗ੍ਰਹਿ ਪੰਜਾਬੀ ਪਾਠਕਾਂ ਲਈ ਪੇਸ਼ ਕਰ ਚੁੱਕਿਆ ਹੈ। ਲਾਲ ਸਿੰਘ ਤੀਖਣ ਅਨੁਭਵ ਰੱਖਣ ਵਾਲਾ ਇਕ ਉੱਘਾ ਲੇਖਕ ਹੈ। ਇਹ ਹੋਰਨਾਂ ਪੰਜਾਬੀ ਕਥਾਕਾਰਾਂ ਵਾਂਗ ਆਪਣੀਆਂ ਕਹਾਣੀਆਂ ਲਈ ਮਸਾਲਾ ਆਪਣੇ ਆਲੇ-ਦੁਆਲੇ ਵਿਚੋਂ ਨਹੀਂ ਭਾਲਦਾ ਬਲਕਿ ਦੇਸ਼ ਤੋਂ ਪ੍ਰਦੇਸ਼ ਵਿਚ ਵਾਪਰਨ ਵਾਲੀਆਂ ਘਟਨਾਵਾਂ ਤੋਂ ਵੀ ਪ੍ਰਭਾਵਿਤ ਹੁੰਦਾ ਹੈ ਤੇ ਉਹਨਾਂ ਨੂੰ ਆਪਣੀਆਂ ਕਥਾਵਾਂ ਦੇ ਵਿਸ਼ੇ ਬਣਾਉਂਦਾ ਹੈ। ਉਹਦਾ ਦ੍ਰਿਸ਼ਟੀਕੋਣ ਮਾਨਵੀ ਹੈ। ਉਹ ਆਪਣੀਆਂ ਕਥਾਵਾਂ ਵਿਚ ਘਟਨਾਵਾਂ ਦਾ ਬਿਆਨ ਕਰਦਾ ਹੈ। ਉਹਨਾਂ ਨੂੰ ਵਿਅੰਗਆਤਮਿਕ ਢੰਗ ਨਾਲ ਪੇਸ਼ ਕਰਦਾ ਹੈ ਤੇ ਸਹਿਜ ਨਾਲ ਹੀ ਅੰਤ 'ਤੇ ਪੁੱਜ ਜਾਂਦਾ ਹੈ। ਇਸ ਸੰਗ੍ਰਿਹ ਵਿਚ ਵੀ ਉਹਨੇ ਪੰਜਾਬੀ ਸੱਭਿਆਚਾਰ ਤੇ ਸਦਾਚਾਰ ਤੋਂ ਬਾਹਰੇ ਵਿਸ਼ੇ ਲਏ ਹਨ। ਉਹਨਾਂ ਨੂੰ ਵਿਅੰਗਮਈ ਢੰਗ ਨਾਲ ਪੇਸ਼ ਕੀਤਾ ਹੈ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਸੋਰੀ ਜਗਨ' ਇਕ ਕਰੂਰ ਦੁਖਾਂਤ ਨੂੰ ਪੇਸ਼ ਕਰਦੀ ਹੈ ਅਤੇ ਮਨੁੱਖਤਾ ਦੇ ਅਤਿ ਘਿਨੌਣੇ ਕਾਰਨਾਮਿਆਂ ਨੂੰ ਨੰਗਾ ਕਰਦੀ ਹੈ। ਕਥਾ ਦਾ ਘਟਨਾ ਸਥਲ ਕਿਸੇ ਵੀ ਮਹਾਨਗਰ ਦਾ ਪੰਜ ਤਾਰਾ ਹੋਟਲ ਹੋ ਸਕਦਾ ਹੈ। ਜਿਸ ਵਿਚ ਦੇਸੀ ਤੇ ਵਿਦੇਸ਼ੀ ਧਨਾਢ ਲੋਕ ਆਉਂਦੇ ਹਨ ਤੇ ਆਪਣੇ ਅੰਦਰਲੇ ਦਰਿੰਦਿਆਂ ਨੂੰ ਖੁੱਲ੍ਹ ਖੇਡਣ ਦਾ ਮੌਕਾ ਦਿੰਦੇ ਹਨ। ਇਸ ਵਿਚ ਇਕ ਪ੍ਰਦੇਸੀ ਵਿਅਕਤੀ ਮਨੁੱਖੀ ਮਾਸ ਦੀ ਮੰਗ ਕਰਦਾ ਹੈ। ਹਰ ਕਿਸਮ ਦਾ ਮਾਸ ਕੱਟਣ ਵਾਲਾ ਅਖ਼ਤਰ ਆਪਣੇ ਮੁਹੱਲੇ ਦੀ ਮਰੀ ਹੋਈ ਦੋ-ਸਾਲਾ ਬੱਚੀ ਦੀ ਲਾਸ਼ ਕੱਢ ਲਿਆਉਂਦਾ ਹੈ। ਪਰੰਤੂ ਉਸ ਨੂੰ ਮਾਸ ਵਿਚ ਨਹੀਂ ਬਦਲਦਾ, ਮੁੜ ਉਸੇ ਕਬਰ ਵਿਚ ਦੱਬ ਦਿੰਦਾ ਹੈ। ਉਸਦੀ ਆਤਮਾ ਦੇ ਕੋਨੇ ਵਿਚ ਅਜੇ ਵੀ ਮਨੁੱਖਤਾ ਦੀ ਚਿਣਗ ਕਾਇਮ ਹੈ। ਪਰੰਤੂ ਉਹੀ ਅਖਤਰ ਹੋਟਲ ਦੇ ਸਹਾਇਕ ਮੈਨੇਜਰ ਸ਼ਰਮਾ ਦੀ ਪਤਨੀ ਦੇ ਟੋਟੇ-ਟੋਟੇ ਕਰਕੇ ਤੰਦੂਰ ਵਿਚ ਸਿੱਟ ਦਿੰਦਾ ਹੈ। ਇਹ ਸਾਰੀ ਮੱਧ ਕਾਲ ਵਾਲੀ ਬਰਬਰਤਾ ਦੀ ਕਹਾਣੀ ਅੱਜ ਦੇ ਸਰਮਾਏਦਾਰ ਯੁੱਗ ਵਿਚ ਵਾਪਰਦੀ ਹੈ। ਲੇਖਕ ਇਸ ਕਥਾ ਵਿਚ ਮਨੁੱਖਤਾ ਦੇ ਅੱਤ ਡੂੰਘੇ ਟੋਇਆਂ ਵਿਚ ਡਿਗ ਪੈਣ ਦੀ ਗੱਲ ਕਰਦਾ ਹੈ। ਦੂਜੀ ਕਹਾਣੀ 'ਅੱਧੇ ਅਧੂਰੇ' ਹੈ ਜਿਸਤੇ ਇਸ ਸੰਗ੍ਰਹਿ ਦਾ ਨਾਂ ਰੱਖਿਆ ਗਿਆ ਹੈ। ਇਹ ਕਹਾਣੀ ਸਮਾਜ ਅੰਦਰਲੇ ਦਲਿਤਾਂ ਬਾਰੇ ਹੈ। ਦਲਿਤ ਬੇਸ਼ੱਕ ਅੱਜ ਕੱਲ ਵਿਕਾਸ ਕਰ ਗਏ ਹਨ। ਪੜ੍ਹ ਲਿਖ ਕੇ ਅਫਸਰ ਵੀ ਬਣ ਗਏ ਹਨ ਪਰੰਤੂ ਜਗੀਰੂ ਦਬਦਬੇ ਦੇ ਅੱਗੇ ਖੜਨ ਦੀ ਹਾਲੇ ਵੀ ਉਹਨਾਂ ਦੀ ਹਿੰਮਤ ਨਹੀਂ ਪੈਂਦੀ। ਇਸ ਕਹਾਣੀ ਦਾ ਨਾਇਕ ਦਲਿਤ ਵਰਗ ਵਿਚੋਂ ਹੈ ਤੇ ਇਕ ਪੇਂਡੂ ਸਕੂਲ ਵਿਚ ਹੈਡਮਾਸਟਰ ਬਣ ਕੇ ਆਉਂਦਾ ਹੈ। ਇਸੇ ਸਕੂਲ ਵਿਚ ਇਕ ਮੁੰਡਾ ਦੀਪੂ ਹੁੰਦਾ ਹੈ ਜਿਸਨੂੰ ਪਿੰਡ ਦਾ ਧਨੀ ਕਿਸਾਨ ਦਾ ਪੁੱਤਰ ਮਾਸਟਰ ਬੇਹੱਦ ਕੁੱਟਦਾ-ਮਾਰਦਾ ਹੈ। ਹੈੱਡ ਮਾਸਟਰ ਇਹ ਚਾਹੁੰਦਾ ਹੈ ਕਿ ਉਹ ਦੀਪੂ ਦੀ ਮਦਦ ਕਰੇ ਤੇ ਉਹਨੂੰ ਜਬਰ ਤੋਂ ਬਚਾਵੇ ਪਰੰਤੂ ਉਹ ਚਾਹੁੰਦਿਆਂ ਹੋਇਆਂ ਵੀ ਉਸ ਧੱਕੜ ਜਗੀਰੂ ਸੋਚ ਦੇ ਗ੍ਰਸੇ ਮਾਸਟਰ ਦੇ ਧੜੱਲੇ ਅੱਗੇ ਖੜਨ ਦੀ ਹਿੰਮਤ ਨਹੀਂ ਕਰਦਾ। ਇਸ ਤਰ੍ਹਾਂ ਇਸ ਕਥਾ ਦੇ ਪਾਤਰ ਸੰਪੂਰਨ ਮਨੁੱਖ ਨਹੀਂ ਬਣ ਸਕੇ ਬਲਕਿ ਅੱਧੇ-ਅਧੂਰੇ ਹੀ ਰਹਿੰਦੇ ਹਨ। 'ਪੌੜੀ' ਕਥਾ ਇਕ ਦਲਿਤ ਵਿਅਕਤੀ ਦੀ ਹੈ ਜਿਹੜਾ ਪੜ੍ਹਨ ਵਿਚ ਹੁਸ਼ਿਆਰ ਹੁੰਦਾ ਹੈ। ਪਰੰਤੂ ਇਕ ਪ੍ਰੋ. ਦੀ ਜਾਤ-ਪਾਤੀ ਸੋਚ ਦਾ ਸ਼ਿਕਾਰ ਹੁੰਦਾ ਹੈ ਤੇ ਕਾਲਜ ਵਿਚੋਂ ਕੱਢ ਦਿੱਤਾ ਜਾਂਦਾ ਹੈ। ਇਕ ਚੰਗਾ ਗਵੱਈਆ ਬਣ ਸਕਣ ਦੀ ਸਮਰੱਥਾ ਰੱਖਦਾ ਸੀ ਤੇ ਸਮਾਜ ਅੰਦਰ ਚੰਗਾ ਸਥਾਨ ਪ੍ਰਾਪਤ ਕਰ ਸਕਣ ਦੇ ਯੋਗ ਸੀ ਪਰੰਤੂ ਇਸ ਧੱਕੇ ਉਪਰੰਤ ਉਹਦਾ ਕੈਰੀਅਰ ਤਬਾਹ ਹੋ ਜਾਂਦਾ ਹੈ। ਤੇ ਉਹ ਇਕ ਟਰੱਕ ਡਰਾਇਵਰ ਬਣ ਜਾਂਦਾ ਹੈ। ਵਰ੍ਹਿਆਂ ਪਿੱਛੋਂ ਉਹ ਪ੍ਰੋ. ਉਸਦੇ ਟਰੱਕ ਵਿਚ ਚੜ੍ਹ ਜਾਂਦਾ

ਹੈ। ਥੋੜ੍ਹੇ ਚਿਰ ਉਪਰੰਤ ਹੀ ਪ੍ਰੋ. ਨੂੰ ਇਸ ਗੱਲ ਦੀ ਸੋਝੀ ਹੋ ਜਾਂਦੀ ਹੈ ਕਿ ਉਹ ਕਿੱਥੇ ਆ ਗਿਆ ਹੈ? ਉਸ ਦਲਿਤ ਪਾਤਰ ਨਾਲ ਵਾਪਰਿਆ ਤੇ ਕੀਤਾ ਸਾਰਾ ਕੁਝ ਉਸਦੇ ਸਾਹਮਣੇ ਆ ਜਾਂਦਾ ਹੈ। ਉਹ ਉਸਦੀ ਕਰੋਪੀ ਤੋਂ ਭੈ-ਭੀਤ ਹੋ ਜਾਂਦਾ ਹੈ ਤੇ ਇਸਦੇ ਨਾਲ ਹੀ ਆਪ ਭੁਗਤੀ ਜਾਤ-ਪਾਤ ਦੀ ਸਜ਼ਾ ਬਾਰੇ ਵੀ ਦੱਸਦਾ ਹੈ। ਉਹ ਆਪ ਪੰਡਤ ਹੁੰਦਾ ਹੈ। ਪਰੰਤੂ ਉਸਦੀ ਪੜ੍ਹੀ ਲਿਖੀ ਧੀ ਕਿਸੇ ਹੋਰ ਨਾਲ ਅੰਤਰਜਾਤੀ ਵਿਆਹ ਕਰ ਲੈਂਦੀ ਹੈ। ਉਹ ਨਮੋਸ਼ੀ ਦਾ ਮਾਰਾ ਸ਼ਹਿਰ ਛੱਡ ਕੇ ਪਿੰਡ ਆ ਜਾਂਦਾ ਹੈ। ਪਰੰਤੂ ਪਿੰਡ ਵਿਚ ਉਸਦਾ ਭਾਈਚਾਰਾ ਹੋਰ ਵੀ ਜ਼ਲੀਲ ਕਰਦਾ ਹੈ।

'ਐਨਕ' ਜਗੀਰੂ ਵਰਤਾਰੇ ਦੀ ਇਕ ਲੰਮੀ ਕਥਾ ਹੈ ਜਿਸ ਵਿਚ ਢੇਰ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ। ਜਗੀਰਦਾਰੀ ਚੜ੍ਹਤ ਦੇ ਸਮੇਂ ਨਾਇਕ ਜਗੀਰਦਾਰ ਦੀ ਚੜ੍ਹਤ ਹੁੰਦੀ ਹੈ। ਉਸਦੇ ਰਾਹਕ ਤੇ ਮੁਜ਼ਾਰੇ ਉਸਤੋਂ ਡਰਦੇ ਹਨ ਤੇ ਚੁੱਪ ਕਰਕੇ ਬਿਨਾਂ ਕਿਸੇ ਹੀਲ-ਹੁੱਜਤ ਦੇ ਆਪਣੀ ਕਿਰਤ ਲੁਟਾਉਂਦੇ ਹਨ। ਪਰੰਤੂ ਸਮਾਂ ਬਦਲਦਾ ਹੈ ਉਸੇ ਜਗੀਰਦਾਰ ਦਾ ਇਕ ਮੁੰਡਾ ਚੇਤੰਨ ਹੋ ਕੇ ਲੋਕਾਂ ਦੇ ਹੱਕ ਵਿਚ ਖੜ੍ਹਦਾ ਹੈ। ਉਸਦਾ ਦੂਜਾ ਮੁੰਡਾ ਜਗੀਰੂ ਸੱਭਿਆਚਾਰ ਦੇ ਨਾਲ-ਨਾਲ ਬੁਰਜ਼ਵਾ ਸੱਭਿਆਚਾਰ ਵੀ ਗ੍ਰਹਿਣ ਕਰਦਾ ਹੈ। ਉਹ ਰਾਜਸੱਤਾ ਵਿਚ ਭਾਗੀਦਾਰ ਹੋਣ ਲਈ ਰਾਜਨੀਤੀ ਵਿਚ ਹਿੱਸਾ ਪਾਉਂਦਾ ਹੈ। ਦੇਸ਼ ਦੀ ਵੰਡ ਹੁੰਦੀ ਹੈ। ਪੁਰਾਣੇ ਜਗੀਰਦਾਰਾਂ ਦੀ ਥਾਂ ਨਵੇਂ ਜਗੀਰਦਾਰ ਆ ਜਾਂਦੇ ਹਨ ਤੇ ਅੰਤ ਵਿਚ ਪ੍ਰਸਥਿਤੀਆਂ ਹੋਰ ਬਦਲਦੀਆਂ ਹਨ ਤੇ ਜਗੀਰਦਾਰੀ ਢਹਿ-ਢੇਰੀ ਹੋ ਜਾਂਦੀ ਹੈ। ਨਾਇਕ ਸਾਹਮਣੇ ਇਹ ਗੱਲ ਪ੍ਰਤੱਖ ਹੋ ਜਾਂਦੀ ਹੈ। 'ਜਿੰਨ' ਕਹਾਣੀ ਵਿਚ ਅਜੋਕੇ ਸੰਤਾਂ-ਮਹੰਤਾਂ ਦੀ ਤੇ ਲੋਕਾਂ ਦੀ ਮੂੜ ਮੱਤਕਥਾ ਹੈ। ਇਕ ਜੱਟ ਦਾ ਪੁੱਤ ਜ਼ਮੀਨ ਦੇ ਇਕ ਟੁਕੜੇ ਲਈ ਆਪਣੇ ਪਿਉ ਦਾ ਕਤਲ ਕਰ ਦਿੰਦਾ ਹੈ। ਜੇਲੋਂ ਛੁੱਟ ਕੇ ਉਹ ਘਰ ਨਹੀਂ ਜਾਂਦਾ ਬਲਕਿ ਖੇਤ ਵਿਚਲੇ ਪਿੱਪਲ ਹੇਠਾਂ ਬਹਿ ਜਾਂਦਾ ਹੈ। ਜਿਸ ਪਿੱਪਲ ਬਾਰੇ ਲੋਕਾਂ ਵਿਚ ਕਥਾ ਪ੍ਰਚੱਲਿਤ ਸੀ ਕਿ ਇੱਥੇ ਵੱਡਾ 'ਜਿੰਨ' ਰਹਿੰਦਾ ਹੈ। ਆਪਣੇ ਪਿਉ ਦਾ ਕਾਤਲ ਉਹ ਵਿਅਕਤੀ ਥੋੜ੍ਹੇ ਸਮੇਂ ਵਿਚ ਲੋਕਾਂ ਸਾਹਮਣੇ ਵੱਡਾ ਸੰਤ ਬਣ ਕੇ ਉੱਭਰਦਾ ਹੈ। ਉਸਦੀ ਪਹੁੰਚ ਸਰਕਾਰੇ-ਦਰਬਾਰੇ ਹੋ ਜਾਂਦੀ ਹੈ। ਇਕ ਵਿਅਕਤੀ ਜਿਹੜਾ ਜੇਲ੍ਹ ਵਿਚ ਕਦੇ ਉਸ ਨਾਲ ਰਿਹਾ ਹੁੰਦਾ ਹੈ ਵਜ਼ੀਰ ਬਣ ਕੇ ਉਹਦੇ ਡੇਰੇ ਆਉਂਦਾ ਹੈ। ਲੋਕਾਂ ਵਿਚ ਉਸਦੀ ਮਹਿਮਾ ਹੋਰ ਵਧਦੀ ਹੈ। ਉਸਨੂੰ ਆਪਣੇ ਡੇਰੇ ਦੇ ਵਾਧੇ ਲਈ ਕੁਝ ਜ਼ਮੀਨ ਦੀ ਲੋੜ ਹੁੰਦੀ ਹੈ। ਜਿਸਦੀ ਮਾਲਕੀ ਉਸਦੇ ਦੂਜੇ ਭਰਾ ਦੀ ਹੁੰਦੀ ਹੈ। ਪਰ ਯਤਨ ਕਰਨ 'ਤੇ ਵੀ ਉਹ ਭਰਾ ਆਪਣੀ ਜ਼ਮੀਨ ਨਹੀਂ ਛੱਡਦਾ ਬੇਸ਼ੱਕ ਉਹ ਸਕੇ ਭਰਾ ਸਾਹਮਣੇ ਆਪਣੇ-ਆਪ ਨੂੰ ਨਿਤਾਣਾ ਮਹਿਸੂਸ ਕਰਦਾ ਹੈ। 'ਚੂਹਾ' ਅਜੋਕੇ ਲੇਖਕਾਂ ਉੱਤੇ ਇਕ ਕਰੜਾ ਵਿਅੰਗ ਹੈ। ਜਿਸ ਵਿਚ ਲੇਖਕ ਲੋਕਾਂ ਦੇ ਹੱਕ ਵਿਚ ਖੜੋਣ ਦੀ ਥਾਂ ਕੁਰਾਹੇ ਪਏ ਫਿਰਦੇ ਹਨ। ਲੇਖਕ ਇਸ ਸਾਰੀ ਸਥਿਤੀ ਨੂੰ ਵਿਅੰਗਮਈ ਤੇ ਪ੍ਰਤੀਕਮਈ ਢੰਗਾਂ ਨਾਲ ਪੇਸ਼ ਕਰਦਾ ਹੈ। 'ਬਾਕੀ ਦਾ ਸੱਚ' ਕਹਾਣੀ ਬਹੁਤ ਗੁੰਝਲਦਾਰ ਹੈ ਜਿਸ ਵਿਚ ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ। ਇਸ ਵਿਚ ਨਕਲਸਵਾਦ ਦਾ ਵੀ ਵਰਨਣ ਹੈ ਤੇ ਅੱਤਵਾਦ ਦਾ ਵੀ ਪਰੰਤੂ ਇਸ ਸਾਰੇ ਘੜਮੱਸ ਵਿਚ ਨਾਇਕ ਸਭ ਕੁਝ ਕਰਕੇ ਵੀ ਕਿਸੇ ਸਿੱਟੇ 'ਤੇ ਪੁੱਜਣ ਤੋਂ ਅਸਮਰੱਥ ਰਹਿੰਦਾ ਹੈ ਤੇ ਭੰਬਲਭੂਸੇ ਵਿਚ ਪੈ ਕੇ ਘਰੇ ਬਹਿ ਜਾਂਦਾ ਹੈ। 'ਇਕ ਕੰਢੇ ਵਾਲਾ ਦਰਿਆ' ਇਸ ਸੰਗ੍ਰਹਿ ਦੀ ਆਖਰੀ ਕਥਾ ਹੈ ਜਿਸ ਵਿਚ ਅਜੋਕੇ ਬੁਰਜੁਵਾ ਰਾਜਨੀਤਕਾਂ ਦਾ ਚਿਤਰਨ ਹੈ। ਜਿਹੜੇ ਸਾਧਨਹੀਣ ਜਮਾਤ ਨੂੰ ਆਪਣੇ ਹਿੱਤਾਂ ਲਈ ਵਰਤਦੇ ਹਨ। ਇਸ ਜਮਾਤ ਵਿਚੋਂ ਖਰੀਦ ਕੇ ਹੀ ਆਪਣੇ ਚਮਚੇ ਬਣਾਉਂਦੇ ਹਨ। ਇਹਨਾਂ ਰਾਹੀਂ ਫਿਰਕੂ ਫਸਾਦ ਕਰਾਉਂਦੇ ਹਨ। ਕਹਾਣੀ ਦਾ ਨਾਇਕ ਜਾਂ ਅਹਿਮ ਪਾਤਰ ਢੇਰ ਸਾਰੇ ਕਤਲ ਕਰਦਾ ਹੈ ਪਰੰਤੂ ਕਤਲਾਂ ਉਪਰੰਤ ਬਚੀ ਇਕ ਮਾਸੂਮ ਬੱਚੀ ਉਸਦੀ ਮਾਨਸਿਕਤਾ ਨੂੰ ਜਕੜ ਲੈਂਦੀ ਹੈ। ਉਸ ਅੰਦਰ ਦੱਬੀ ਹੋਈ ਮਨੁੱਖਤਾ ਦੀ ਚੰਗਿਆੜੀ ਭਾਂਬੜ ਬਣ ਜਾਂਦੀ ਹੈ। ਇਸ ਕਹਾਣੀ ਤੇ ਪਿਛਲੀ ਕਹਾਣੀ ਵਿਚ ਵਿਸ਼ੇ ਦੇ ਪੱਖੋਂ ਤਕਰੀਬਨ ਸਮਾਨਤਾ ਹੈ ਕੇਵਲ ਵਰਨਣ ਹੀ ਵੱਖ-ਵੱਖਰਾ ਹੈ।

ਲਾਲ ਸਿੰਘ ਆਪਣੀਆਂ ਕਹਾਣੀਆਂ ਵਿਚ ਦਲਿਤਾਂ ਤੇ ਦੱਬੇ-ਕੁਚਲੇ ਲੋਕਾਂ ਦੀਆਂ ਪ੍ਰਸਥਿਤੀਆਂ ਨੂੰ ਵਰਨਣ ਕਰਦਾ ਹੈ। ਇਹਦੇ ਪਾਤਰ ਇਹਨਾਂ ਪ੍ਰਸਥਿਤੀਆਂ ਵਿਚ ਵਿਚਰਦੇ ਹਨ, ਮਹਿਸੂਸ ਕਰਦੇ ਹਨ ਪਰੰਤੂ ਤੀਖਣ ਵਿਰੋਧ ਜਾਂ ਬਗਾਵਤ ਨਹੀਂ ਕਰਦੇ। ਇਸ ਤਰ੍ਹਾਂ ਇਹ ਕਹਾਣੀਆਂ ਕੇਵਲ ਵਰਨਣ ਹੀ ਰਹਿ ਜਾਂਦੀਆਂ ਹਨ। ਕੁਝ ਹੱਦ ਤੱਕ ਵਿਸ਼ਲੇਸ਼ਣ ਵੀ ਕਰਦੀਆਂ ਹਨ। ਪਰੰਤੂ ਅੰਤ ਹਵਾ ਵਿਚ ਲਟਕਦਾ ਰਹਿ ਜਾਂਦਾ ਹੈ। ਲਾਲ ਸਿੰਘ ਆਪਣੀਆਂ ਕਹਾਣੀਆਂ ਵਿਚ ਨਾਵਲ ਦਾ ਮਸਾਲਾ ਤੂੜ ਕੇ ਭਰਦਾ ਹੈ। ਗੱਲ ਗੁੰਝਲਦਾਰ ਤੇ ਸੰਕੇਤਾਂ ਨਾਲ ਕਰਦਾ ਹੈ। ਜਿਸ ਕਾਰਨ ਆਮ ਪਾਠਕ ਦੇ ਉਹਦੀ ਗੱਲ



ਪੱਲੇ ਨਹੀਂ ਪੈਂਦੀ। ਮੈਂ ਇਸਨੂੰ ਇਕ ਲੋਕ ਪੱਖੀ ਸਾਹਿਤਕਾਰ ਲਈ ਔਗੁਣ ਸਮਝਦਾ ਹਾਂ। ਜਕ-ਜਕ ਕੇ ਗੱਲ ਦਾ ਬਿਆਨ ਕਰਨਾ ਜਾਂ ਸਥਾਨਕ ਭਾਸ਼ਾ ਵਰਤਣਾ ਕੁਝ ਥਾਵਾਂ 'ਤੇ ਦਰੁਸਤ ਕਿਹਾ ਜਾ ਸਕਦਾ ਹੈ। ਪਰੰਤੂ ਉਸ ਨੂੰ ਇਕ ਵਿਧੀ ਵਜੋਂ ਵਰਤਣਾ ਠੀਕ ਨਹੀਂ ਹੈ। ਲਾਲ ਸਿੰਘ ਜਿੱਥੇ ਚੇਤਨ ਹੈ ਪ੍ਰਸਥਿਤੀਆਂ ਵਿਚਲੇ ਵਿਰੋਧਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਦਲਿਤਾਂ ਤੇ ਦੱਬੇ-ਕੁਚਲੇ ਲੋਕਾਂ ਦੇ ਹੱਕ ਵਿਚ ਖੜ੍ਹਦਾ ਹੈ। ਉੱਥੇ ਉਸਨੂੰ ਆਪਣੇ ਬਿਆਨ ਵਿਚ ਹੋਰ ਸਪੱਸ਼ਟਤਾ ਲਿਆਉਣ ਦੀ ਲੋੜ ਹੈ ਤਾਂ ਕਿ ਉਸਦੀ ਗੱਲ ਉਹਨਾਂ ਪਾਠਕਾਂ ਤੱਕ ਪੁੱਜ ਸਕੇ ਜਿਹਨਾਂ ਲਈ ਉਹ ਲਿਖਦਾ ਹੈ। ਆਸ ਹੈ ਲਾਲ ਸਿੰਘ ਇਸ ਗੱਲ ਵੱਲ ਧਿਆਨ ਦੇਵੇਗਾ।

ਸੁਰਜੀਤ-ਗਿੱਲ

## ਸਿਲਸਿਲਾ ਜਾਰੀ ਹੈ *(ਡਾ. ਇੰਦਰ ਕੌਰ)*

ਡਾਕਟਰ ਇੰਦਰ ਕੌਰ ਪੰਜਾਬ ਤੋਂ ਬਾਹਰ, ਅਥਵਾ ਬਿਹਾਰ ਵਿਚ ਪੜ੍ਹੀ ਤੇ ਉੱਥੇ ਹੀ ਲੈਕਚਰਾਰ ਵਜੋਂ ਕੰਮ ਕਰਦੀ ਰਹੀ ਹੈ। ਉਹ ਸੰਸਕ੍ਰਿਤ ਦੀ ਵਿਦਵਾਨ ਡਾਕਟਰ ਹੈ ਤੇ ਸੰਸਕ੍ਰਿਤ ਅਤੇ ਹਿੰਦੀ ਵਿਚ ਲਿਖਦੀ ਰਹੀ ਹੈ। 1984 ਦੇ ਦੰਗਿਆਂ ਦੇ ਉਜਾੜੇ ਬਾਅਦ ਉਹ ਪੰਜਾਬ (ਮੋਹਾਲੀ) ਆ ਵੱਸੀ ਹੈ ਤੇ ਹੁਣ ਪੰਜਾਬੀ ਵਿਚ ਲਿਖਣ ਲੱਗ ਪਈ ਹੈ।

ਸਿਲਸਿਲਾ ਜਾਰੀ ਹੈ, ਉਸਦਾ ਪਹਿਲਾ ਕਾਵਿ-ਸੰਗ੍ਰਹਿ ਹੈ ਜੋ ਪਿਛਲੇ ਵਰ੍ਹੇ-ਛਪ ਕੇ ਆਇਆ ਹੈ। ਡਾ. ਇੰਦਰ ਕੌਰ ਦੀ ਕਾਵਿਕ- ਫਿਕਰਮੰਦੀ ਦਾ ਘੇਰਾ ਬੜਾ ਵਿਸ਼ਾਲ ਹੈ। ਜਿੱਥੇ ਕਿਤੇ ਵੀ ਮਨੁੱਖ ਦੀਆਂ ਉਚੇਰੀਆਂ ਕਦਰਾਂ-ਕੀਮਤਾਂ ਦਾ ਘੋਰ ਉਲੰਘਣ ਹੁੰਦਾ ਉਸ ਨੂੰ ਦਿਸਦਾ ਹੈ, ਉਹ ਉਸ ਚਿੰਤਾ ਨੂੰ ਕਾਵਿ-ਰਚਨਾ ਦੇ ਘੇਰੇ ਵਿਚ ਲੈ ਆਉਂਦੀ ਹੈ। "ਸਾਰੇ ਜਹਾਂ ਕਾ ਦਰਦ ਹਮਾਰੇ ਜਿਗਰ ਮੇਂ ਹੈ" ਕਾਵਿ-ਟੁਕ ਉਸ ਉੱਤੇ ਪੂਰੀ ਤਰ੍ਹਾਂ ਢੁੱਕਦੀ ਹੈ।

ਕਵੀ ਦੀ ਕਵਿਤਾ ਵਿਚ ਸਹਿਜ-ਸੁਭਾਵਕਤਾ ਤੇ ਨਿਰ-ਉਚੇਚਤਾ ਹੈ। ਉਸ ਦੀ ਕਾਵਿ- ਸ਼ੈਲੀ ਬੋਲ-ਚਾਲ ਦੇ ਨੇੜੇ ਦੀ ਹੈ। ਸਾਦਗੀ ਤੇ ਸੱਚ ਦੀ ਤਲਾਸ਼ ਉਸ ਦੇ ਪਛਾਣ-ਚਿੰਨ੍ਹ ਹਨ।

ਉਹ ਆਜ਼ਾਦ ਨਜ਼ਮ ਲਿਖਦੀ ਹੈ। ਇਤਿਹਾਸ ਤੇ ਭਾਰਤੀ ਮਿੱਥਿਹਾਸ ਉਸ ਦੀ ਕਾਵਿ-ਰਚਨਾ ਦੇ ਅੰਗ-ਸੰਗ ਹੁੰਦੇ ਹਨ।

ਚੰਗਾ ਹੋਵੇ ਜੇ ਕਵਿੱਤਰੀ ਆਪਣੀ ਕਵਿਤਾ ਵਿਚਲੀ ਸੁਹਜਾਤਮਿਕ-ਘਾਟ ਪ੍ਰਤੀ ਸੁਚੇਤ ਹੋ ਜਾਵੇ ਤੇ ਅਗਲੇਰੀਆਂ ਕਾਵਿ-ਰਚਨਾਵਾਂ ਵਿਚ ਆਪਣੀ ਕਾਵਿ-ਸੰਵੇਦਨਾ ਦੀ ਸੀਮਾ ਨੂੰ ਉਲੰਘ ਕੇ ਅਸਲੋਂ ਨਵੇਂ ਕਾਵਿ-ਦਿਸਹੱਦੇ ਉਜਾਗਰ ਕਰੇ। ਕਾਵਿ-ਸ਼ਿਲਪ ਪੱਖੋਂ ਏਸੇ ਕਾਰਨ ਬਹੁਤ ਵਾਰ ਇਹ ਰਚਨਾ ਪ੍ਰਭਾਵ-ਸ਼ਾਲੀ ਕਾਵਿਕ ਸਰੂਪ ਗ੍ਰਹਿਣ ਨਹੀਂ ਕਰਦੀ। ਚੰਗੇ ਕਵੀ ਦੀ ਯਾਤਰਾ ਦਿਸਦੇ ਸਮਾਜਕ ਤੇ ਰਾਜਸੀ ਯਥਾਰਥ ਤੋਂ ਅਣਦਿਸਦੇ ਸਮਾਜਿਕ ਤੇ ਕਾਵਿਕ- ਸੱਚ ਤੀਕ ਸਫ਼ਰ ਕਰਦੀ ਹੈ। ਪਹਿਲੇ ਸੰਗ੍ਰਹਿ ਦਾ ਸਵਾਗਤ ਕਰਦੇ ਹੋਏ ਆਸ ਕਰਨੀ ਬਣਦੀ ਹੈ ਕਿ ਅਗਲੇਰੀ ਕਾਵਿ-ਸਿਰਜਣਾ ਵਿਚ ਉਹ ਅਜੋਕੀ ਪੰਜਾਬੀ ਕਵਿਤਾ ਦੇ ਹਾਣ ਦੀ ਰਚਨਾ ਕਰੇਗੀ। :-

ਹਰਪ੍ਰੀਤ ਸਿੰਘ ਹੁੰਦਲ (ਡਾ.)

## ਕਿਰਤੀਆਂ ਕਿਰਤ ਕਰੇਂਦਿਆ *(ਇੰਦਰਜੀਤ ਹਸਨਪੁਰੀ)*

'ਕਿਰਤੀਆ ਕਿਰਤ ਕਰੇਂਦਿਆਂ', ਕਾਵਿ-ਸੰਗ੍ਰਹਿ ਇੰਦਰਜੀਤ ਹਸਨਪੁਰੀ ਦੇ ਗੀਤਾਂ ਅਤੇ ਗੀਤ-ਮਈ ਲੰਮੇਰੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਇਹ ਰਚਨਾਵਾਂ ਕਾਫੀ ਲੰਮੇ ਅਰਸੇ ਵਿਚਕਾਰ ਲਿਖੀਦੀਆਂ ਰਹੀਆਂ ਹਨ ਤੇ ਹੁਣ ਉਹਨਾਂ ਵਿਚੋਂ ਇਕ ਨਿਸਚਿਤ ਤੇ ਸੁਚੱਜੀ ਚੋਣ ਕਰਕੇ ਇਹਨਾਂ ਨੂੰ ਨਵਾਂ ਰੂਪ ਦਿੱਤਾ ਗਿਆ ਹੈ। ਹਸਨਪੁਰੀ ਪ੍ਰਮੁੱਖ ਤੌਰ 'ਤੇ ਇਕ ਗੀਤਕਾਰ ਹੈ, ਭਾਵੇਂ ਕਿ ਉਸ ਨੇ ਕੁਝ ਲੰਮੇਰੀਆਂ ਕਾਵਿ-ਰਚਨਾਵਾਂ ਤੇ ਵਿਰੋਲਿਤਰੀਆਂ ਗ਼ਜ਼ਲਾਂ ਆਦਿ ਵੀ ਲਿਖੀਆਂ ਹਨ। ਉਸ ਦਾ ਅਸਲ ਖੇਤਰ ਗੀਤ ਹੈ। ਇਸ ਖੇਤਰ ਦਾ ਉਹ ਸ਼ਾਹ-ਸਵਾਰ ਹੈ। ਉਸ ਦਾ ਕੋਈ ਮੁਕਾਬਲਾ ਨਹੀਂ। ਉਸ ਨੇ ਪ੍ਰਚਲਤ ਲੱਚਰ ਗੀਤਾਂ ਦੇ ਮੁਕਾਬਲੇ ਉੱਤੇ ਨਰੋਏ ਤੇ ਸ਼ਕਤੀਸ਼ਾਲੀ ਗੀਤਾਂ ਦੀ ਰਚਨਾ ਕੀਤੀ ਹੈ। ਉਸ ਦੇ ਗੀਤਾਂ ਦੇ ਨਾਇਕ ਅਥਵਾ ਪਾਤਰ ਪੇਂਡੂ ਔਰਤਾਂ ਤੇ ਮਰਦ ਹਨ। ਇਹ ਖੇਤੀ ਨਾਲ ਸਬੰਧਤ ਛੋਟੇ ਕਿਸਾਨ ਅਤੇ ਪੇਂਡੂ ਖੇਤ-ਮਜ਼ਦੂਰ ਅਥਵਾ ਮਰਦ-ਔਰਤਾਂ ਹਨ। ਵੱਡੇ ਜ਼ਿਮੀਦਾਰਾਂ ਹੱਥੋਂ, ਘਾਹ-ਪੱਠੇ ਲਈ ਹੁੰਦੀ ਔਰਤਾਂ ਤੇ ਮੁਟਿਆਰਾਂ ਦੀ ਸਰਬ-ਵਿਆਪੀ ਲੁੱਟ ਦਾ ਵਰਨਣ ਇਹਨਾਂ ਗੀਤਾਂ ਦਾ ਮੁੱਖ ਵਿਸ਼ਾ ਹੈ।

ਇਹ ਪਾਤਰ ਪੇਂਜਾ, ਮਾਸ਼ਕੀ, ਰਿਕਸ਼ੇਵਾਲਾ, ਸੜਕਾਂ 'ਤੇ ਕੰਮ ਕਰਨ ਵਾਲਾ ਮਜ਼ਦੂਰ, ਘਾਹ ਖੋਤਦੀਆਂ ਕੁੜੀਆਂ ਛੋਟੇ ਕਿਸਾਨ, ਲੁਹਾਰ ਆਦਿ ਹਨ।

ਹਸਨਪੁਰੀ ਦੀ ਭਾਸ਼ਾ, ਮੁਹਾਵਰਾ ਤੇ ਬਿੰਬਾਵਲੀ ਪੇਂਡੂ ਹੈ। ਉਸ ਨੇ ਕਿਰਤੀ-ਵਰਗ ਦੇ ਗੀਤਕਾਰ ਦੇ ਸਾਰੇ ਫਰਜ਼ ਬਾਖੂਬੀ ਨਿਭਾਏ ਹਨ। ਉਹ ਮਜ਼ਦੂਰ ਦੀ ਰਾਜਨੀਤੀ ਦਾ ਗੀਤਾਂ ਰਾਹੀਂ ਪ੍ਰਚਾਰ ਕਰਦਾ ਹੈ ਤੇ ਕਲਾ ਦੀ ਪੱਧਰ ਕਾਇਮ ਰੱਖਦਾ ਹੈ। ਉਸ ਦੇ ਗੀਤ ਮਨੋਰਥਵਾਦੀ ਹਨ। ਇਹ ਕਿਰਤੀ-ਵਰਗ ਨੂੰ ਸੰਘਰਸ਼ ਕਰਨ ਤੇ ਏਕਤਾ ਕਾਇਮ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਹਨਾਂ ਗੀਤਾਂ ਦਾ ਸੰਦੇਸ਼ ਕਰਾਂਤੀਕਾਰੀ ਹੈ।

**ਹਸਨ ਪੁਰੀ ਏਨੇ ਤਿੱਖੇ ਦੰਦੇ ਕੱਢ ਵੇ,**
**ਜ਼ੁਲਮਾਂ ਦੀ ਜੜ੍ਹ ਨੂੰ ਜੋ ਜੜ੍ਹੋਂ ਦੇਣ ਵੱਢ ਵੇ**
**ਸੁੱਕ ਜਾਣ ਇਹ ਨਿਜ਼ਾਮ ਗੰਦੇ ਮੰਦੇ**
**ਲੁਹਾਰਾਂ ਤੇਰੀ ਮਿੰਨਤ ਕਰਾਂ**
**ਛੇਤੀ ਕੱਢ ਮੇਰੀ ਦਾਤੀ ਦੇ ਤੂੰ ਦੰਦੇ।**

ਇਹ ਤੱਥ ਵੀ ਨੋਟ ਕਰਨ ਵਾਲਾ ਹੈ ਕਿ ਪੇਂਡੂ ਖੇਤੀ ਵਿਚ ਮਸ਼ੀਨਰੀ ਦੇ ਆਉਣ ਨਾਲ ਕਈ ਗੀਤਾਂ ਦੇ ਪ੍ਰਸੰਗ ਬਦਲ ਗਏ ਹਨ, ਪਰ ਫਿਰ ਵੀ ਇਹਨਾਂ ਗੀਤਾਂ ਦੀ ਸਾਰਥਕਤਾ ਤੇ ਸੁਹਜ ਖ਼ਤਮ ਨਹੀਂ ਹੋਏ।

ਭਾਵੇਂ ਹਸਨਪੁਰੀ ਪ੍ਰੋੜ ਗੀਤਕਾਰ ਹੈ, ਪਰ ਇਸ ਖੇਤਰ ਵਿਚ ਕੁਝ ਗੱਲਾ ਉਸ ਨਾਲ ਸਾਂਝੀਆਂ ਕਰਨੀਆਂ ਬਣਦੀਆਂ ਹਨ। ਕਈ ਗੀਤ ਬਹੁਤ ਲੰਮੇ ਹਨ। ਗੀਤ ਦੇ ਵੱਧ ਤੋਂ ਵੱਧ ਟੱਪੇ ਪੰਜ-ਛੇ ਹੋਣੇ ਚਾਹੀਦੇ ਹਨ। ਪਰ ਕਈ ਗੀਤ ਸਿੱਧੇ ਤੇ ਸਪੱਸ਼ਟ ਹਨ। ਅਜੋਕੇ ਬਦਲੇ ਹੋਏ ਪ੍ਰਸੰਗਾਂ ਵਿਚ ਮੈਨੂੰ ਕਈ ਗੀਤ ਅਪ੍ਰਸੰਗਕ ਲੱਗਦੇ ਹਨ, ਜਿਵੇਂ ਮਾਸ਼ਕੀ ਪਾਤਰ ਹੁਣ ਨਹੀਂ ਰਹੇ। ਗੀਤਾਂ ਵਿਚ ਉਹ ਕਿਸੇ ਨਵੇਂ ਸੁਹਜ ਜਾਂ ਬਿੰਬ ਦੀ ਸਿਰਜਣਾ ਘੱਟ ਕਰਦਾ ਹੈ, ਪ੍ਰਚਲਤ ਕਾਵਿ-ਵਿਧੀਆਂ ਦੀ ਹੀ ਵਰਤੋਂ ਕਰਦਿਆਂ ਕਈ ਗੀਤ ਰਵਾਇਤੀ ਭਾਂਤ ਦੇ ਵੀ ਪ੍ਰਤੀਤ ਹੋਣਗੇ। ਬਦਲਦੀਆਂ ਸਮਾਜਕ ਪ੍ਰਸਥਿਤੀਆਂ ਵਿਚ ਉਹਨਾਂ ਗੀਤਾਂ ਦਾ ਸਾਹਿਤਕ, ਸੱਭਿਆਚਾਰਕ ਤੇ ਇਤਿਹਾਸਕ ਮਹੱਤਵ ਹੈ। ਇਹ ਗੀਤ ਬੀਤ ਗਏ ਤੇ ਬਦਲਵੇਂ ਪੇਂਡੂ ਸੱਭਿਆਚਾਰ ਦੀਆਂ ਸਾਹਿਤਕ ਦਸਤਾਵੇਜ਼ਾਂ ਹਨ। ਇਹਨਾਂ ਦੀ ਪੁਨਰ-ਪ੍ਰਕਾਸ਼ਨ ਨਾਲ ਇਕ ਵਾਰ ਫੇਰ ਹਸਨਪੁਰੀ ਦੇ ਵਡਮੁੱਲੇ ਗੀਤਾਂ ਦਾ ਜ਼ਿਕਰ ਹੋਵੇਗਾ। ਹਸਨਪੁਰੀ ਦੇ ਇਹ ਗੀਤ ਕਿਰਤ ਦੇ ਪਹਿਰੇਦਾਰ ਦੀਆਂ ਕਾਵਿ-ਰਚਨਾਵਾਂ ਹਨ। ਅਜਿਹੇ ਕੀਮਤੀ ਸੱਭਿਆਚਾਰਕ ਸਰਮਾਏ ਦੀ ਸੰਭਾਲ ਇਕ ਵੱਡਾ ਸੱਭਿਆਚਾਰਕ ਉਪਰਾਲਾ ਹੈ। ਐਪਰ ਬਦਲਦੇ ਹੋਈ ਪੇਂਡੂ ਦ੍ਰਿਸ਼ਟਾਵਲੀ ਵਿਚ ਉਸ ਦਾ ਬਿੰਬ-ਵਿਧਾਨ ਵੀ ਬਦਲਣਾ ਚਾਹੀਦਾ ਹੈ। ਅਰਥਾਤ ਹਰ ਗੀਤ ਨਾਲ ਵੀ ਨਵੇਂ ਸੁਹਜ ਹੀ ਸਿਰਜਣਾ ਵੀ ਕਰੇ। ਆਸ ਹੈ ਅਗਲੇਰੀਆਂ ਰਚਨਾਵਾਂ ਵਿਚ ਉਹ ਇਸ ਪੱਖੋਂ ਵਧੇਰੇ ਸੁਚੇਤ ਹੋਵੇਗਾ। ਵਿਸ਼ਵ-ਭਾਰਤੀ ਪ੍ਰਕਾਸ਼ਨ ਦੀ ਇਹ ਪ੍ਰਕਾਸ਼ਨਾ ਪ੍ਰਸੰਸਾ ਦੀ ਹੱਕਦਾਰ ਹੈ। ਭੂਮਿਕਾ ਵਿਚ ਦਿੱਤੇ ਪਰਿਵਾਰਕ ਵੇਰਵਿਆਂ ਦੀ ਬਹੁਤੀ ਲੋੜ ਨਹੀਂ ਸੀ।

ਹਰਪ੍ਰੀਤ ਸਿੰਘ ਹੁੰਦਲ-(ਡਾ.)


ਹਰਭਜਨ ਸਿੰਘ ਹੁੰਦਲ ਦੇ 14 ਕਾਵਿ-ਸੰਗ੍ਰਹਿ ਇੱਕੋ ਜਿਲਦ ਵਿੱਚ
(ਸੰਨ 1965-2000 ਤੀਕ ਦੀ ਸਮੁੱਚੀ ਕਾਵਿ-ਰਚਨਾ)

**ਕਵਿਤਾ ਦੀ ਤਲਾਸ਼**

ਪੰਨੇ 440- ਮੁੱਲ:- ਪੇਪਰ - ਬੈਕ 100/-

ਮਿਲਣ ਦਾ ਪਤਾ :- ਕੁਕਨੁਸ ਪ੍ਰਕਾਸ਼ਨ
ਨਵਾਂ ਜ਼ਮਾਨਾ ਬੁੱਕ ਸ਼ਾਪ, ਨਹਿਰੂ ਗਾਰਡਨ ਰੋਡ, ਜਲੰਧਰ





# ਚਿਰਾਗ਼ (ਤਿਮਾਹੀ)

## ਅਕਤੂਬਰ-ਦਸੰਬਰ 2003



ਸੰਪਾਦਕ : ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)


## ਤਤਕਰਾ


- ਸੰਪਾਦਕੀ ਟਿੱਪਣੀਆਂ — ੧. ਰੀਵੀਊਕਾਰੀ ਦੀਆਂ ਔਕੜਾਂ, ੨. ਏਕਤਾ ਤੇ ਅਮਲ ਦੀ ਲੋੜ, ੩. ਕੁਝ ਚਿਰਾਗ਼ ਬਾਰੇ
- ਇਸ ਵਾਰ ਦਾ ਕਵੀ — ਡਾ. ਰਵਿੰਦਰ ( ਚਾਰ ਕਵਿਤਾਵਾਂ ਤੇ ਦੋ ਗ਼ਜ਼ਲਾਂ)
- ਗੁਰਦੀਪ — ਅੱਠ ਗ਼ਜ਼ਲਾਂ
- ਰੇਖਾ ਚਿੱਤਰ — ਭੱਗੀ ਹੋਈ ਚੋਲੀ ਵਾਲਾ ਦਰਵੇਸ਼ - ਗੁਰਦੀਪ (ਪ੍ਰੇਮ ਸਾਹਿਲ)
- ਗ਼ਜ਼ਲਾਂ — ਜਸਵਿੰਦਰ, ਨਿਰਮਲ ਪ੍ਰਸੰਨ
- ਨਜ਼ਮਾਂ — ਵਰਿੰਦਰ ਪ੍ਰੀਹਾਰ, ਤਰਸੇਮ
- ਭਾਰਤੀ ਕਵਿਤਾ — ਸੱਤ ਪ੍ਰਕਾਸ਼ ਉੱਪਲ ਦੀਆਂ ਪੰਜ ਹਿੰਦੀ ਕਵਿਤਾਵਾਂ
- ਵਿਦੇਸ਼ੀ ਕਹਾਣੀ — ਸੇਲਜ਼-ਗਰਲ (ਚੀਨੀ ਕਹਾਣੀ) (ਹਾਂਗ ਇੰਗ)
- ਯਾਤਰਾ ਲੇਖ — ਸੁਨਹਿਰਾ -ਪੁਲ (ਬਲਵੰਤ ਗਾਰਗੀ)
- ਸਿਮ੍ਰਿਤੀਆ — ਨਾਜ਼ਿਮ ਹਿਕਮਤ ਦਾ ਮੁਕੱਦਮਾ (ਹਰਭਜਨ ਸਿੰਘ ਹੁੰਦਲ)
- ਪੰਜਾਬੀ ਕਹਾਣੀ — ਧੂੜ ਵਿਚ ਪਏ ਸੁਆਲ (ਸੁਰਜੀਤ ਬਰਾੜ)
- ਮੁਲਾਂਕਣ — ਸਮਕਾਲੀ ਪੰਜਾਬੀ ਕਹਾਣੀ ਦੇ ਪੈਟਰਨ ਤੇ ਸਰੋਕਾਰ (ਡਾ. ਸੁਖਵਿੰਦਰ ਸਿੰਘ ਰੰਧਾਵਾ। ਕਵਿਤਾ ਦੀ ਤਲਾਸ਼ (ਡਾ. ਸੁਰਿੰਦਰ ਸ਼ਾਂਤ) ਨਚੀਕੇਤਾ ਦੀ ਮੌਤ (ਡਾ. ਬਲਦੇਵ ਸਿੰਘ ਧਾਲੀਵਾਲ
- ਪੁਸਤਕ ਪੜਚੋਲ — ਆਥਣ ਵੇਲਾ (ਗੁਰਨਾਮ ਢਿਲੋਂ) ਅੱਧੇ ਅਧੂਰੇ ( ਸੁਰਜੀਤ ਗਿੱਲ) ਸਿਲਸਿਲਾ ਜਾਰੀ ਹੈ। ਕਿਰਤੀ ਕਿਰਤ ਕਰੇਂਦਿਆ (ਡਾ. ਹਰਪ੍ਰੀਤ ਸਿੰਘ ਹੁੰਦਲ)।
- ਮੱਖ ਚਿਤਰ : ਸਵੈ ਚਿਤਰ (ਅਮ੍ਰਿਤਾ ਸ਼ੇਰਗਿੱਲ)



Postal Address :
Harbhajan Singh Hundal,
V. Fatu Chak,
P.O. Dhilwan,
Distt.Kapurthala - 144804
(Pb.) India.
Phone No. 01822-273188


| ਚੰਦਿਆਂ ਦਾ ਵੇਰਵਾ ---- | : |
|---|---|
| ਦੇਸ਼ ਵਾਰਸ਼ਿਕ | : ੫੦ ਰੁ. |
| ਇਕ ਪਰਚਾ | : ੧੫ ਰੁ. |
| ਸੰਸਥਾਵਾਂ (ਵਾਰਸ਼ਿਕ) | : ੭੦ ਰੁ. |
| ਵਿਦੇਸ਼, ਯੂ.ਕੇ. | : ੫ ਪੌਂਡ |
| ਵਾਰਸ਼ਿਕ (ਹੋਰ ਦੇਸ਼) | : ੩੦੦ ਰੁ. |

ਨੋਟ- ਸਾਰੇ ਚੈੱਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ਼ ਦੇ ਨਾਂ ਭੇਜੇ ਜਾਣ

ਚਿਰਾਗ਼ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9 1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।


ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼, 203-ਏ, ਭਾਈ ਦਿੱਤ ਸਿੰਘ ਨਗਰ, ਜਲੰਧਰ (ਫੋਨ: 5081877) ਤੋਂ ਛਪਵਾ ਕੇ, ਭਾਈ ਰਤਨ ਸਿੰਘ ਟਰੱਸਟ ਬਿਲਡਿੰਗ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ : ਅਕਤੂਬਰ 2003

**Chiragh Quarterly** **October-December-2003**
**Registered with the Registrar of News-Papers of India No- PUN-PUN O 2276/AL/TC94**


# ਕੁਕਨੁਸ ਪ੍ਰਕਾਸ਼ਨ ਜਲੰਧਰ

## *ਵੱਲੋਂ ਛਪੀਆਂ ਕਿਤਾਬਾਂ*

**ਭਲਾ ਇਹ 'ਕੁਕਨੁਸ' ਕੀ ਬਲਾ ਹੋਈ !**

ਇਕ ਅਜਿਹਾ 'ਅਦਾਰਾ' ਜੋ ਲਾਇਬ੍ਰੇਰੀਆਂ 'ਤੇ ਮੁਨੱਸਰ ਨਾ ਰਹਿ ਕੇ ਸਿਰਫ ਪਾਠਕਾਂ ਵੱਲ ਧਿਆਨ ਦੇ ਕੇ ਉਹਨਾਂ ਦੀ ਇਕੋ-ਇਕ ਮੰਗ 'ਕਿਤਾਬ ਕਿਫ਼ਾਇਤੀ ਵੀ ਹੋਵੇ ਤੇ ਮਿਆਰੀ ਵੀ' ਉਪਰ ਖਰਾ ਉੱਤਰ ਰਿਹਾ ਹੈ। ਹੁਣ ਤੱਕ ਇਹ ਪ੍ਰਕਾਸ਼ਨ ਪਾਠਕਾਂ ਲਈ ਸੌ ਕਿਤਾਬਾਂ ਛਾਪ ਚੁੱਕਾ ਹੈ ਜਿਹਨਾਂ ਵਿਚ ਕੁਝ ਇਹ ਹਨ-

**ਵਿਸ਼ਵ-ਸਾਹਿਤ ਲੜੀ** : ਫਰੈਂਚ ਨਾਵਲ- 'ਰਾਤ', 'ਪਹੁ-ਫੁਟਾਲਾ', 'ਦੁਰਘਟਨਾ' (ਐਲੀ ਵਾਈਜ਼ਲ) ਰੇਤ ਦਾ ਦਰਵਾਜ਼ਾ (ਤਾਹਿਰ ਬਿਨ ਜੈਲੋਨ) ਬੁੱਢਾ ਜੋ ਇਸ਼ਕੀਆਂ ਕਹਾਣੀਆਂ ਪੜ੍ਹਦਾ (ਲੂਈ ਸੈਪਲ ਵੈਦਾ)

**ਰੂਸੀ ਨਾਵਲ** : ਚਾਨਣੀਆਂ ਪੈੜਾਂ (ਤਿਖੋਨ ਸਾਈਮੁਸ਼ਕਿਨ) ਪਾਕਿਸਤਾਨੀ ਨਾਵਲ- ਪੰਧ (ਅਫ਼ਜ਼ਲ ਅਹਿਸਨ ਰੰਧਾਵਾ) ਕਮਜ਼ਾਤ (ਫ਼ਖਰ ਜ਼ਮਾਂ) ਇਕ ਸਮੁੰਦਰ ਪਾਰ, ਤ੍ਰੇਹ (ਮੀਰ ਤਨਹਾ ਯੂਸਫੀ) ਜੀਵਨ ਯਾਦਾਂ (ਪਾਬਲੋ ਨੇਰੂਦਾ) ਜਾਪਾਨੀ ਕਹਾਣੀਆਂ, ਗੋਰਕੀ ਦੀਆਂ ਕਹਾਣੀਆਂ, ਪਾਕਿਸਤਾਨੀ ਕਹਾਣੀਆਂ, ਬਿਹਾਰ ਦੀਆਂ ਕਹਾਣੀਆਂ,

**ਚੋਣਵੀਂ ਕਵਿਤਾ** : ਨਾਜ਼ਿਮ ਹਿਕਮਤ, ਹਬੀਬ ਜਾਲਿਬ, ਪਰਵੀਨ ਸ਼ਾਕਿਰ, ਮਹਿਮੂਦ ਦਰਵੇਸ਼, ਪਾਬਲੋ ਨੇਰੂਦਾ ਅਤੇ ਟੈਗੋਰ ਦੀ ਗੀਤਾਂਜਲੀ, ਮਹਿਮੂਦ ਦਰਵੇਸ਼ (ਚੋਣਵੀਂ ਕਵਿਤਾ)।

**ਖ਼ਤ ਲੜੀ** : ਫੈਜ਼ ਅਹਿਮਦ ਫੈਜ਼, ਖਲੀਲ ਜਿਬਰਾਨ, ਸੁਆਦਤ ਹਸਨ ਮੰਟੋ, ਮਿਰਜ਼ਾ ਗਾਲਿਬ ਅਤੇ ਪ੍ਰੇਮ ਚੰਦ ।

**ਕਹਾਣੀਆਂ** : ਗੁਰਦੇਵ ਰੁਪਾਣਾ, ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ, ਗੁਲਜ਼ਾਰ ਸਿੰਘ ਸੰਧੂ, ਰਵਿੰਦਰ ਰਵੀ, ਜਸਵੰਤ ਸਿੰਘ ਵਿਰਦੀ, ਦਲਬੀਰ ਚੇਤਨ, ਪ੍ਰੇਮ ਗੋਰਖੀ, ਲਾਲ ਸਿੰਘ, ਰਾਜਿੰਦਰ ਕੌਰ, ਸੁਕੀਰਤ, ਪ੍ਰੀਤਮਾ ਦੁਮੇਲ, ਜਸਵੀਰ ਰਾਣਾ, ਦਵਿੰਦਰ ਮੰਡ, ਗੁਰਮੀਤ ਕੜਿਆਲਵੀ ਅਤੇ ਜਸਵੀਰ ਕਲਸੀ ਦੇ ਕਹਾਣੀ ਸੰਗ੍ਰਹਿ।

**ਨਾਵਲ**- ਹਰ ਆਦਮੀ ਦਾ ਡਰ (ਕੁਲਦੀਪ ਬੱਗਾ), ਮਰਦ ਵਿਚਲੀ ਔਰਤ (ਅਜਾਇਬ ਕਮਲ), ਸੁਲਘਦਾ ਸੱਚ (ਅਜੀਤ ਰਾਹੀ), ਪੀਤੂ (ਪਰਮਜੀਤ ਜੱਜ), ਪਰਾਈ ਧਰਤੀ (ਇਕਬਾਲ ਅਰਪਨ), ਧੁਖਦਾ ਗੋਹਟਾ (ਹਰਨੇਕ ਹੇਅਰ)।

**ਕਵਿਤਾਵਾਂ/ਗ਼ਜ਼ਲਾਂ** : ਸਰਦਾਰ ਪੰਛੀ, ਇਫਤਿਖਾਰ ਨਸੀਮ, ਸੁਖਪਾਲ, ਸੁਰਿੰਦਰ ਸੋਹਲ, ਸ਼ਹਰਯਾਰ, ਮਨਮੋਹਨ, ਕ੍ਰਿਸ਼ਨ ਭਨੋਟ, ਹਰਭਜਨ ਹੁੰਦਲ, ਪ੍ਰਮਿੰਦਰਜੀਤ (ਸੰਪਾਦਨ), ਜਗਤਾਰਜੀਤ, ਹਰਵਿੰਦਰ ਭੰਡਾਲ, ਸ਼ਿਵਨਾਥ, ਬਲਵਿੰਦਰ ਸੰਧੂ, ਹਰਮੀਤ ਵਿਦਿਆਰਥੀ, ਸੋਮਾ ਸਬਲੋਕ, ਗੁਰਦਿਆਲ ਪੱਲ੍ਹਾ, ਭੁਪਿੰਦਰ ਪ੍ਰੀਤ, ਕੰਵਲਜੀਤ ਭੁੱਲਰ, ਰਾਮ ਸਿੰਘ ਚਾਹਲ, ਮਦਨਵੀਰਾ, ਜਗੀਰ ਜੋਸਨ ਅਤੇ ਦਰਸ਼ਨ ਬੁ ਦਵੀ ਦੇ ਕਾਵਿ-ਸੰਗ੍ਰਹਿ।

**ਵਿਸ਼ਵ ਚਿੰਤਨ ਲੜੀ** : ਸਮਕਾਲੀ ਮਾਰਕਸੀ ਚਿੰਤਨ, ਮਾਰਕਸੀ ਵਿਸ਼ਵ ਚਿੰਤਨ (ਡਾ. ਭੀਮ ਇੰਦਰ ਸਿੰਘ)

**ਵਾਰਤਕ/ਸਫ਼ਰਨਾਮੇ** : ਅਰਜਨ ਸਿੰਘ ਗੜਗੱਜ ਦੀ ਸਮੁੱਚੀ ਰਚਨਾ, ਸ਼ਿਵ ਵਰਮਾ, ਵਰਿਆਮ ਸਿੰਘ ਸੰਧੂ, ਡਾ. ਰਜਨੀਸ਼ ਬਹਾਦਰ ਸਿੰਘ, ਡਾ. ਗੁਰਚਰਨ ਸਿੰਘ ਮਹਿਤਾ, ਤਸਕੀਨ-ਹਰਵਿੰਦਰ ਭੰਡਾਲ ਅਤੇ ਗੁਰਚਰਨ ਸੱਗੂ ਦੀਆਂ ਵਾਰਤਕ ਪੁਸਤਕਾਂ, ਉਪਰੋਕਤ ਕਿਤਾਬਾਂ ਤੋਂ ਬਿਨਾਂ ਪੱਚੀ ਹੋਰ ਕਿਤਾਬਾਂ।

ਇਹਨਾਂ ਕਿਤਾਬਾਂ ਨਾਲ ਸਾਡੇ ਸਹਿਯੋਗੀ ਬਣੋ ਤਾਂ ਜੋ ਅਸੀਂ ਆਉਂਦੇ ਵਰ੍ਹਿਆਂ 'ਚ ਤੁਹਾਡੇ ਲਈ ਢੇਰਾਂ ਹੋਰ ਕਿਤਾਬਾਂ ਛਾਪ ਸਕੀਏ।

ਸਹਿਯੋਗ ਰਾਸ਼ੀ : ਪੰਜ ਹਜ਼ਾਰ ਰੁਪਏ

(ਪੰਜ ਸਾਲ ਬਾਅਦ ਪੂਰੀ ਦੀ ਪੂਰੀ ਰਕਮ ਦੀ ਵਾਪਸੀ)

ਸਹਿਯੋਗ ਰਾਸ਼ੀ ਮਿਲਣ 'ਤੇ ਉਪਰੋਕਤ ਸੌ ਕਿਤਾਬਾਂ ਅਤੇ ਆਉਂਦੇ ਪੰਜ ਸਾਲਾਂ ਤੱਕ ਛਪਣ ਵਾਲੀਆਂ ਕਿਤਾਬਾਂ ਤੁਹਾਡੇ ਤੱਕ ਪਹੁੰਚਦੀਆਂ ਰਹਿਣਗੀਆਂ

ਨੋਟ : ਬਦੇਸ਼ੀ ਸੱਜਣਾ ਲਈ ਡਾਕ ਖ਼ਰਚ ਵੱਖਰਾ।

## ਸੰਪਰਕ : ਕੁਕਨੁਸ ਪ੍ਰਕਾਸ਼ਨ/ਨਵਾਂ ਜ਼ਮਾਨਾ ਬੁੱਕ ਸ਼ਾਪ

ਨਹਿਰੂ ਗਾਰਡਨ ਰੋਡ ਜ ਧਰ।

ਫੋਨ ੨੨੧੪੦੨੯ (ਘਰ), ੨੨੨੦੨੯੦, ੨੨੩੦੪੬੬, ੫੧੭੯੦੫੨